# ਸ਼੍ਰੀ ਦਸ਼ਵੇਂਕਾਲਿਕ ਸੂਤਰ

# Shri Dasvaikalika Sutra



ਭਗਵਾਨ ਮਹਾਵੀਰ


ਪੰਜਾਬੀ ਅਨੁਵਾਦਕ:

ਪੁਰਸ਼ੋਤਮ ਜੈਨ

ਰਵਿੰਦਰ ਜੈਨ



ਪ੍ਰਕਾਸ਼ਕ:

੨੬ ਵੀਂ ਮਹਾਵੀਰ ਜਨਮ ਕਲਿਆਨਕ ਸ਼ਤਾਵਦੀ ਸੱਯੋਜਿਕਾ ਸੰਮਤੀ ਪੰਜਾਬ

ਪੂਰਾਣਾ ਬੱਸ ਸਟੈਂਡ ਮਹਾਵੀਰ ਸਟਰੀਟ, ਮਾਲੇਰਕੋਟਲਾ ਜ਼ਿਲ੍ਹਾ ਸੰਗਰੂਰ

# ਭੂਮਿਕਾ

ਭਾਰਤੀ ਸੰਸਕ੍ਰਿਤੀ ਨੂੰ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਨ।

੧. ਸ੍ਰਮਣ ਸੰਸਕ੍ਰਿਤੀ, ੨. ਬ੍ਰਾਹਮਣ ਸੰਸਕ੍ਰਿਤੀ

ਬ੍ਰਾਹਮਣ ਸੰਸਕ੍ਰਿਤੀ ਵਿਚ ਗ੍ਰਹਿਸਥੀ ਧਰਮ ਨੂੰ ਮਹਾਨਤਾ ਦਿੱਤੀ ਗਈ ਹੈ ਅਤੇ ਵੇਦਾ ਵਿਚ ਜੀਵਨ ਦਾ ਉਦੇਸ਼ ਸਵੱਰਗ ਪ੍ਰਾਪਤੀ ਹੈ, ਮਨੁਸਮਰਿਤੀ ਵਿੱਚ ਆਖਿਆ ਗਿਆ ਹੈ, "ਅਗਨੀ ਹੋਤਰ ਆਦਿ ਕਰਨ ਵਾਲਾ ਗ੍ਰਹਿਸਥ ਸਰੇਸ਼ਟ ਹੈ" ॥੧॥

ਉਹ ਤਿੰਨ ਧਰਮਾਂ ਦਾ ਪਾਲਨ ਕਰਦਾ ਹੈ। ਮਹਾਂਭਾਰਤ ਵਿਚ ਵੀ ਗ੍ਰਹਿਸਥ ਧਰਮ ਨੂੰ ਜਯੇਸਠ ਧਰਮ ਕਿਹਾ ਗਿਆ ਹੈ। ॥੨॥

ਜਦ ਸ੍ਰਮਣ ਸੰਸਕ੍ਰਿਤੀ ਵਿਚ ਸਾਧੂ (ਸ੍ਰਮਣ) ਜੀਵਨ ਦੀ ਮਹਾਨਤਾ ਨੂੰ ਉੱਚਾ ਮੰਨਿਆ ਗਿਆ ਹੈ।

ਕਈ ਖੋਜਿਆਂ ਦਾ ਮਤ ਹੈ ਕਿ ਸ੍ਰਮਣ ਸੰਸਕ੍ਰਿਤੀ ਦੇ ਸੰਪਰਕ ਵਿਚ ਆਉਣ ਤੋਂ ਪਹਿਲਾ ਬ੍ਰਾਹਮਣ ਸੰਸਕ੍ਰਿਤੀ ਵਿਚ ਦੋ ਆਸ਼ਰਮ (ਬ੍ਰਹਮਚਰਜ ਤੇ ਗ੍ਰਹਿਸਥ) ਹੀ ਸਨ। ਜਦੋਂ ਸ਼੍ਰਮਣ ਸੰਸਕ੍ਰਿਤੀ ਦਾ ਪ੍ਰਭਾਵ ਚਹੁ ਪਾਸੇ ਫੈਲਿਆ, ਤਾਂ ਵਾਨਪ੍ਰਸਥ ਤੇ ਸਨਿਆਸ ਆਸ਼ਰਮ ਵੀ ਹਿੰਦੂ (ਬ੍ਰਾਹਮਣ) ਧਰਮ ਅੰਗ ਬਨ ਗਏ।

ਸ਼੍ਰਮਣ ਸੰਸਕ੍ਰਿਤੀ ਆਦਿ ਕਾਲ ਤੋਂ ਹੀ ਸ੍ਰਮਣਾ ਦਾ ਮਹੱਤਵ ਰਿਹਾ ਹੈ ਇੱਥੇ ਜੀਵਨ ਨੂੰ ਕਿਸੇ ਆਸ਼ਰਮ ਵਿਚ ਨਹੀਂ ਰੱਖਿਆ ਗਿਆ। ਹਾਂ ਜੇ ਕੋਈ ਮਨੁੱਖ ਸਾਧੂ ਨਹੀਂ ਬਨ ਸਕਦਾ, ਤਾਂ ਉਹ ਗ੍ਰਹਿਸਥ ਦੇ ੧੨ ਵਰਤ ਅੰਗੀਕਾਰ ਕਰਕੇ ਘਰ ਵਿਚ ਸਾਧਨਾ ਕਰ ਸਕਦਾ ਹੈ ਪਰ ਮਹੱਤਵ ਸ੍ਰਮਣ ਸੰਸਕ੍ਰਿਤੀ ਵਿਚ ਸਨਿਆਸ ਦਾ ਹੀ ਹੈ। ਕਿਉਂਕਿ ਗ੍ਰਹਿਸਥ ਇਨ੍ਹਾਂ ਵਰਤਾਂ ਨੂੰ ਸਵੀਕਾਰ ਕਰਦੇ ਆਖਦਾ ਹੈ।

"ਮੈਂ ਸ਼੍ਰਮਣ ਧਰਮ ਦਾ ਪਾਲਨ ਕਰਨ ਵਿਚ ਅਸਮਰਥ ਹਾਂ ਅਤੇ ਉਸ ਕਠੋਰ ਆਚਾਰ ਸੰਘਿਤਾ ਨੂੰ ਨਿਭਾਨਾ ਮੇਰੇ ਲਈ ਸੰਭਵ ਨਹੀਂ। ਮੈਂ ਇਨ੍ਹਾਂ ਨੂੰ ਗ੍ਰਹਿਣ ਕਰਨ ਵਿੱਚ ਅਸਮਰਥ ਹਾਂ ਇਸ ਲਈ ਮੈਂ ਸ਼੍ਰਾਵਕ ਦੇ ੧੨ ਵਰਤ ਗ੍ਰਹਿਣ ਕਰਦਾ ਹਾਂ"

"ਗ੍ਰਹਿਸਥ ਆਸ਼ਰਮ ਵਿਚ ਰਹਿ ਕੇ ਗ੍ਰਹਿਸਥ ਇਹੋ ਸੋਚਦਾ ਹੈ ਕਿ ਉਹ ਦਿਨ ਧੱਨ ਹੋਵੇਗਾ ਜਦੋਂ ਮੈਂ ਸ਼੍ਰਮਣ ਧਰਮ ਨੂੰ ਗ੍ਰਹਿਣ ਕਰਕੇ ਜੀਵਨ ਸਾਰਥਕ ਕਰਾਂਗਾ"

ਸ਼੍ਰੀ ਉਤਰਾਧਿਐਨ ਸੂਤਰ ਵਿਚ ਵੀ ਆਖਿਆ ਗਿਆ ਹੈ "ਜੋ ਮਨੁੱਖ ਹਰ ਰੋਜ਼ ੧੦ ਲੱਖ ਗਾਵਾਂ ਦਾਨ ਕਰਦਾ ਹੈ ਉਸ ਤੋਂ ਮਹਾਨ ਸੰਜਮ ਪਾਲਨ ਕਰਨ ਵਾਲਾ ਹੈ"

<u>ਸਾਧੂ ਬਨਣ ਦਾ ਉਦੇਸ਼:</u>

ਜੈਨ ਧਰਮ ਵਿਚ ਸ਼੍ਰਮਣ ਬਨਣ ਦਾ ਉਦੇਸ਼ ਹੈ "ਵਿਭਾਵ (ਗਲਤ ਰਾਹ) ਤੋਂ ਹੱਟ ਕੇ ਸੁਭਾਵ ਵਿਚ ਘੁੰਮਨਾ ਹੈ, ਪ੍ਰਦਸ਼ਨ ਨਹੀਂ ਹੈ, ਆਤਮ ਦਰਸ਼ਨ ਹੈ, ਇਸੇ ਕਾਰਣ ਸ਼੍ਰਮਣ ਸ਼ਰਧਾ ਨਾਲ ਦੀਖਿਆ ਧਾਰਨ ਕਰਦਾ ਹੈ।

<u>ਜੈਨ ਆਗਮ ਵਿੱਚ ਸ਼੍ਰਮਣ ਜੀਵਨ:</u>

ਜੈਨ ਆਗਮਾ ਵਿਚ ੧੧ ਅੰਗ, ੧੨ ਉਪਾਗ, ੬ ਛੇਦ, ਚਾਰ ਮੂਲ, ਦਸ ਪ੍ਰਕਿਣਕ ਆਦਿ ੪੫ ਆਗਮ[੧] ਹਨ। ਜੋ ਸਰਵਗ ਅੰਤਿਮ ਤੀਰਥੰਕਰ ਸ਼੍ਰਮਣ ਭਗਵਾਨ ਮਹਾਂਵੀਰ ਨੇ ਉਸ ਸਮੇਂ ਦੀ ਲੋਕ ਭਾਸ਼ਾ ਅਰਧ ਮਾਗਧੀ ਵਿਚ ਫਰਮਾਏ। ਇਨ੍ਹਾਂ ਉਪਦੇਸ਼ਾਂ ਨੂੰ ਭਗਵਾਨ ਮਹਾਂਵੀਰ ਦੇ ਪ੍ਰਮੁੱਖ ਗੋਤਮ ਆਦਿ ੧੧ ਗਨਧਰਾਂ

(ਪ੍ਰਮੁੱਖ) ਚੇਲਿਆ ਨੇ ਇੱਕਠਾ ਕੀਤਾ। ਪਰ ਅੱਜ ਕਲ ਪੰਜਵੇ ਗਨਧਰ ਸੁਧਰਮਾ ਸਵਾਮੀ ਦੀ ਵਾਚਨਾ ਹੀ ਪ੍ਰਾਪਤ ਹੈ।

ਗਨਧਰਾਂ ਦੇ ਬਨਾਏ ਹੋਏ, ਪ੍ਰਤੇਕ ਬੁੱਧ ਮੁਨੀਆਂ ਦੇ ਰਚੇ, ਸਰੁਤ (ਗਿਆਨ) ਕੇਵਲੀ ਅਤੇ ੧੪ ਪੁਰਵਾਂ ਦੇ ਜਾਣਕਾਰ ਆਚਾਰਿਆ ਦੇ ਗ੍ਰਥ ਵੀ ਆਗਮ ਅਖਵਾਉਂਦੇ ਹਨ।

<u>ਸ਼੍ਰੀ ਦਸ਼ਵੇਂਕਾਲਿਕ ਸੂਤਰ ਦੇ ਨਿਰਮਾਨ ਦੀ ਪ੍ਰਸ਼ਿੱਧ ਕਥਾ:</u>

ਜੈਨ ਧਰਮ ਦੇ ਅੰਤਮ ਤੀਰਥੰਕਰ ਸ਼੍ਰਮਣ ਭਗਵਾਨ ਵਰਧਮਾਨ ਮਹਾਂਵੀਰ ਦੀ ਚੋਥੀ ਗੱਦੀ ਤੇ ਬਿਰਾਜਮਾਨ ਆਚਾਰਿਆ ਪ੍ਰਭਵ ਸਵਾਮੀ ਜੀ ਸਨ, ਉਨ੍ਹਾਂ ਨੇ ਰਾਜਗ੍ਰਹਿ ਨਿਵਾਸੀ (ਬਿਹਾਰ) ਦੇ ਇਕ ਬ੍ਰਾਹਮਣ ਸੰਯਭਵ ਨੂੰ ਦੀਖਿਆ ਦਿੱਤੀ। ਉਸ ਦਾ ਗੋਤ ਵਸ਼ੀਸਟ ਸੀ। ਉਹ ੨੮ ਸਾਲ ਤੱਕ ਗ੍ਰਹਿਸਥ ਅਵਸਥਾ ਵਿਚ ਰਹੇ। ੧੧ ਸਾਲ ਤੱਕ ਆਮ ਸਾਧੂ ਰਹੇ। ੨੩ ਸਾਲ ਦੀ ਉਮਰ ਤੱਕ ਯੁਗਪ੍ਰਦਾਨ ਪਦ ਪਾਲਨ ਕਰਕੇ ਭਗਵਾਨ ਮਹਾਂਵੀਰ ਦੇ ਨਿਰਵਾਨ ਤੋਂ ੬੮ ਸਾਲ ਬਾਅਦ ੬੨ ਸਾਲ ਦੀ ਉਮਰ ਵਿਚ ਨਿਰਵਾਨ ਪਦ ਨੂੰ ਪ੍ਰਾਪਤ ਹੋਏ।

ਬ੍ਰਾਹਮਨ ਸੰਯਭਵ ਦੀ ਦੀਖਿਆ ਵੇਲੇ ਉਨ੍ਹਾਂ ਦੀ ਪਤਨੀ ਗਰਭਵਤੀ ਸੀ। ਉਸ ਦੀ ਕੁਖੋਂ ਇਕ ਬਾਲਕ ਮਨਕ ਪੈਦਾ ਹੋਇਆ ਜਿਸ ਨੇ ੮ ਸਾਲ ਦੀ ਉਮਰ ਵਿਚ ਸਾਧੂ ਜੀਵਨ ਗ੍ਰਹਿਣ ਕੀਤਾ।

ਅਚਾਰੀਆ ਸੰਯਭਵ ਸ਼ਰੁਤਕੇਵਲੀ ਸਨ ਭੂਤ, ਭਵਿੱਖ ਦੀ ਜਾਨਣ ਵਾਲੇ ਸਨ। ਉਨ੍ਹਾਂ ਅਪਣੇ ਗਿਆਨ ਦੀ ਸ਼ਕਤੀ ਨਾਲ ਅਪਣੇ ਪੁਤਰ ਦੀ ਉਮਰ ਵੇਖੀ ਤਾਂ ਉਨ੍ਹਾਂ ਵੇਖਿਆ “ਮੇਰਾ ਸੰਸਾਰਿਕ ਪੁਤਰ ਤੇ ਛੇ ਮਹੀਨੇ ਦਾ ਮਹਿਮਾਨ ਹੈ, ਪੁਰਬਾ ਅੰਗ, ਉਪਾਗ ਦਾ ਗਿਆਨ ਵਿਸ਼ਾਲ ਹੈ ਇਹ ਕਦ ਇਨ੍ਹਾਂ ਗਿਆਨ ਪ੍ਰਾਪਤ ਕਰੇਗਾ” ਉਨ੍ਹਾਂ ੧੪ ਪੁਰਬਾ ਵਿਚੋਂ ਸਾਧੂ ਜੀਵਨ ਲਈ ਲੋੜੀਂਦੀ ਸਮੱਗਰੀ ਇਕੱਠੀ ਕਰਕੇ, ਇਕ ਛੋਟੇ ਜਿਹੇ ਗ੍ਰੰਥ ਦਾ ਸੰਕਲਨ ਕੀਤਾ ਜਿਸ ਦਾ ਨਾ ਸ਼੍ਰੀ ਦਸ਼ਵੇਂਕਾਲਿਕ ਸੂਤਰ ਪਿਆ।

ਉਨ੍ਹਾਂ ਇਕ ਸਪਤਾਹ ਵਿਚ ਇਹ ਸ਼ਾਸਤਰ ਆਪਣੇ ਪੁਤਰ ਨੂੰ ਪੜ੍ਹਾ ਦਿੱਤਾ। ਇਸ ਗ੍ਰੰਥ ਦੇ ਗਿਆਨ ਹਾਸਲ ਕਰਨ ਨਾਲ, ਮਨਕ ਮੁਨੀ ਨੂੰ ਹੋਰ ਗ੍ਰੰਥ ਸੁਨਣੇ ਤੇ ਪੜਨੇ ਸੁਖਾਲੇ ਹੋ ਗਏ। ਇਹ ਛੋਟਾ ਜਿਹਾ ਗ੍ਰੰਥ ਜੈਨ ਸੰਘ ਨੂੰ ਇਨ੍ਹਾਂ ਪਸੰਦ ਆਇਆ ਕਿ, ਜੈਨ ਸੰਘ ਨੇ ਇਸ ਨੂੰ ਮੂਲ ਸੁਤਰ ਵਿਚ ਸਥਾਨ ਦਿੱਤਾ ਕਿਉਂਕਿ ਇਸ ਵਿਚ ਭਗਵਾਨ ਮਹਾਵੀਰ ਜੀ ਤੋਂ ਸੁਣੇ ਉਪਦੇਸ਼ ਦਰਜ ਸਨ।

ਅੱਜ ਸ਼ਵੇਤਾਂਵਰ ਸਮਾਜ ਵਿਚ ਇਨ ਗ੍ਰੰਥ ਦਾ ਅਪਣਾ ਮਹੱਤਵ ਹੈ ਹਰ ਮੁਨੀ ਨੂੰ ਸਾਧੂ ਬਨਣ ਦੇ ਇਕ ਹਫਤੇ ਦੇ ਅੰਦਰ ਇਹ ਸ਼ਾਸਤਰ ਸ਼੍ਰੀ ਸੰਘ ਦੇ ਸਾਹਮਣੇ ਪੜ੍ਹਾਇਆ ਅਤੇ ਸੁਣਾਇਆ ਜਾਂਦਾ ਹੈ, ਸਮਝਾਈਆ ਜਾਂਦਾ ਹੈ, ੮ ਵੇਂ ਦਿਨ ਸਾਧੂ ਦੀ ਦੀਖਿਆ ਇਹ ਗ੍ਰੰਥ ਪੜ੍ਹਨ ਨਾਲ ਬੜੀ ਦੀਖਿਆ ਅਖਵਾਉਂਦੀ ਹੈ ਅਤੇ ਉਹ ਆਪਣੇ ਤੋਂ ਪਹਿਲਾ ਮੁਨੀ ਬਨੇ ਸਾਧੂਆਂ ਨਾਲ ਉਠ-ਬੈਠ ਸਕਦਾ ਹੈ, ਭੋਜਨ ਕਰ ਸਕਦਾ ਹੈ । ਇਹ ਸ਼ਾਸਤਰ ਪੜ੍ਹਨ ਤੋਂ ਪਹਿਲਾ ਸਾਧੂ ਨਵਾਂ ਸਾਧੂ ਆਪਣਾ ਬੋਜਨ ਖੁਦ ਲਿਆ ਕੇ ਖੁਦ ਖਾਂਦਾ ਹੈ ਇਸ ਨੂੰ ਹੋਰ ਮੁਨੀਆਂ ਨਾਲ ਸ਼ਾਮਲ ਨਹੀਂ ਕੀਤਾ ਜਾਂਦਾ ਹੈ।

ਚੁਲਿਕਾ ਦੀ ਕਥਾ:

ਆਖਰੀ ਨੰਦ ਰਾਜੇ ਦੇ ਮੰਤਰੀ ਸ਼ਕਡਾਲ ਦੀਆਂ ੭ ਪੁਤਰੀਆਂ ਸਨ। ਉਨ੍ਹਾਂ ਦੇ ਦੋ ਪੁਤਰ ਸਨ ਸ਼੍ਰੀਅੰਕ ਅਤੇ ਸਥੁਲੀਭੱਦਰ। ਮੱਗਧ ਉਦੋਂ ਸਾਜਿਸ਼ਾ ਦਾ ਗੜ੍ਹ ਬਨ ਚੁੱਕਾ ਸੀ। ਇਸ ਸਾਜਿਸ਼ ਦਾ ਸ਼ਿਕਾਰ ਮੰਤਰੀ ਸ਼ਕਡਾਲ ਖੁਦ ਬਨ ਗਿਆ ਉਸ ਦੇ ਕਤਲ ਤੋਂ ਬਾਅਦ ਮੰਤਰੀ ਪਦ ਉਸਦੇ ਪੁੱਤਰ ਸ਼੍ਰੀਅੰਕ ਕੁਮਾਰ ਨੂੰ ਮਿਲਿਆ। ਪਰ ਰਾਜ ਦੀ ਅੰਦਰੂਨੀ ਬਗਾਵਤ ਤੋਂ ਉਸ ਦਾ ਮਨ ਵੀ ਉਕਤਾ ਗਿਆ। ਉਸ ਨੇ ਸਾਧੂ ਜੀਵਨ ਗ੍ਰਹਿਣ ਕਰਨ ਦਾ ਫੈਸਲਾ ਕਰ ਲਿਆ। ਉਸ ਦੇ ਨਾਲ ਉਸ ਦੀ ਭੂਤਾ ਆਦਿ ਸਤ ਭੈਣਾ ਨੇ ਸਾਧਵੀ ਜੀਵਨ ਗ੍ਰਹਿਣ ਕੀਤਾ। ਛੋਟਾ ਭਰਾ ਸਥੁਲੀਭੱਦਰ ਉਸ ਸਮੇਂ ਪਾਟਲੀਪੁਤਰ ਦੀ ਸੁੰਦਰੀ ਕੋਸ਼ਾ ਦੇ ਜਾਲ ਵਿਚ ਬੁਰੀ ਤਰ੍ਹਾਂ ਫੰਸ ਚੁਕਿਆ ਸੀ।

ਸ਼੍ਰੀਅੰਕ ਕੁਮਾਰ ਨੇ ਮੁਨੀ ਬਨਦੇ ਹੀ ਤਪ ਸ਼ੁਰੂ ਕਰ ਦਿੱਤਾ। ਸ਼੍ਰੀਅੰਕ ਮੁਨੀ ਦਾ ਸ਼ਰੀਰ ਕਮਜ਼ੋਰ ਸੀ ਹਰ ਰੋਜ ਤੱਪ ਕਰਨ ਨਾਲ ਉਸ ਦਾ ਸ਼ਰੀਰ ਸੁਕ ਕੇ ਤਿਲਾ ਹੋ ਗਿਆ, ਪਰ ਆਤਮਾ ਦੇ ਭਾਵ ਪੱਖੋਂ ਉਹ ਅਜੇ ਵੀ ਬਹਾਦਰ ਸੀ। ਉਸ ਨੇ ਤਪ ਕਰਨਾ ਨਾ ਛੱਡਿਆ, ਸ਼ਰੀਰ ਚਲਨ ਫਿਰਨ ਤੋਂ ਕਮਜ਼ੋਰੀ ਕਾਰਣ ਮੋਹਤਾਜ ਹੋ ਗਿਆ ਪਰ ਆਤਮਾ ਉੱਚ ਭਾਵਾਂ ਕਾਰਣ ਸੁਤੰਤਰ ਰਹੀ।

ਇਕ ਦਿਨ ਸਾਰੀਆਂ ਸਾਧਵੀਆਂ ਭਿੰਨ-ਭਿੰਨ ਸ਼ਹਿਰਾ ਵਿਚ ਧਰਮ ਪ੍ਰਚਾਰ ਕਰਦੀਆਂ ਪਾਟਲੀਪੁਤਰ ਪਹੁੰਚੀਆ। ਉਨ੍ਹਾਂ ਦੇ ਮਨ ਵਿਚ ਅਪਣੇ ਤਪੱਸਵੀ ਭਰਾ ਦੇ ਦਰਸ਼ਨ ਕਰਨ ਦੀ ਇੱਛਾ ਜਾਗ੍ਰਤ ਹੋਈ। ਸਾਧਵੀਆਂ ਨੇ ਧਰਮ ਸਥਾਨ (ਉਪਾਸਰੇ) ਤੇ ਜਾ ਕੇ ਮੁਨੀ ਨੂੰ ਬੰਦਨ ਕੀਤਾ। ਬੰਦਨ ਤੋਂ ਬਾਅਦ ਮੁਨੀ ਨੇ ਭੂਤਾ ਸਾਧਵੀ ਨੂੰ ਕਿਹਾ "ਸਾਧਵੀ ਜੀ ! ਮੈਨੂੰ ਅੱਜ ਇਕ ਵਰਤ ਦਾ ਤਿਆਗ ਕਰਾ ਦੇਵੋ"

ਸਾਧਵੀਆਂ ਨੇ ਸ਼੍ਰੀਅੰਕ ਮੁਨੀ ਨੂੰ ਇਕ ਵਰਤ ਦਾ ਪਛਖਾਨ (ਤਿਆਗ) ਕਰਾ ਦਿੱਤਾ। ਸ਼ਰੀਰ ਜਵਾਬ ਦੇ ਚੁੱਕਾ ਸੀ, ਇਹ ਤਪੱਸਵੀ ਦਾ ਵਰਤ ਮਰਨ ਵਰਤ ਸਿਧ ਹੋਇਆ। ਅਗਲੇ ਦਿਨ ਮੁਨੀ ਸਵਰਗ ਸਿਧਾਰ ਗਏ।

ਸਾਧਵੀ ਭੂਤਾ ਨੂੰ ਇਸ ਮੌਤ ਕਾਰਨ ਬਹੁਤ ਪਛਤਾਵਾ ਹੋਇਆ। ਉਹ ਸੋਚਨ ਲੱਗੀ "ਮੈਂ ਕਿੰਨੀ ਪਾਪਨ ਹਾਂ। ਮੈਂ ਮੁਨੀ ਨੂੰ ਬਿਨਾ ਸੋਚੇ ਸਮਝੇ, ਤੱਪ ਕਰਵਾ ਦਿੱਤਾ। ਮੁਨੀ ਘਾਤ ਦੀ ਪ੍ਰਮੁਖ ਜਿੰਮੇਵਾਰ ਮੈਂ ਹਾਂ "

ਸਾਧਵੀ ਨੇ ਅਪਣੇ ਆਚਾਰਿਆ ਤੇ ਹੋਰ ਗੁਰੂਆਂ ਨੂੰ ਅਪਣੇ ਮਨ ਦੇ ਭਾਵ ਦਸ ਕੇ ਆਖਿਆ "ਮੈਨੂੰ ਯੋਗ ਦੰਡ ਪ੍ਰਾਸ਼ਚਿਤ ਦੇਵੋ"

ਆਚਾਰਿਆ ਤੇ ਸ਼੍ਰੀਸੰਘ ਨੇ ਸਾਧਵੀ ਨੂੰ ਦੋਸ਼ ਮੁਕਤ ਕਰਕੇ ਆਖਿਆ "ਮੁਨੀ ਨੇ ਮਰਜੀ ਨਾਲ ਵਰਤ ਧਾਰਨ ਕੀਤਾ ਸੀ। ਆਪ ਨੂੰ ਵੀ ਵਰਤ ਦੇਣ ਦਾ ਕੋਈ ਪ੍ਰਾਸ਼ਚਿਤ ਨਹੀਂ। ਉਮਰ ਦੇ ਕਰਮ ਪੂਰਾ ਹੋਣ ਤੇ ਮੁਨੀ ਸਵਰਗਵਾਸ ਹੋ ਗਏ ਹਨ,

ਆਪ ਦਾ ਇਸ ਵਿਚ ਕੋਈ ਦੋਸ਼ ਨਹੀਂ, ਬਿਨਾਂ ਦੋਸ਼ ਤੋਂ ਦੰਡ ਕਿਵੇਂ ਦਿੱਤਾ ਜਾ ਸਕਦਾ ਹੈ?"

ਸਾਧਵੀ ਦਾ ਪਛਤਾਵਾ ਬਹੁਤ ਮਹਾਨ ਸੀ, ਉਸ ਨੇ ਪ੍ਰਤਿਗਿਆ ਕੀਤੀ "ਜੇ ਮਹਾਵਿਦੇਹ ਖੇਤਰ ਵਿਚ ਬਿਰਾਜਮਾਨ ਭਗਵਾਨ ਸੀਮੰਦਰ ਸਵਾਮੀ ਮੈਨੂੰ ਆਪ ਦੋਸ਼ ਮੁਕਤ ਕਰਨ, ਤਾਂ ਹੀ ਮੈਂ ਅਪਣੇ ਆਪ ਨੂੰ ਮੁਕਤ ਸਮਝਾਂਗੀ, ਨਹੀਂ ਤਾਂ ਮੈਂ ਸਮਾਧੀ ਮਰਨ ਵਰਤ ਧਾਰਨ ਕਰਾਂਗੀ"

ਸਾਧਵੀ ਦੀ ਪ੍ਰਤਿਗਿਆ ਪੂਰਤੀ ਆਮ ਆਦਮੀ ਤੇ ਸ਼੍ਰੀਸੰਘ ਦੀ ਪਹੁੰਚ ਤੋਂ ਬਾਹਰ ਸੀ। ਸਾਧਵੀ ਨੇ ਭਗਵਾਨ ਸੀਮੰਦਰ ਸਵਾਮੀ ਦਾ ਧਿਆਨ ਕੀਤਾ। ਮਹਾਵਿਦੇਹ ਖੇਤਰ ਵਿਚ ਇਸ ਲੋਕ ਦੇ ਮਨੁੱਖ ਆਪਣੇ ਸ਼ਕਤੀ ਨਾਲ ਨਹੀ ਜਾ ਸਕਦੇ, ਜੇ ਕੋਈ ਦੇਵਤਾ ਮਦਦ ਕਰੇ, ਤਾਂ ਹੀ ਉਸ ਖੇਤਰ ਵਿਚ ਜਾਇਆ ਜਾ ਸਕਦਾ ਹੈ।

ਸਾਧਵੀ ਦੇ ਤੱਪ ਤੋਂ ਦੇਵਤਾ ਪ੍ਰਸਨ ਹੋਏ, ਉਸ ਨੇ ਸਾਧਵੀ ਭੂਤਾ ਨੂੰ ਆਪਣੀ ਦੇਵ ਸ਼ਕਤੀ ਦੇ ਸਹਾਰੇ ਮਹਾਵਿਦੇਹ ਖੇਤਰ ਵਿਚ ਘੁੰਮ ਰਹੇ ਤੀਰਥੰਕਰ ਭਗਵਾਨ ਸੀਮੰਦਰ ਸਵਾਮੀ ਦੇ ਸਮੋਸਰਨ (ਦੇਵਤੀਆ ਰਾਹੀਂ ਰਚੀ ਧਰਮ ਸਭਾ) ਵਿਚ ਪਹੁੰਚਾ ਦਿੱਤਾ।

ਸਾਧਵੀ ਨੇ ਭਗਵਾਨ ਸੀਮੰਦਰ ਸਵਾਮੀ ਦਾ ਧਰਮ ਉਪਦੇਸ਼ ਸੁਣਿਆ। ਫੇਰ ਭਗਵਾਨ ਸੀਮੰਦਰ ਸਵਾਮੀ ਨੇ ਸਾਧਵੀ ਨੂੰ ਮੁਨੀ ਹੱਤਿਆ ਦੇ ਦੋਸ਼ ਤੋਂ ਮੁਕਤ ਕਰ ਦਿੱਤਾ।

ਸਾਧਵੀ ਨੇ ਭਗਵਾਨ ਨੂੰ ਬੇਨਤੀ ਕੀਤੀ "ਪ੍ਰਭੂ ! ਆਪ ਦੇ ਦਰਸ਼ਨ ਕਰ ਮੇਰਾ ਮਾਨਵ ਜਨਮ ਸਫਲ ਹੋ ਗਿਆ ਹੈ, ਮੈਂ ਦੋਸ਼ ਮੁਕਤ ਹੋ ਗਈ ਹਾਂ, ਹੁਣ ਮੈਂ ਧਰਤੀ ਤੇ ਜਾਵਾਗੀ। ਧਰਤੀ ਦੇ ਲੋਕ ਕਿਵੇਂ ਵਿਚ ਵਿਸ਼ਵਾਸ਼ ਕਰਨਗੇ ਕਿ ਮੈਂ ਨੇ ਆਪ ਦਾ ਉਪਦੇਸ਼ ਸੁਣਿਆ ਹੈ"

ਸਾਧਵੀ ਭੂਤਾ ਦੇ ਪ੍ਰਸ਼ਨ ਦੇ ਉੱਤਰ ਵਿਚ ਭਗਵਾਨ ਸੀਮੰਦਰ ਸਵਾਮੀ ਨੇ ਸਾਧਵੀ ਨੂੰ ਚਾਰ ਚੁਲਿਕਾਵਾਂ ਪ੍ਰਦਾਨ ਕੀਤੀਆ। ਸਾਧਵੀ ਨੇ ਮਹਾਵਿਦੇਹ ਖੇਤਰ ਵਿੱਚੋਂ ਪ੍ਰਾਪਤ ਚੁਲਿਕਾ ਸ਼੍ਰੀਸੰਘ ਨੂੰ ਸਮਰਪਿਤ ਕਰ ਦਿੱਤੀਆ। ਸ਼੍ਰੀਸੰਘ ਨੇ ਸਾਧਵੀ ਜੀ ਦੀ ਤਪੱਸਿਆ ਕੀਤੀ ਤੇ ਚਰਿੱਤਰ ਨੂੰ ਵੇਖ ਇਸ ਨੂੰ ਮੂਲ ਆਗਮ ਵਿਚ ਸਥਾਨ ਦਿੱਤਾ।

੨ ਚੁਲਿਕਾ ਨੂੰ ਆਚਾਰੰਗ ਸੂਤਰ ਅਤੇ ੨ ਚੁਲਿਕਾਵਾਂ ਨੂੰ ਸ਼੍ਰੀ ਦਸ਼ਵੇਂਕਾਲਿਕ ਸੂਤਰ ਵਿਚ ਸਥਾਨ ਮਿਲਿਆ। ਇਨ੍ਹਾਂ ਚੁਲਿਕਾ ਵਿਚਲਾ ਵਿਸ਼ਾ ਵੀ ਸਾਧੂ ਜੀਵਨ ਪ੍ਰਤਿ ਸੰਕਾ ਹੋ ਜਾਨ ਤੇ ਉਸ ਨੂੰ ਪੱਕਾ ਰੱਖਨ ਵਿਚ ਸਹਾਇਕ ਹੈ।

ਸ੍ਰੀ ਦਸਵੇਂਕਾਲਿਕ ਸੁਤਰ ਦੇ ਵਿਸ਼ੇ:

ਸ਼੍ਰੀ ਦਸਵੇਂਕਾਲਿਕ ਸੁਤਰ ਦੇ ੧੦ ਅਧਿਐਨ ਹਨ ਜਿਨ੍ਹਾਂ ਦਾ ਵੇਰਵਾ ਸੰਖੇਪ ਵਿਚ ਇਸ ਪ੍ਰਕਾਰ ਹੈ ।

ਪਹਿਲੇ ਅਧਿਐਨ ਵਿਚ ਧਰਮ ਦੀ ਪ੍ਰਸੰਸਾ, ਭਿਖਸ਼ੂ ਦੀ ਤੁਲਨ ਭੌਰੇ ਨਾਲ ਕੀਤੀ ਗਈ ਹੈ।

ਦੂਸਰੇ ਅਧਿਐਨ ਵਿਚ ਸੰਜਮ ਪ੍ਰਤਿ ਧਿਆਨ ਨਾਲ ਰੱਖਣ ਕਾਰਣ ਰੱਥਨੇਮੀ ਦੇ ਉਦਾਹਰਣ ਦੇ ਕੇ ਕਾਮ ਭੋਗ ਛੱਡਣ ਦਾ ਉਪਦੇਸ਼ ਦਿੱਤਾ ਗਿਆ ਹੈ।

ਤੀਸਰੇ ਅਧਿਐਨ ਵਿਚ ਨਾ ਆਚਰਨ ਯੋਗ ੫੨ ਅਨਾਚਾਰਾ ਵਾਰੇ ਜਾਣਕਾਰੀ ਦਿੱਤੀ ਗਈ ਹੈ।

ਚੋਥੇ ਅਧਿਐਨ ਵਿਚ ਛੇ ਜੀਵਨਿਕਾਏ ਦੀ ਜਤਨਾ (ਸਾਵਧਾਨੀ) ਦਾ ਉਪਦੇਸ਼, ਰਾਤਰੀ ਭੋਜਨ ਨੂੰ ਪੰਜ ਮਹਾਂਵਰਤ ਦੇ ਨਾਲ ਸ਼ਾਮਲ ਕੀਤਾ ਗਿਆ ਹੈ ਜੀਵ ਦਿਆ ਸਬੰਧੀ ਪ੍ਰਸ਼ਨ ਉੱਤਰ ਹਨ ।

ਪੰਜਵੇ ਅਧਿਐਨ ਵਿਚ ਗੋਚਰੀ (ਭੋਜਨ-ਪਾਣੀ ਮੰਗਨ) ਦੀ ਵਿਧਿ, ਭਿਕਸ਼ਾ ਗ੍ਰਹਿਣ ਕਰਨ ਵਿਚ ਕਲਪ (ਯੋਗ) ਅਕਲਪ (ਨਾ ਲੈਣ ਯੋਗ) ਅਤੇ ਦੋਸ਼ ਪੂਰਵਕ ਭੋਜਨ ਲੈਣ ਦੀ ਮਨਾਹੀ ਹੈ।

ਛੇਵੇਂ ਅਧਿਐਨ ਵਿਚ ਰਾਜਾ ਪ੍ਰਧਾਨ, ਕੋਤਵਾਲ, ਬ੍ਰਾਹਮਣ, ਖਤਰੀ, ਸੇਠ, ਸਾਹੂਕਾਰ ਦੇ ਪੁਛਨ ਤੇ ਸਾਧੂ ਜੀਵਨ ਵਾਰੇ ਦਸਨਾ, ੧੮ ਸਥਾਨਾਂ ਦੇ ਸੇਵਨ ਨਾਲ ਸਾਧੂ ਜੀਵਨ ਦੇ ਭਿਖਸ਼ੂ ਹੋਣ ਦੀ ਗੱਲ ਅਤੇ ਸੰਜਮੀ ਜੀਵਨ ਦਾ ਫਲ ਦੱਸਿਆ ਗਿਆ ਹੈ।

ਸੱਤਵੇਂ ਅਧਿਐਨ ਵਿਚ ਸਾਵਦਯ (ਪਾਪਕਾਰੀ) ਨਿਰਦੋਸ਼ ਠੀਕ ਭਾਸ਼ਾ ਦਾ ਸਵਰੂਪ, ਸਾਵਦਯ ਭਾਸ਼ਾ ਛੱਡਨ ਦਾ ਉਪਦੇਸ਼, ਨਿਰਵੱਧ ਭਾਸ਼ਾ ਦੇ ਆਚਰਣ ਦਾ ਫਲ ਅਤੇ ਵਾਕ ਸ਼ੁਧੀ ਰੱਖਨ ਦੀ ਜ਼ਰੂਰਤ ਤੇ ਜੋਰ ਦਿੱਤਾ ਗਿਆ ਹੈ।

ਅੱਠਵੇਂ ਅਧਿਐਨ ਵਿਚ ਸਾਧੂਆਂ ਦਾ ਆਚਾਰ, ਵਿਚਾਰ, ਛੇ ਕਾਇਆ ਦੇ ਜੀਵਾਂ ਦੀ ਰੱਖਿਆ, ਧਰਮ ਦਾ ਉਪਾ, ਕਾਮਨਾ ਨੂੰ ਜਿੱਤਨ ਦਾ ਤਾਰੀਕਾ, ਗੁਰੂ ਦੀ ਆਸ਼ਾਤਨਾ (ਪ੍ਰਵਾਹ ਨਾ ਕਰਨਾ) ਤੋਂ ਬਚਨ ਦਾ ਉਪਦੇਸ਼, ਨਿਰਵੱਧ ਭਾਸ਼ਨ ਤੇ ਸਾਧੂ ਜੀਵਨ ਪਾਲਨ ਦਾ ਫਲ ਦੱਸਿਆ ਗਿਆ ਹੈ।

ਨੌਵੇਂ ਅਧਿਐਨ ਵਿਚ ਅਬਹੁ ਸ਼ਰੁਤ (ਘੱਟ ਸ਼ਾਸਤਰ ਗਿਆਨ ਵਾਲੇ) ਆਚਾਰਿਆ ਦੀ ਆਸ਼ਾਤਨਾ ਨਾ ਕਰਨ ਦਾ ਉਪਦੇਸ਼ ਅਤੇ ਵਿਨੈ ਸਮਾਧੀ, ਸਰੁਤ ਸਮਾਧੀ ਦਾ ਸਵਰੂਪ ਦਰਸਾਇਆ ਗਿਆ ਹੈ।

ਦਸਵੇਂ ਅਧਿਐਨ ਵਿਚ ਤੱਥਾਰੂਪ ਸਾਧੂ ਦਾ ਸਵਰੂਪ ਅਤੇ ਸਾਧੂ ਭਾਵ ਦਾ ਫਲ ਵਿਖਾਇਆ ਗਿਆ ਹੈ।

ਦੋ ਚੁਲਿਕਾਵਾਂ ਵਿਚੋਂ ਪਹਿਲੀ ਚੁਲਿਕਾ ਵਿਚ ਆਤਮਾ ਨੂੰ ਸੰਜਮ ਵਿਚ ਸਥਿਰ ਰੱਖਣ ਦੇ ਲਈ ੧੮ ਸਥਾਨਾ, ਸੰਸਾਰ ਦੀ ਵਚਿੱਤਰਤਾ ਦਾ ਵਰਨਣ ਅਤੇ ਸਾਧੂ ਧਰਮ ਦੀ ਉਤਮਤਾ ਦਾ ਵਰਨਣ ਹੈ।

ਦੂਸਰੀ ਚੂਲਿਕਾ ਵਿਚ ਆਸਕਤੀ (ਲਗਾਵ ਰਹਿਤ) ਘੁੰਮਨ ਦਾ ਸਵਰੂਪ, ਅਗਿਆਤਵਾਸ ਦੇ ਗੁਣ ਤੇ ਸਾਧੂ ਦਾ ਉਪਦੇਸ਼, ਵਿਹਾਰ ਆਦਿ ਵਿਖਾਇਆ ਗਿਆ ਹੈ।

ਸ਼੍ਰੀ ਦਸ਼ਵੇਂਕਾਲਿਕ ਸੂਤਰ ਦੀ ਪ੍ਰਾਚੀਨ ਵਿਆਖੀਆ ਸਾਹਿਤ:

ਸ਼੍ਰੀ ਦਸ਼ਵੇਂਕਾਲਿਕ ਸੂਤਰ ਤੇ ਭਾਸ਼ਯ ਵੀ ਪ੍ਰਾਪਤ ਹੈ, ਨਿਰਯੁਕਤੀ ਪ੍ਰਾਪਤ ਹੈ। ਦਸਵੇਂਕਾਲਿਕ ਸੁਤਰ ਦੀ ਹੋਰ ਵਿਆਖਿਆ ਕਰਨ ਵਾਲੀਆਂ ਦੋ ਚੁਰਣੀਆ ਪ੍ਰਾਪਤ ਹਨ। ਇਸ ਦੇ ਰਚਿਤਾ ਆਚਾਰਿਆ ਅਗਸਤੀ ਸਿੰਘ ਹਨ ਅਤੇ ਦੂਸਰੇ ਦੇ ਆਚਾਰਿਆ ਜਿਨ ਦਾਸ ਮਹਤਰ ਹਨ, ਦੋ ਚੁਰਣੀਆਂ ਵਿਚ ਮੂਲ ੩ ਨਿਰਯੁਕਤੀਆਂ ਦਾ ਵਿਸਥਾਰ ਹੈ।

ਆਚਾਰਿਆ ਹਰੀਭੱਦਰ ਸੁਰੀ ਨੇ ਇਸ ਤੇ ਸ਼ਿਸ ਬੋਧਨੀ ਬੜੀ ਟੀਕਾ ਤੇ ਅਵਚੁਰੀ ਲਿਖੀ ਹੈ। ਆਚਾਰਿਆ ਸਮੇਂਸੁੰਦਰ ਜੀ ਨੇ ਦੀਪਿਕਾ ਨਾਂ ਦੀ ਸੰਸਕ੍ਰਿਤ ਟੀਕਾ ਲਿਖੀ ਹੈ। ਇਸ ਸ਼ਾਸਤਰ ਤੇ ਗੁਜਰਾਤੀ ਤੇ ਰਾਜਸਥਾਨੀ ਵਿਚ ਟੱਬਾ ਵੀ ਉਪਲਬਧ ਹੈ।

ਦਿਗੰਵਰ ਗ੍ਰੰਥ ਮੁਲਾਚਾਰ ਦਾ ਕਾਫ਼ੀ ਵਿਸ਼ੇ ਸ਼੍ਰੀ ਦਸ਼ਵੇਂਕਾਲਿਕ ਸੂਤਰ ਨਾਲ ਮਿਲਦਾ ਹੈ। ਇਸ ਦੇ ਰਚਿਤਾ ਆਚਾਰਿਆ ਬਟਕੇਰ ਦਿਗੰਵਰ ਪ੍ਰੰਪਰਾ ਦੇ ਮਹਾਨ ਆਚਾਰਿਆ ਸਨ। ਇਸ ਗ੍ਰੰਥ ਦੀਆਂ ਕਾਈਆਂ ਗਾਥਾਵਾਂ ਅੰਗਪ੍ਰਣਤੀ ਸੂਤਰ ਵਿਚ ਵੀ ਮਿਲਦੀਆਂ ਹਨ। ਦਿਗੰਵਰ ਪ੍ਰੰਪਰਾ ਵਿਚ ਉਪਰੋਕਤ ਗ੍ਰੰਥ ਦੇ ਵਿਸ਼ੇ ਵਸਤੂ ਦਾ ਚੰਗਾ ਚਿਤਰਨ ਅੰਗ ਪਣਤੀ ਗ੍ਰੰਥ ਵਿਚ ਮਿਲਦਾ ਹੈ।

ਸ਼੍ਰੀ ਦਸਵੇਂਕਾਲਿਕ ਦੇ ਅਨੁਵਾਦ:

ਪੁਰਾਤਨ ਨਾਲ ਵਿਚ ਹੋਏ ਇਸ ਸ਼ਾਸਤਰ ਅਨੁਵਾਦ ਦਾ ਵਰਨਣ ਪਹਿਲਾ ਕੀਤਾ ਜਾ ਚੁੱਕਾ ਹੈ।

ਇਸ ਸਦੀ ਦੇ ਸ਼ੁਰੂ ਵਿਚ ਆਚਾਰਿਆ ਸਾਗਰਾ ਨੰਦ ਸੂਰੀ ਜੀ ਮਹਾਰਾਜ ਨੇ ਸ਼੍ਰੀ ਆਗਮਓਦੇ ਸਮਿਤਿ ਰਾਹੀਂ ਇਸ ਦੀ ਟੀਕਾ ਛਪਾਈ। ਮੁਨੀ ਸ਼੍ਰੀ ਜਿਨ ਵਿਜੈ ਨੇ ਵੀ ਇਸ ਦੀ ਚੁਰਣੀ ਦਾ ਸੰਪਾਦਨ ਕੀਤਾ। ਹਿੰਦੀ ਅਨੁਵਾਦ ਸ਼੍ਰੀ ਰਤਨ ਮੁਨੀ ਜੀ ਪੰਜਾਬੀ, ਆਚਾਰਿਆ ਸ਼੍ਰੀ ਅਮੋਲਕ ਰਿਖੀ ਜੀ, ਭੰਡਾਰੀ ਸ਼੍ਰੀ ਪਦਮ ਚੰਦ ਜੀ ਮਹਾਰਾਜ ਦੇ ਵਿਦਵਾਨ ਚੇਲੇ ਪ੍ਰਵਰਤਕ ਸ਼੍ਰੀ ਅਮਰ ਮੁਨੀ ਜੀ, ਮੁਨੀ ਪੁਫਵਿਖੂ ਕਰਾਚੀ ਵਾਲੇ ਅਤੇ ਆਚਾਰਿਆ ਘਾਂਸ਼ੀ ਰਾਮ ਜੀ ਨੇ ਕੀਤਾ ਹੈ।

ਸਭ ਤੋਂ ਮਹੱਤਵਪੂਰਨ ਅਨੁਵਾਦ ਸ੍ਰਮਣ ਸੰਘ ਦੇ ਪਹਿਲੇ ਆਚਾਰਿਆ ਆਤਮਾ ਰਾਮ ਜੀ ਮਹਾਰਾਜ ਦਾ ਹੈ ਸ਼੍ਰੀ ਰਤਨ ਲਾਲ ਡੋਸ਼ੀ ਸੈਲਾਨੇ ਵਾਲੇ ਦਾ ਹਿੰਦੀ ਅਨੁਵਾਦ ਵੀ ਪ੍ਰਾਪਤ ਹੈ। ਸ਼੍ਰੀ ਸਵਤਾਂਬਰ ਜੈਨ ਤੇਰਾਂ ਪੰਥ ਆਚਾਰਿਆ ਤੁਲਸੀ ਅਤੇ ਮਹਾਪ੍ਰਗਿਆ ਦਾ ਅਨੁਵਾਦ ਤੁਲਨਾਤਮਕ ਅਤੇ ਬੇਜੋੜ ਹੈ।

ਮੁਨੀ ਸ੍ਰੀ ਜੈ ਨੰਦ ਵਿਜੈ ਜੀ ਨੇ ਇਸ ਗ੍ਰੰਥ ਦਾ ਸੁੰਦਰ ਸੰਪਾਦਨ ਕੀਤਾ ਹੈ। ਜਰਮਨ ਵਿਦਵਾਨ ਡਾਕਟਰ ਹਰਮਨ ਜੰਕੋਬੀ ਨੇ ਇਸ ਗ੍ਰੰਥ ਦਾ ਅੰਗਰੇਜੀ ਅਨੁਵਾਦ ੧੨੦ ਸਾਲ ਪਹਿਲਾ ਛਪਵਾਇਆ ਸੀ। ਜਰਮਨ, ਫਰੈਂਚ ਭਾਸ਼ਾ ਵਿਚ ਇਸ ਸ਼ਾਸਤਰ ਤੇ ਕਾਫ਼ੀ ਕੰਮ ਹੋਇਆ ਹੈ।

ਪੰਜਾਬੀ ਅਨੁਵਾਦ ਬਾਰੇ:

ਅਸੀਂ ਇਸ ਅਨੁਵਾਦ ਵਿਚ ਉਪਰੋਕਤ ਵਰਨਣ ਕੀਤੇ ਗਏ ਨਾਵਾਂ ਦੇ ਅਨੁਵਾਦ ਦੀ ਭਰਪੂਰ ਸਹਾਇਤਾ ਲਈ ਹੈ। ਇਸ ਸਾਰੇ ਪ੍ਰਾਕਰਮ ਦੇ ਪਿੱਛੇ ਸਾਡੀ ਗੁਰਨੀ ਸ਼ੰਥਾਰਾ ਸਾਧਿਕਾ ਜਿਨਸ਼ਾਸਨ ਪ੍ਰਭਾਵੀਕਾ ਜੈਨ ਜਯੋਤੀ ਸਾਧਵੀ ਸ੍ਰੀ ਸਵਰਨ ਕਾਤਾਂ ਜੀ ਮਹਾਰਾਜ ਦੀ ਪ੍ਰੇਰਣਾ ਤੇ ਆਸ਼ੀਰਵਾਦ ਰਿਹਾ ਹੈ। ਆਪ ਜੀ ਦੀ ਪ੍ਰਮੁੱਖ ਚੇਲੀ ਸਾਧਵੀ ਸ਼੍ਰੀ ਸੁਧਾ ਜੀ ਮਹਾਰਾਜ ਦੀ ਪ੍ਰੇਰਨਾ ਇਸ ਨੂੰ ਪ੍ਰਕਾਸ਼ਤ ਕਰਵਾਉਣ ਵਿਚ ਮੱਹਤਵਪੂਰਨ ਰਹੀ ਹੈ। ਸਾਨੂੰ ਆਚਾਰਿਆ ਸ਼੍ਰੀ ਮਹਾਪ੍ਰਗਿਆ, ਆਚਾਰਿਆ ਸ਼੍ਰੀ ਵਿਜੈ ਨਿਤਯਾਨੰਦ ਜੀ ਸ਼ੂਰੀ ਮਹਾਰਾਜ, ਆਚਾਰਿਆ ਸ਼ਮਰਾਟ ਸ਼੍ਰੀ ਸ਼ਿਵ ਮੁਨੀ

ਜੀ ਮਹਾਰਾਜ, ਆਚਾਰਿਆ ਸ਼੍ਰੀ ਮਹਾਪ੍ਰਗਿਆ ਦੇ ਚੇਲੇ ਮੁਨੀ ਸ਼੍ਰੀ ਜੈ ਚੰਦ ਜੀ, ਅਰਿਹੰਤ ਸੰਘ ਆਚਾਰਿਆ ਸਾਧਵੀ ਡਾ: ਸਾਧਨਾ ਜੀ ਦਾ ਆਸ਼ਿਰਵਾਦ, ਸਹਿਯੋਗ ਅਤੇ ਮਾਰਗ ਦਰਸ਼ਨ ਰਿਹਾ ਹੈ।

ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਅਸੀਂ ਅਪਣੇ ਛੋਟੇ ਭਰਾ ਸ਼੍ਰੀ ਮੁੰਹਮਦ ਸ਼ੱਬੀਰ (ਜ਼ੂਨੈਰ੍ਹਾ ਕੰਪਿਊਟਰਜ਼) ਮਾਲੇਰਕੋਟਲਾ ਦੇ ਸਹਿਯੋਗ ਤੇ ਮਿਹਨਤ ਲਈ ਧੰਨਵਾਦੀ ਹਾਂ।

ਇਸ ਗ੍ਰੰਥ ਦੇ ਅਨੁਵਾਦ ਵਿਚ ਰਹਿਆਂ ਗਲਤੀਆਂ ਲਈ ਅਸੀਂ ਪਾਠਕ ਵਰਗ ਅਤੇ ਵਿਧਵਾਨਾ ਤੋਂ ਖਿਮ੍ਹਾ ਚਾਹੁੰਦੇ ਹਾਂ। ਆਸ ਹੈ ਕਿ ਪਾਠਕ ਵਰਗ ਇਸ ਅਨੁਵਾਦ ਦੀਆਂ ਗਲਤੀਆਂ ਨੂੰ ਸੁਧਾਰ ਕੇ ਸਾਨੂੰ ਅਗਲੇ ਸ਼ੰਸਕਰਨ ਲਈ ਸੁਝਾਓ ਦੇਣਗੇ। ਇਕ ਵਾਰ ਫਿਰ ਸਾਰੇ ਸਹਿਯੋਗੀਆਂ ਦਾ ਅਤੇ ਪ੍ਰਯੋਗ ਕੀਤੇ ਗ੍ਰੰਥਾ ਦੇ ਲੇਖਕਾਂ, ਅਨੁਵਾਦਕਾਂ ਤੇ ਪ੍ਰਕਾਸ਼ਕਾਂ ਦੇ ਧੰਨਵਾਦੀ ਹਾਂ।

੩੧/੦੩/੨੦੦੭ ਸ਼ੁਭਚਿੰਤਕ

ਮੰਡੀ ਗੋਬਿੰਦਗੜ੍ਹ ਪੁਰਸ਼ੋਤਮ ਜੈਨ, ਰਵਿੰਦਰ ਜੈਨ

*ਟਿਪਨੀ [੧]:*

*੧੨ ਅੰਗ:*

*ਆਚਾਰੰਗ, ਸੂਤਰਕ੍ਰਿਤਾਂਗ, ਸਥਾਨੰਗ, ਸਮਵਾਯਾਂਗ, ਭਗਵਤੀ, ਗਿਆਤਾਧਰਮ ਕਥਾਂਗ, ਉਪਾਸਕ ਦਸ਼ਾਂਗ, ਅੰਤਕ੍ਰਿਤਦਸ਼ਾ, ਅਨੋਤਰਅਪਾਤਿਕ, ਪ੍ਰਸ਼ਨ ਵਿਆਕਰਨ, ਵਿਪਾਕ ਅਤੇ ਦਰਿਸ਼ਟੀਵਾਦ (ਲੁਪਤ ਹੋ ਚੁਕਾ ਹੈ)*

*੧੨ ਉਪਾਂਗ:*

*ਔਪਾਪਾਤਿਕ, ਰਾਜਪ੍ਰਸ਼ੇਨੀਆ, ਜੀਵਾਵਿਗਮ, ਪ੍ਰਗਿਆਪਨਾ, ਜੰਬੂ ਦੀਪ ਪ੍ਰਗਿਅਪਤੀ, ਚੰਦਰ ਪ੍ਰਗਿਅਪਤੀ, ਸੁਰੀਜਪ੍ਰਗਿਆਪਤੀ, ਕਲਪਿਕਾ ਕਲਪਾਂਤਿਕਾ, ਪੁਸ਼ਪਿਕਾ, ਪੁਸ਼ਪਚੁਲਿਕਾ, ਬ੍ਰਿਸ਼ਣੀਦਿਸ਼ਾ।*

*<u>੫ ਛੇਦ ਸੂਤਰ:</u>*

*ਦਸ਼ਾਸਰੁਤਸਕੰਧ, ਬ੍ਰਹਤਕਲਪ, ਵਿਵਹਾਰਸਰੁਤ, ਨਸ਼ੀਥ, ਜੀਤਕਲਪ, ਪੰਚਛੇਦ ਕਲਪ।*

*੬ ਮੂਲ ਸੂਤਰ:*

*ਆਵਸਕ, ਦਸਵੇਂਕਾਲਿਕ, ਉਤਰਾਧਿਐਨ, ਪਿੰਡ ਨਿਰਯੁਕਤੀ, ਨੰਦੀ, ਅਨੁਯੋਗਦੁਆਰ।*

*੧੦ ਪ੍ਰਕੀਰਣਕ:*

*੧. ਚਉਸ਼ਰਨ*

*੨. ਆਤੁਰ ਪਛਖਾਨ*

*੩. ਭੱਤ ਪਜਨਾ*

*੪. ਮਰਨ ਵਿਧੀ*

*੫. ਤੰਦੁਲ ਵਿਯਾਲੀਆ*

*੬. ਚੰਦਰਵਿੱਜ*

੭. ਗਨੀਵਿੱਜਾ

੮. ਜੋਈਕਾਂਡ

੯. ਸੰਸਤਾਰਕ

੧੦. ਗਛਾਚਾਰ

# ਸ਼੍ਰੀ ਦਸਵੇਂਕਾਲਿਕ ਸੂਤਰ

## ਪਹਿਲਾ ਅਧਿਐਨ (ਦਰੁਮ ਪੁਸ਼ਪਿਕਾ)

ਅਹਿੰਸਾ (ਜੀਵ ਦਿਆ) ਸੰਜਮ ਤੇ ਤਪ ਰੁਪ, ਸਰਵੱਗਾਂ ਰਾਹੀਂ ਫੁਰਮਾਇਆ ਧਰਮ ਸਭ ਮੰਗਲਾਂ ਤੋਂ ਉੱਚਾ ਮੰਗਲ ਹੈ ਜਿਸ ਪੁਰਸ਼ ਦਾ ਮਨ ਸਦਾ ਅਜਿਹੇ ਧਰਮ ਵਿਚ ਲਗਾ ਰਹਿੰਦਾ ਹੈ ਉਸ ਨੂੰ ਸਵਰਗਾਂ ਦੇ ਇੰਦਰ ਸਮੇਤ ਸਾਰੇ ਦੇਵਤੇ ਨਮਸ਼ਕਾਰ ਕਰਦੇ ਹਨ। ॥੧॥

ਜਿਵੇਂ ਭੋਰਾਂ ਬਾਗ ਦੇ ਫੁੱਲਾਂ ਤੋਂ ਥੋੜਾ ਥੋੜਾ ਰਸ ਗ੍ਰਹਿਣ ਕਰਕੇ ਆਪਣੀ ਆਤਮਾ ਨੂੰ ਤ੍ਰਿਪਤ ਕਰ ਲੈਂਦਾ ਹੈ, ਪਰ ਫੁੱਲਾਂ ਨੂੰ ਕਸ਼ਟ ਕੋਈ ਨਹੀਂ ਪਹੁੰਚਦਾ। ॥੨॥

ਉਸੇ ਪ੍ਰਕਾਰ ਮਨੁੱਖ ਲੋਕ ਵਿੱਚ ਗੁਜਰਨ ਵਾਲਾ ਸਾਧੂ, ਪਰਿਗ੍ਰਹਿ ਤਿਆਗੀ, ਲੋਕਾਂ ਦੇ ਘਰਾਂ ਵਿੱਚ ਥੋੜਾ ਅਤੇ ਦੋਸ਼ ਰਹਿਤ ਭੋਜਨ ਗ੍ਰਹਿਣ ਕਰਕੇ, ਆਪਣੀ ਆਤਮਾ ਨੂੰ ਤ੍ਰਿਪਤ ਕਰਦਾ ਹੈ ਗ੍ਰਹਿਸਥਾਂ ਨੂੰ ਕਿਸੇ ਵੀ ਤਰ੍ਹਾਂ ਦਾ ਕਸ਼ਟ ਨਹੀਂ ਪਹੁੰਚਾਉਂਦਾ। ॥੩॥

"ਅਸੀਂ ਇਸ ਪ੍ਰਕਾਰ ਦਾ ਭੋਜਨ ਗ੍ਰਹਿਣ ਕਰਾਂਗੇ, ਜਿਸ ਵਿੱਚ ਕਿਸੇ ਵੀ ਜੀਵ ਦੀ ਹਿੰਸਾ ਨਾਂ ਹੋਵੇ, ਜਿਵੇਂ ਭੋਰਾਂ ਫੁੱਲਾਂ ਦੇ ਵਿੱਚ ਘੁੰਮਦਾ ਹੈ ਉਸੇ ਪ੍ਰਕਾਰ ਸਾਧੂ ਗ੍ਰਹਿਸਥਾਂ ਦੇ ਘਰਾਂ ਵਿੱਚ ਘੁੰਮਦਾ ਹੈ। ॥੪॥

ਭੋਰੇ ਦੀ ਤਰ੍ਹਾਂ ਗ੍ਰਹਿਸਥਾਂ ਦੇ ਘਰਾਂ ਤੋਂ ਭਿਸ਼ਟ ਪ੍ਰਕਾਰ ਦੇ ਦੋਸ਼ ਰਹਿਤ ਭੋਜਨ ਨੂੰ ਗ੍ਰਹਿਣ ਕਰਨ ਵਾਲਾ, ਗਿਆਨੀ ਕੁਲ ਆਦਿ ਦੇ ਬੰਧਨ ਤੋਂ ਰਹਿਤ, ਇੰਦਰੀਆਂ ਨੂੰ ਬਸ ਕਰਨ ਵਾਲਾ, ਜੋ ਪੁਰਸ਼ (ਸਾਧੂ) ਹੁੰਦਾ ਹੈ+ ਉਸ ਸਾਧੂ ਅਖਵਾਉਣ ਦਾ ਹੱਕਦਾਰ ਹੈ ।ਇਸ ਪ੍ਰਕਾਰ ਮੈਂ ਆਖਦਾ ਹੈ। ॥੫॥

ਟਿਪਨੀ ਸਲੋਕ ਪਹਿਲਾ :-

ਅਹਿੰਸਾ—ਪ੍ਰਮਾਦਯੁਕਤ ਮਨ-ਬਚਨ ਕਾਈਆਂ ਤੋਂ ਕਿਸੇ ਜੀਵ ਨੂੰ ਕਸ਼ਟ ਜਾਂ ਪੀੜਾ ਪਹੁੰਚਾਣਾ ਅਤੇ ਜੀਵਾਂ ਦੀ ਹੱਤਿਆ ਕਰਨਾ ਹਿੰਸਾ ਹੈ । ਸਾਰੇ ਜੀਵਾਂ ਪ੍ਰਤਿ ਰਹਿਮ, ਦੋਸਤੀ ਅਤੇ ਸਮਾਨਤਾ ਦਾ ਭਾਵ ਅਹਿੰਸਾ ਹੈ ।

ਵਿਸਤਾਰ ਪੱਖੋਂ ਪ੍ਰਿਥਵੀ, ਪਾਣੀ, ਅੱਗ, ਹਵਾ, ਬਨਸਪਤਿ ਅਤੇ ਤਰੱਸ (ਹਿਲਨ-ਚਲਨ) ਵਾਲੇ ਕਿਸੇ ਵੀ ਯੋਨੀ ਦੇ ਜੀਵਾਂ ਨੂੰ ਕਸ਼ਟ, ਨਾਂ ਪਹੁੰਚਾਨਾ ਅਹਿੰਸਾ ਹੈ। ਇਨ੍ਹਾਂ ਜੀਵਾਂ ਦਾ ਘਾਤਨਾ ਕਰਨਾ ਅਹਿੰਸਾ ਹੈ ਇਹ ਨਾ ਪੱਖੀ ਅਹਿੰਸਾ ਹੈ ।

ਪ੍ਰਾਣੀ ਰੱਖਿਆ, ਮੈਤਰੀ, ਕਰੁਣਾ ਅਤੇ ਅਪਣੀ ਆਤਮਾ ਦੇ ਸਮਾਨ ਸਭ ਦਾ ਦੁਖ-ਸੁੱਖ ਅਪਣੀ ਆਤਮਾ ਦੀ ਤਰ੍ਹਾਂ ਮੰਨਣਾ ਅਹਿੰਸਾ ਦਾ ਵਿਧਾਇਕ ਰੂਪ ਹੈ ।

ਸੰਜਮ :-

ਅਸ਼ੁੱਭ ਭਾਵ ਅਤੇ ਪਾਪ ਦਾ ਆਚਰਨ ਤੋਂ ਇੰਦਰੀਆਂ ਨੂੰ ਰੋਕਨਾ ਅਤੇ ਮਨ ਨੂੰ ਕਾਬੂ ਕਰਨਾ ਸੰਜਮ ਹੈ ਸੰਜਮ ਦੇ ੧੭ ਭੇਦ ਹਨ ।

ਹਿੰਸਾ, ਝੂਠ, ਚੌਰੀ, ਮੈਥੂਨ ਅਤੇ ਪਰਿਗ੍ਰਹਿ ਆਦਿ ੫ ਆਸ਼ਰਵ ਕਰੋਧ, ਮਾਨ ਮਾਇਆ, ਲੋਭ ਆਦਿ ਚਾਰ ਕਸ਼ਾਏ (੪) ਪੰਜ ਸਮਿਤਿਆਂ ਦਾ ਪਾਲਨ (੫) ਮਨ-ਬਚਨ ਤੇ ਕਾਈਆਂ ਨੂੰ ਅਸ਼ੁਭ ਪ੍ਰਵਿਰਤੀਆਂ ਤੋਂ ਰੋਕਣਾ ਸੰਜਮ ਵਿਚ ਸ਼ਾਮਲ ਹੈ ।

ਤੱਪ :- ਕਰਮਾ ਦਾ ਖਾਤਮਾ ਕਰਕੇ ਆਤਮਾ ਨੂੰ ਸ਼ੁਧ ਸਵਰੂਪ ਦੇਣ ਵਾਲੀ ਪ੍ਰਕ੍ਰਿਆ ਦਾ ਨਾਂ ਤਪ ਹੈ। ਤਪ ਦੇ ਦੋ ਮੁੱਖ ਰੂਪ ਹਨ (੧) ਅੰਦਰਲਾ (੨) ਬਾਹਰਲਾ।

ਤਪ ਦੇ ਛੇ ਭੇਦ ਹਨ ਭੇਦਾਂ ਦੇ ਨਾ ਇਸ ਪ੍ਰਕਾਰ ਹਨ ।

(੧) ਅਨਸ਼ਨ (੨) ਉਨੋਦਰੀ (੩) ਭਿਕਸ਼ਾਚਰੀ (੪) ਰਸ਼ ਤਿਆਗ (੫) ਕਾਇਆ ਕਲੇਸ਼ (੬) ਪ੍ਰਤਿ ਸ਼ਲੀਨਤਾ ।

ਅੰਦਰਲਾ ਤਪ ਦੇ ੬ ਭੇਦ ਹਨ ।

(੧) ਪ੍ਰਾਯਸ਼ਚਿਤ (੨) ਵਿਨੈ (੩) ਵੈਯਾਵਰਿਤ (੪) ਸਵਾਧਿਆਏ (੫) ਧਿਆਨ (੬) ਵਿਉਤ ਸ਼ਰਗ ।

ਧਰਮ :-

ਧਰਮ ਦੀਆਂ ਅਨੇਕਾਂ ਵਿਆਖਿਆ ਹੈ। ਆਮ ਤੌਰ ਤੇ ਵਸਤੂ ਦਾ ਸੁਭਾਅ ਨੂੰ ਧਰਮ ਆਖਿਆ ਗਿਆ ਹੈ। ਜੀਵ ਜਾਂ ਆਤਮਾ ਦਾ ਸੁਭਾਵ ਹੈ ਨਿਰਵਾਨ ਜਾਂ ਮੋਕਸ਼ ਆਤਮਾ ਦੀ ਸ਼ੁਧੀ ਅਤੇ ਵਿਕਾਸ ਲਈ ਜੋ ਸਹਾਇਕ ਹੈ ਉਹ ਧਰਮਾ ਹੈ। ਅਹਿੰਸਾ, ਸੰਜਮ ਅਤੇ ਤਪ ਰਾਹੀਂ ਆਤਮਾ ਤੇ ਲੱਮੇ ਪਾਪ ਕਰਮਾਂ ਦਾ ਨਾਸ਼ ਹੁੰਦਾ ਹੈ ਪੁਰਾਤਨ ਵਿਆਖਿਆ ਅਨੁਸਾਰ “ਦਰੁਗਤਿ ਵਿਚ ਗਿਰਦੇ ਜੀਵਾਂ ਨੂੰ ਜੋ ਧਾਰਨ ਕਰਦਾ ਹੈ ਅਤੇ ਰੱਖਿਆ ਕਰਦਾ ਹੈ ਉਹ ਧਰਮ ਹੈ।

ਮੰਗਲ : -

ਜੋ ਸ਼ੁਭਅ ਤੇ ਕਲਿਆਣ ਕਾਰੀ ਹੋਵੇ । ਅਚਾਰਿਆ ਨੇ ਮੰਗਲ ਸ਼ਬਦ ਦੇ ਦੋ ਭੇਦ ਕੀਤੇ ਹਨ। (੧) ਦਰੱਵ ਮੰਗਲ (੨) ਭਾਵ ਮੰਗਲ। ਪ੍ਰਤੀਕ ਰੂਪ ਕਲਸ਼, ਸਵਾਸ਼ਸਤਿਕ, ਦਰਪਨ ਆਦਿ ਅਤੇ ਮੰਗਲ ਦਰਵ ਮੰਗਲ ਹਨ। ਵਸਤੂ ਰੂਪ ਵਿੱਚ ਦਹੀ, ਚੋਲ, ਸ਼ੰਖ, ਸ਼੍ਰੀ ਫਲ ਆਦਿ ਦਰਵ ਮੰਗਲ ਹਨ ਆਤਮਾ ਨੂੰ ਸੁਖਸਾਂਤੀ ਪਹੁੰਚਾਉਣ ਵਾਲਾ ਧਰਮ ਹੀ ਭਾਵ ਮੰਗਲ ਹੈ।

---

ਟਿਪਨੀ-੧੧

ਪੰਜ ਆਸ਼ਰਵ ਹਨ:

੧. ਮਿਥਿਆ ਦਰਿਸ਼ਟੀ, ੨. ਅਤਿਆਗ, ੩. ਪ੍ਰਮਾਦ, ੪. ਕਸ਼ਾਏ (ਕਰੋਧ, ਮਾਨ, ਮਾਇਆ ਲੋਭ), ੫. ਅਸ਼ੁਭ ਯੋਗ।

ਤਿੰਨ ਗੁਪਤੀਆਂ ਹਨ:

(੧) ਮਨ ਗੁਪਤੀ (੨) ਬਚਨ ਗੁਪਤੀ (੩) ਕਾਇਆ ਗੁਪਤੀ ।

ਇਹ ਪੰਜ ਇੰਦਰੀਆਂ ਹਨ:

(੧) ਸਪਰਸ਼ (੨) ਰਸਨਾ (੩) ਨੱਕ (੪) ਅੱਖ (੫) ਕੰਨ

ਇਨ੍ਹਾਂ ਤੋਂ ਹੋਣ ਵਾਲੇ ਸੱਤ ਭੈ ਹਨ।

(੧) ਲੋਕ ਦਾ ਭੈ (੨) ਪਰਲੋਕ ਦਾ ਭੈ (੩) ਆਦਾਨ ਭੈ:- ਰਾਜਾ ਤੋਂ ਹੋਣ ਵਾਲਾ ਡਰ (੪) ਅਕਸ਼ਮਾਤ ਭੈ:- ਬਿਜਲੀ ਆਦਿ ਕੜਕਨ ਦਾ ਡਰ (੫) ਆਜੀਵਕਾ ਭੈ - ਅਕਾਲ ਦਾ ਡਰ (੬) ਮਰਨ ਭੈ :- ਮੌਤ ਦਾ ਡਰ (੭) ਲੋਕ ਅਪਵਾਦ: ਲੋਕਾਂ ਵਿੱਚ ਬੇਇੱਜ਼ਤੀ ਦਾ ਭੈ।

(੧) ਮਨ ਨੂੰ ਵਿਕਾਰਾ ਵਲ ਨਾ ਜਾਨ ਦੇਨਾ ਮਨ ਗੁਪਤੀ ਹੈ (੨) ਦੋਸ਼ ਰਹਿਤ ਭਾਸ਼ਾ ਬੋਲਨ ਬਚਨ ਗੁਪਤੀ ਹੈ (੩) ਸ਼ਰੀਰ ਤੋਂ ਾਪਕਾਰੀ ਕੰਮ ਨਾ ਕਰਨਾ ਕਾਇਆ ਗੁਪਤੀ ਹੈ।

# ਦੂਸਰਾ ਸ੍ਰਾਮਣਯ ਪੁਰਵਿਕਾ ਅਧਿਐਨ

ਜੋ ਸਾਧੂ ਕਾਮ ਭੋਗਾਂ ਦਾ ਤਿਆਗ ਕਰਦਾ ਹੈ ਉਹ ਹਰ ਜਗ੍ਹਾ ਤੇ ਦੁਖੀ ਹੁੰਦਾ ਹੋਇਆ, ਖੋਟੇ ਮਾਨਸਿਕ ਵਿਚਾਰਾਂ ਦੇ ਵੱਸ ਹੁੰਦਾ ਹੋਇਆ, ਚਰਿੱਤਰ (ਸਾਧੂ ਜੀਵਨ) ਦਾ ਕਿ ਪਾਲਨ ਕਰੇਗਾ ? ਭਾਵ ਕਿਸੇ ਪ੍ਰਕਾਰ ਪਾਲਨ ਨਹੀਂ ਕਰ ਸਕਦਾ ।) ਜੋ ਪੁਰਸ਼ ਆਪਣੇ ਅਧੀਨ ਜਾਂ ਪੁਰਾਣੇ ਵਸ, ਹੋਲੇ ਕਪੜੇ, ਖੁਸ਼ਬੂ ਗਹਿਣਿਆਂ, ਇਸਤਰੀਆਂ, ਮੰਜਾਂ, ਬਿਸਤਰਾ ਆਦਿ ਨੂੰ ਨਾ ਸੇਵਨ ਕਰਦੇ ਹੋਏ ਉਹ ਤਿਆਗੀ ਨਹੀਂ ਅਖਵਾ ਸਕਦੇ ਭਾਵ ਜੋ ਇਸਤਰੀਆਂ, ਗਹਿਣੇ ਆਦਿ ਪਰਿਗ੍ਰਹਿ ਆਪਣੇ ਅਧੀਨ ਨਹੀਂ ਉਨ੍ਹਾਂ ਜੋ ਮਜਬੂਰੀ ਵਸ ਨਹੀਂ ਭੋਗ ਸਕਦਾ ਉਹ ਸਾਧੂ ਨਹੀਂ ਅਖਵਾ ਸਕਦਾ। ॥੧-੨॥

ਜੋ ਪੁਰਸ਼ ਮਨੋਹਰ, ਮਨ ਦੇ ਪਿਆਰੇ, ਪ੍ਰਾਪਤ ਹੋਏ ਆਪਣੇ ਅਧੀਨ ਵਿਸ਼ੈ ਭੋਗਾਂ ਨੂੰ ਪ੍ਰਾਪਤ ਕਰਕੇ, ਉਨ੍ਹਾਂ ਤੋਂ ਮੂੰਹ ਫੇਰ ਲੈਂਦਾ ਹੈ ਉਨ੍ਹਾਂ ਨੂੰ ਛੱਡ ਦਿੰਦਾ ਹੈ ਉਹ ਨਿਸ਼ਚੈ ਹੀ ਤਿਆਗੀ (ਸਾਧੂ) ਹੈ। ॥੩॥

ਸਮਤਾ ਦੇ ਰਾਹ ਤੇ ਚਲਣ ਵਾਲਾ ਧਿਆਨ ਸਮੇਂ ਸੋਚੇ ਕਿ ਇਹ ਵਸਤੂ ਜਾਂ ਇਸਤਰੀ ਮੇਰੀ ਨਹੀਂ। ॥੪॥

ਭਗਵਾਨ ਫਰਮਾਉਂਦੇ ਹਨ "ਹੇ ਸਾਧੂਓ ! ਜੇ ਤੁਸੀਂ ਸੰਸਾਰ ਦੇ ਦੁੱਖਾਂ ਤੋਂ ਛੁਟਕਾਰਾ ਪਾ ਕੇ ਸੁਖ ਹੋਣ ਦੀ ਇਛਾ ਰਖਦੇ ਹੋ ਤਾਂ ਆਤਾਪਨਾ ਲਵੋ ਭਾਵ ਗਰਮ ਸ਼ਿਲਾ ਜਾਂ ਰੇਤ ਤੇ ਸੋਵੇ, ਸਕੁਮਾਰਤਾ (ਕੋਮਲਤਾ) ਵਿਸ਼ੈ ਵਾਸਾਨਾਵਾ ਤੋਂ ਚਿੱਤ ਨੂੰ ਹਟਾ ਦੇਵੇ, ਵਿਰੋਧ ਤੇ ਪ੍ਰੇਮ ਰਾਗ ਨੂੰ ਛਡ ਦੇਵੇ। ਜੇ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਜ਼ਰੂਰ ਦੁੱਖਾਂ ਦਾ ਖਾਤਮਾ ਕਰੋਗੇ। ॥੫॥

ਆਪਣੀ ਤੇ ਦੂਸਰਿਆਂ ਦੀ ਆਤਮਾ ਨੂੰ ਇਕ ਤਰ੍ਹਾਂ ਵੇਖਣ ਵਾਲੀ ਸਮ ਦਰਿਸ਼ਟੀ ਰਾਹੀਂ ਸੰਜਮ ਦਾ ਪਾਲਨ ਕਰਨ ਵਾਲੇ ਸਾਧੂ ਦਾ ਮਨ, ਪਹਿਲਾ ਭੋਗੇ ਭੋਗਾਂ ਨੂੰ ਯਾਦ ਆ ਜਾਣ ਤੇ ਜੇ ਸੰਜਮ ਰੂਪੀ ਘਰ ਤੋਂ ਬਾਹਰ ਨਿਕਲ ਜਾਵੇ ਤਾਂ ਇਸ ਤਰ੍ਹਾਂ ਸੋਚੇ "ਇਹ ਇਸਤਰੀ ਮੇਰੀ ਨਹੀਂ ਹੈ ਅਤੇ ਮੈਂ ਉਸ ਇਸਤਰੀ ਦਾ ਨਹੀਂ ਹਾਂ" ਆਦਿ ਵਿਚਾਰਾ ਰਾਹੀਂ ਮਨ ਨੂੰ ਰਾਗ ਦਵੇਸ਼ ਤੋਂ ਦੂਰ ਕਰੇ। ॥੪॥

ਅੰਗਧਨ ਨਾਮ ਕੁਲ ਵਿੱਚ ਪੈਦਾ ਹੋਏ ਸੱਪ, ਮੁਸ਼ਕਿਲ ਵਿੱਚ ਜਲਦੀ ਹੋਈ ਅੱਗ ਵਿੱਚ ਆਸਰਾਂ ਲੈ ਕੇ ਜਲ-ਜਾਨਾ ਸਵਿਕਾਰ ਕਰ ਲੈਂਦੇ ਹਨ ਪਰ ਉਗਲੇ ਹੋਏ ਜ਼ਹਿਰ ਨੂੰ ਪੀਣ ਦੀ ਇੱਛਾ ਨਹੀਂ ਕਰਦੇ। ॥੬॥[੧]

"ਹੇ ਯਸ਼ ਦੀ ਕਾਮਨਾ ਵਾਲੇ ! ਧਿਕਾਰ ਹੈ ਤੈਨੂੰ, ਜੋ ਇਸ ਨਾਸ਼ਵਾਨ ਜੀਵਨ ਦੇ ਲਈ ਉਲਟੀ ਕੀਤੀ ਵਸਤੂ ਨੂੰ ਗ੍ਰਹਿਣ ਕਰਨ ਦੀ ਇੱਛਾ ਰੱਖਦਾ ਹੈ। ਤੇਰੇ ਇਸ ਜੀਵਨ ਤੋਂ ਮੌਤ ਚੰਗੀ ਹੈ। ॥੭॥

"ਮੈਂ ਰਾਜਮਤੀ ਭੋਜਰਾਜ ਦੀ ਪੁਤਰੀ ਹਾਂ ਅਤੇ ਤੂੰ ਰਥਨੇਮੀ ਅੰਧਕ ਵਰਿਸਣੀ ਦਾ ਪੁਤਰ ਹੈਂ, ਅਸੀਂ ਉਸ ਗੰਧਨ ਜਾਤੀ ਦੇ ਸੱਪ ਦੀ ਤਰ੍ਹਾਂ ਛੱਡੇ ਭੋਗਾਂ ਨੂੰ ਗ੍ਰਹਿਣ ਕਰਨ ਵਾਲੇ ਨਾ ਬਨਿਏ। ਤੂੰ ਮਨ ਨੂੰ ਸੰਜਮ ਵਿੱਚ ਸਥਿਰ ਕਰਕੇ ਸਾਧੂ ਜੀਵਨ ਦਾ ਪਾਲਨ ਕਰ"। ॥੮॥

"ਜੇ ਤੂੰ ਇਸਤਰੀਆਂ ਨੂੰ ਵੇਖੇਗਾ ਤੇਰੇ ਮਨ ਵਿੱਚ ਉਨ੍ਹਾਂ ਪ੍ਰਤਿ ਰਾਗ ਦਵੇਸ਼ ਪੈਂਦਾ ਹੋਵੇਗਾ । ਤੇ ਅਸਥਿਰ ਚਿਤ ਵਾਲਾ ਹੋ ਜਾਵੇਗਾ । ਤੇਰੀ ਹਾਲਤ ਹਵਾ ਵਿੱਚ ਝੁਲਦੇ ਤਟ ਨਾਂ ਦੇ ਬੂਟੇ ਵਰਗੀ ਹੋ ਜਾਵੇਗੀ ॥੯॥

ਉਸ ਸੰਜਮੀ ਰਾਜਮਤੀ ਦੇ ਮਿਠੇ ਅਤੇ ਸਾਰ ਭਰਪੂਰ ਬਚਨ ਸੁਣ ਕੇ ਰਥਨੇਮਿ ਸੰਜਮ ਵਿਚ ਇਸ ਪ੍ਰਕਾਰ ਸਥਿਰ ਹੋ ਗਿਆ ਜਿਵੇਂ ਅਕੁੰਸ਼ ਲਗਨ ਤੇ ਹਾਥੀ ਵੱਸ਼ ਵਿੱਚ ਹੋ ਜਾਂਦਾ ਹੈ। ॥੧੦॥

ਬੁੱਧੀਮਾਨ, ਪੰਡਤ ਅਤੇ ਪਾਪ ਮੁਕਤ ਪੁਰਸ਼ ਅਜਿਹਾ ਹੀ ਕਰਦੇ ਹਨ। ਉਹ ਭੋਗਾਂ ਤੋਂ ਇਸੇ ਪ੍ਰਕਾਰ ਛੁਟਕਾਰਾ ਪ੍ਰਾਪਤ ਕਰਦੇ ਹਨ ਜਿਵੇਂ ਪੁਰਸ਼ੋਤਮ ਰੱਥਨੇਮੀ ਨੇ ਕੀਤਾ। ਅਜਿਹਾ ਮੈਂ ਆਖਦਾ ਹਾਂ। ॥੧੧॥

---

---

੧. ਇਹ ਗਾਥਾ ਸ਼੍ਰੀ ਉਤਰਾਧਿਐਨ ਸੂਤਰ ਵਿੱਚ ਵੀ ਮਿਲਦੀ ਹੈ ਕਥਾ ਇਸ ਪ੍ਰਕਾਰ ਹੈ :

ਟਿਪਣੀ ਸ਼ਲੋਕ ੬ ਤੋਂ ੯:

ਰਥਨੇਮਿ ਭਗਵਾਨ ਅਰਿਸ਼ਟਨੇਮਿ ਦਾ ਛੋਟਾ ਭਰਾ ਸੀ । ਰਾਜੂਲ ਨਾਂ ਦੀ ਰਾਜਕੁਮਾਰੀ ਉਨ੍ਹਾਂ ਦੀ ਮੰਗੇਤਰ ਸੀ । ਜਦ ਅਰਿਸ਼ਟਨੇਮਿ ਦੀ ਬਾਰਾਤ ਰਾਜੂਲ ਦੇ ਘਰ ਆ ਰਹੀ ਸੀ ਤਾਂ, ਅਰਿਸ਼ਟਨੇਮੀ ਨੇ ਪਸ਼ੂਆਂ ਦੇ ਬਾੜੇ ਵਿੱਚ ਰੱਖੇ ਜਾਨਵਰਾਂ ਦਾ ਸਮੂਹ ਵੇਖਿਆ। ਸਾਰਥੀ ਤੋਂ ਪੁਛਣ ਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਸਾਰੇ ਪਸ਼ੂ ਉਨ੍ਹਾਂ ਦੀ ਸ਼ਾਦੀ ਵਿੱਚ ਮਾਸ ਖਾਣ ਵਾਲੇ ਬਰਾਤੀਆਂ ਲਈ ਮਾਰੇ ਜਾਨੇ ਹਨ। ਇਹ ਗੱਲ ਪਤਾ ਲਗਨ ਤੇ ਅਰਿਸ਼ਟਨੇਮਿ ਨੇ ਬਰਾਤ ਵਾਪਸ ਮੋੜਨ ਦਾ ਹੁਕਮ ਦਿੱਤਾ। ਇਕ ਸਾਲ ਗਰੀਬਾਂ ਨੂੰ ਦਾਨ ਕੀਤਾ ਫੇਰ ਸੰਜਮ ਗ੍ਰਹਿਣ ਕੀਤਾ ਅਤੇ ਤੱਪ ਕਰਕੇ ਕੇਵਲ ਗਿਆਨ ਪ੍ਰਾਪਤ ਕੀਤਾ। ਉਨ੍ਹਾਂ ਦੇ ਨਾਲ ਹੀ ਰਥਨੇਮਿ ਅਤੇ ਰਾਜੂਲ ਨੇ ਵੀ ਸੰਜਮ ਜੀਵਨ ਗ੍ਰਹਿਣ ਕੀਤਾ।

ਇਕ ਵਾਰ ਰਾਜੂਲ ਭਗਵਾਨ ਅਰਿਸ਼ਟਨੇਮਿ ਦੇ ਦਰਸ਼ਨ ਕਰਨ ਲਈ ਗਿਰਨਾਰ ਪਰਬਤ ਤੇ ਜਾ ਰਹੀ ਸੀ। ਰਸਤੇ ਵਿਚ ਮੀਂਹ ਹਨੇਰੀ ਆ ਗਈ। ਸਾਰੀਆਂ ਸਾਧਵੀਆਂ ਵਿੱਚ ਘਬਰਾਹਟ ਫੈਲ ਗਈ। ਸਾਧਵੀਆਂ ਮੀਂਹ ਤੋਂ ਬਚਨ ਲਈ ਅੱਡ-ਅੱਡ ਟਿਕਾਣੇ ਤੇ ਸ਼ਰਨ ਲੇ ਲਈ। ਰਾਜੂਲ ਨੇ ਵੀ ਇਕ ਗੁਫ਼ਾ ਵਿਚ

ਸ਼ਰਨ ਲਈ। ਉਸ ਨੇ ਹਨੇਰੀ ਗੁਫ਼ਾ ਵਿੱਚ ਏਕਾਂਤ ਸਮਝ ਕੇ ਅਪਣੇ ਗਿਲੇ ਕਪੜੇ ਸੁਕਾਉਣ ਲਈ ਗੁਫ਼ਾ ਵਿੱਚ ਸੁਕਨੇ ਪਾ ਦਿੱਤੇ।

ਇਸੇ ਗੁਫ਼ਾ ਵਿੱਚ ਰਥਨੇਮਿ ਇਕ ਕੋਨੇ ਵਿੱਚ ਬੈਠਾ ਤੱਪ ਕਰ ਰਿਹਾ ਸੀ ਉਸ ਨੇ ਨਗਨ ਸਾਧਵੀ ਨੂੰ ਵੇਖਿਆ। ਉਸ ਨੇ ਪਛਾਨ ਲਿਆ ਕਿ ਇਹ ਰਾਜਕੁਮਾਰੀ ਰਾਜੂਲ ਮੇਰੇ ਭਰਾ ਅਰਿਸ਼ਟਨੇਮਿ ਦੀ ਮੰਗੇਤਰ ਹੈ। ਉਸ ਦੇ ਮਨ ਵਿੱਚ ਸਾਧਵੀ ਦਾ ਸੁੰਦਰ ਰੂਪ ਵੇਖ ਕੇ ਕਾਮ ਵਾਸਨਾ ਜਾਗ ਪਈ।

ਇਧਰ ਸਾਧਵੀ ਰਾਜੂਲ ਨੂੰ ਆਪਣੀ ਗਲਤੀ ਦਾ ਇਹਸਾਸ ਹੋਇਆ। ਉਸ ਨੇ ਅਪਣੇ ਸ਼ਰੀਰ ਨੂੰ ਗਿੱਲੇ ਕਪੱੜੇ ਨਾਲ ਢਕ ਲਿਆ। ਪਰ ਰਥਨੇਮਿ ਤੇ ਕਾਮ ਵਾਸਨਾ ਦਾ ਭੂਤ ਸਵਾਰ ਸੀ। ਉਸਨੇ ਰਾਜੂਲ ਨੂੰ ਅਪਣੇ ਮਨ ਦੇ ਵਿਚਾਰ ਦੱਸੇ। ਸਾਧਵੀ ਰਾਜੂਲ ਨੇ ਉਸ ਦੇ ਮੰਨ ਤੋਂ ਵਿਸ਼ੇ ਵਾਸਨਾ ਦਾ ਭੂਤ ਉਤਾਰਨ ਲਈ, ਇਕ ਭਾਂਡੇ ਵਿੱਚ ਉਲਟੀ ਕੀਤੀ। ਫੇਰ ਉਲਟੀ ਵਾਲਾ ਬਰਤਨ ਅੱਗੇ ਕਰਕੇ ਉਸ ਨੂੰ ਪੀਣ ਲਈ ਕਿਹਾ। ਰਾਜੁਲ ਨੇ ਜੋ ਫਿਟਕਾਰ ਉਸ ਰਥਨੇਮਿ ਭਟਕੇ ਮੁਨੀ ਨੂੰ ਲਗਾਈ, ਉਸੇ ਦਾ ਵਰਨਣ ਇਸ ਅਧਿਐਨ ਵਿੱਚ ਹੈ।

# ਤੀਸਰਾ ਅਧਿਐਨ :- ਸ਼ੁਲਕਾਚਾਰ ਕਥਾ

੧੭ ਪ੍ਰਕਾਰ ਦੇ ਸੰਜਮ ਵਿੱਚ ਚੰਗੀ ਤਰ੍ਹਾਂ ਆਤਮਾ ਨੂੰ ਸਥਿਰ ਰਖਨ ਵਾਲਾ, ਬਾਹਰਲੇ ਤੇ ਅੰਦਰਲੇ ਪਰਿਗ੍ਰਹਿ ਰਹਿਤ, ਆਪਣੀ ਤੇ ਪਰਾਈ ਆਤਮਾ ਦਾ ਰਖਿਅਕ, ਨਿਰਗ੍ਰੰਥ (ਹਰ ਪ੍ਰਕਾਰ ਦੀ ਅੰਦਰਲੀ ਬਾਹਰਲੀ ਗੰਢ ਤੋਂ ਮੁਕਤ) ਸਾਧੂ ਨੂੰ ਅੱਗੋਂ ਆਖੇ ੫੨ ਅਨਾਚਾਰ (ਆਚਾਰ ਤੋਂ ਉਲਟ) ਸੇਵਨ ਕਰਨਣੋਗ ਨਹੀਂ ਹਨ। ॥੧॥

੫੨ ਅਨਾਚਾਰ

੧. ਉਦੇਸ਼ਕ: ਸਾਧੂ ਦੇ ਲਈ ਬਨਾਇਆ ਆਹਾਰ (ਭੋਜਨ) ਗ੍ਰਹਿਣ ਕਰਨਾ।

੨. ਕ੍ਰਿਤ ਕ੍ਰਿਤ: ਸਾਧੂ ਲਈ ਖਰੀਦਿਆ ਭੋਜਨ ਗ੍ਰਹਿਣ ਕਰਨਾ ।

੩. ਨਿਤੱਯ ਅਗਰ ਨਿਯੋਗਿਕ: ਪਹਿਲਾਂ ਮਿਲੇ ਬੁਲਾਵੇ ਵਾਲੇ ਘਰਾਂ ਵਿੱਚੋਂ ਭੋਜਨ ਗ੍ਰਹਿਣ ਕਰਨਾ।

੪. ਅਭਿਹਤਾਨੀ: ਸਾਧੂ ਨੂੰ ਦੇਣ ਲਈ ਦੂਸਰੀ ਜਗ੍ਹਾ ਪਿੰਡ ਤੋਂ ਲਿਆ ਕੇ ਭੋਜਨ ਦੇਣਾ।

੫. ਰਾਤਰੀ ਭੋਜਨ: ਦਿਨ ਵਿੱਚ ਮੰਗਿਆ ਭੋਜਨ ਰਾਤ ਨੂੰ ਗ੍ਰਹਿਣ ਕਰਨਾ।

੬. ਇਸ਼ਨਾਨ: ਇਸ਼ਨਾਨ ਕਰਨਾ।

੭. ਗੰਧਮਲ: ਖੁਸ਼ਬੂਦਾਰ ਪਦਾਰਥਾਂ ਦਾ ਸ਼ਰੀਰ ਤੇ ਇਸਤੇਮਾਲ ਕਰਨਾ ।

੮. ਮਾਲਯ: ਫੁੱਲਾਂ ਦਾ ਹਾਰ ਪਹਿਨਣਾ।

੯. ਵਿੱਜਣ: ਗਰਮੀ ਦੂਰ ਕਰਨ ਲਈ ਪੰਖੇ ਦੀ ਹੱਥ ਨਾਲ ਹਵਾ ਕਰਨਾ ॥੨॥

੧੦. ਸਨਿਧੀ:- ਘੀ, ਗੁੜ ਸ਼ੱਕਰ ਦਾ ਸੰਗ੍ਰਹਿ ਕਰਨਾ।

੧੧. ਗਹਿਮਤੇ: - ਭੋਜਨ ਆਦਿ ਗ੍ਰਹਿਸਥਾਂ ਦਾ ਭੋਜਨ ਵਰਤਨਾ।

੧੨. ਰਾਜਾ ਪਿੰਡ:- ਰਾਜਾ ਲਈ ਬਨਾਏ ਭੋਜਨ ਨੂੰ ਰਾਜਾ ਤੋਂ ਗ੍ਰਹਿਣ ਕਰਨਾ।

੧੩. ਕਿਮਿਛਿਏ:- ਕਿ ਚਾਹੁੰਦੇ ਹੋ "ਅਜਿਹਾ ਆਖਣ ਵਾਲੇ ਦੇ ਘਰ ਤੋਂ ਜਾਂ ਦਾਨਸ਼ਾਲਾ ਤੋਂ ਭੋਜਨ ਗ੍ਰਹਿਣ ਕਰਣਾ।

੧੪. ਸੰਵਾਰਣ:- ਹੱਡ, ਮਾਸ, ਚਮੜੀ ਤੇ ਰੋਮ ਤੇ ਸੁੱਖ ਲਈ ਮਾਲਿਸ਼ ਕਰਨਾ।

੧੫. ਦੰਤ ਪਤੋਯਨ :- ਦੰਦ ਸਾਫ਼ ਕਰਨਾ।

੧੬. ਸੰਪ੍ਰਤਨਾ:- ਗ੍ਰਹਿਸਥ ਨੂੰ ਰਾਗ ਦਵੇਸ਼ ਵੱਸ ਰਾਜੀ ਖੁਸ਼ੀ ਪੁਛਨਾ ਜਾਂ ਪੱਤਰ ਲਿਖਣਾ।

੧੭. ਦੇਹ ਪਲੋਯਨਾ:- ਸ਼ੀਸੇ ਵਿੱਚ ਮੂੰਹ ਵੇਖਨਾ। ॥੩॥

੧੮. ਅਸ਼ਟਾਪਦ:- ਜੁਆ ਚੋਪੜ ਖੇਲਣਾ।

੧੯. ਨਾਲੀ: ਸਤੰਰਜ ਆਦਿ ਜੂਆ ਖੇਡਣਾ।

੨੦. ਛੱਤਸ਼ਯ ਧਾਰਣਠਾਏ:- ਛੱਤਰ ਧਾਰਨ ਕਰਨਾ ਗ੍ਰਹਿਣ ਕਰਨਾ।

੨੧. ਚਕਿਤਸਾ: ਇਲਾਜ ਕਰਵਾਉਣਾ।

੨੨. ਪਾਹਣਾ ਪਾਏ:- ਪੈਰਾਂ ਤੇ ਜੂਤਾ ਧਾਰਨ ਕਰਨਾ।

੨੩. ਜੋਈਣੋ :- ਅੱਗ ਦਾ ਬਾਲਨਾ ਤੇ ਇਸ ਦਾ ਆਪਣੇ ਕੰਮ ਲਈ ਇਸਤੇਮਾਲ ਕਰਨਾ। ॥੪॥

੨੪. ਸਿੱਜਾਅਰ ਪਿੰਡਾਂ:- ਉਪਾਸਰੇ, ਧਰਮਸ਼ਾਲਾ ਮਕਾਨ, ਆਦਿ ਦੇ ਉਸ ਮਾਲਕ ਤੋਂ ਭੋਜਨ ਗ੍ਰਹਿਣ ਕਰਨਾ ਜਿਸ ਨੇ ਠਹਿਰਨ ਦੀ ਇਜਾਜ਼ਤ ਦਿੱਤੀ ਹੋਵੇ।

੨੫. ਆਸੰਦੀ :- ਗ੍ਰਹਿਸੰਥ ਦੀ ਚਟਾਈ, ਗੱਦੀ ਦਰੀ ਆਦਿ ਤੇ ਬੈਠਣਾ ।

੨੬. ਪਲਿਯੇ:- ਗ੍ਰਹਿਸੰਥ ਦੇ ਪਲੰਘ ਮੰਜੇ ਤੇ ਬੈਠਨਾ ।

੨੭. ਗਿਹੰਤਰਨਿਸਿ ਜਾਏ:- ਭਿਖਿਆ ਕਰਦੇ ਸਮੇਂ ਗ੍ਰਹਿਸਥੀ ਦੇ ਘਰ ਬੈਠਨਾ।

੨੮. ਗਾਯਸ਼ੁਵਟਣਾਣੀ:- ਸ਼ਰੀਰ ਨੂੰ ਨਰਮ ਜਾਂ ਕੋਮਲ ਬਨਾਉਣ ਲਏ ਪਿਠੀ ਦਾ ਲੇਪ ਕਰਨਾ। ॥੫॥

੨੯. ਗਿਹਿਣ ਵੈਯਾ ਵਡੀਯੇ:- ਗ੍ਰਹਿਸਥਾਂ ਦੇ ਕੰਮਕਾਰ ਹਿਤ ਸੇਵਾ ਕਰਨਾ।

੩੦. ਜਾਂ ਆਜੀਵ ਬਤੀਆਂ:- ਆਪਣੇ ਜਾਤ ਕੁਲ, ਸ਼ਿੱਲਪ, ਕਲਾਂ ਦਸ ਕੇ ਭੋਜਨ ਪ੍ਰਾਪਤ ਕਰਨਾ।

੩੧. ਤੱਤਾ ਨਿਵ੍ਰੜ ਭੋਇਤ:- ਤਿੰਨ ਵਾਰ ਉਵਾਲੇ ਤੋਂ ਬਿਨਾ ਮਿਲਿਆ ਜੁਲੀਆਂ ਪਾਣੀ ਗ੍ਰਹਿਣ ਕਰਨਾ।

੩੨. ਆਉਸ਼ਰਾਣੀ:- ਮਨ ਦੇ ਯੋਗ ਭੋਜਨ ਨਾ ਮਿਲਨ ਤੋਂ ਗ੍ਰਹਿਸੰਥ ਅਵਸਥਾ ਵਿੱਚ ਖਾਏ ਭੋਜਨ ਦਾ ਚਿੰਤਨ ਕਰਨਾ। ॥੬॥

੩੩. ਅਨਿਵ੍ਰਤੇ :- ਬਿਨਾਂ ਅਚਿੱਤ (ਜੀਵ ਰਹਿਤ) ਕੀਤੀ ਹੋਈ ਮੁਲੀ ਲੈਣਾ। ੩੪. ਸਿੰਗਵੇਰ - ਸੱਚਿਤ:- ਅਦਰਕ ਲੈਣਾ।

੩੫. ਉਡੰਡੇ:- ਸਭ ਪ੍ਰਕਾਰ ਦੀ ਗੰਡੇਰਿਆਂ ਗ੍ਰਹਿਣ ਕਰਨਾ।

੩੬. ਸੱਚਿਤ ਕਰੰਟ ਮੂਲ:- ਸਕੰਰਚੰਦ, ਗਾਜਰ, ਆਲੂ ਆਦਿ, ਜਿਮੀਕੰਦ ਸਚਿੱਤ ਫ਼ੱਲ ਗ੍ਰਹਿਣ ਕਰਨਾ।

੩੭. ਆਪਣੇ:- ਸਚਿੱਤ ਫ਼ਲ ਗ੍ਰਹਿਣ ਕਰਨਾ।

੩੮. ਬੀਏ:- ਸਚਿਤ ਤਿਲ, ਜਵਾਰ, ਛੋਲੇ ਆਦਿ ਬੀਜ ਰੂਪ ਗ੍ਰਹਿਣ ਕਰਨਾ। ॥੭॥

੩੯. ਆਮਏ ਸਾਵੇਚਲ:- ਸਚਿੱਤ ਨਮਕ ਲੈਣਾ।

੪੦. ਸਚਿੱਤ ਸੈਂਧਾ: ਨਮਕ ਲੈਣਾ।

੪੧. ਲੋਵੇ :- ਸਚਿੱਤ ਸ਼ਾਂਬਰ ਨਮਕ ਲੈਣਾ।

੪੨. ਰੋਮਾਲਵੇ :- ਸਚਿੱਤ ਰੋਮਕ ਨਮਕ ਲੈਣਾ।

੪੩. ਸਾਮੁਦੇ :- ਸਚਿੱਤ ਸਮੁੰਦਰੀ ਨਮਕ ਲੈਣਾ।

੪੪. ਪੰਸੁਥਾਰ :- ਸਚਿੱਤ ਖਾਰੀ ਮਿੱਟੀ ਤੋਂ ਬਣੀਆ ਨਮਕ ਲੈਣਾ।

੪੫. ਆਮਏ ਕਾਲਾਲੋਣੇ :- ਸਚਿੱਤ ਕਾਲਾ ਨਮਕ ਲੈਣਾ ॥੮॥

੪੬. ਧੁਵਨੇਨਿ:- ਕਪੜੇ ਨੂੰ ਧੁੱਪ ਵਿੱਚ ਤਪਾਉਣ ਜਾਂ ਰੋਗ ਹਿਤ ਧੂੰਏ ਦੀ ਨਾਲੀ ਦਾ ਪ੍ਰਯੋਗ ਕਰਨ।

੪੭. ਵਮਣੇ: ਦਵਾਈ ਨਾਲ ਉਲਟੀ ਕਰਨਾ।

੪੮. ਵੱਥੀਕੰਮ ਸਨੇਹ:- ਗੁਟਿਕਾ (ਟੱਟੀ) ਆਦਿ ਲਈ ਪਿਚਕਾਰੀ ਲਗਾਉਣ।

੪੯. ਵਿਰੇਯਣੇ:- ਜੁਲਾਬ ਲੈਣਾ

੫੦. ਅਜੰਣੇ:- ਅੱਖਾਂ ਵਿੱਚ ਸੁਰਮਾ ਪਾਉਣ।

੫੧. ਦੰਤਬਣੇ:- ਬਿਨਾ ਕਾਰਨ ਦੰਦ ਮੰਜਨ ਜਾਂ ਦਾਤੁਨ ਕਰਨਾ।

੫੨. ਗਾਇਆ ਭੰਗ ਭਿਵਿਭੂਸਨ ਪਣੇ:- ਬਿਨਾਂ ਕਾਰਣ ਸੋਭਾ ਲਈ ਤੇਲ ਆਦਿ ਲਗਾ ਕੇ ਸ਼ਿੰਗਾਰ ਕਰਨਾ। ॥੯॥

ਦਰਵ ਤੇ ਭਾਵ ਦੀ ਗੰਡ ਤੋਂ ਰਹਿਤ ਨਿਰਗ੍ਰੰਥ (ਜੈਨ ਸਾਧੂ) ਸੰਜਮ ਧਰਮ ਵਿੱਚ ਉਦੱਮੀ ਅਤੇ ਬਿਨਾਂ ਰੁਕਾਵਟ ਧਰਮ ਪ੍ਰਚਾਰ ਲਈ ਘੁਮੰਨ ਵਾਲਾ ਬਨਕੇ ਇਨ੍ਹਾਂ ੫੨ ਅਨਾਚਾਰਾਂ ਨੂੰ ਛੱਡ ਦੇਵੇ । ॥੧੦॥

ਪੰਜ ਆਸ਼ਰਵਾਂ ਦੇ ਦੋਸ਼ਾਂ ਨੂੰ ਜਾਨਣ ਵਾਲਾ, ਤਿੰਨ ਗੁਪਤੀ ਦਾ ਪਾਲਨ ਕਰਨ ਵਾਲਾ, ਛੇ ਕਾਈਆਂ ਦੇ ੩ ਜੀਵਾਂ ਦਾ ਰਖਿੱਅਕ, ਪੰਜ ਇੰਦਰੀਆਂ" ਦੇ ਵਿਸ਼ਿਆਂ ਨੂੰ ਜਿੱਤਣ ਵਾਲਾ, ਨਿਡਰ, ਕਪੱਟ ਰਹਿਤ, ਸਭ ਨੂੰ ਇਕ ਸਾਰ ਸਮਝਵਾਲਾ ਹੀ ਨਿਰਗ੍ਰੰਥ ਅਖਵਾਉਂਦਾ ਹੈ ॥੧੧॥

ਉਹੀ ਸਾਧੂ ਆਪਣੇ ਸੇਜਮ ਧਰਮ ਅਤੇ ਗਿਆਨ ਆਦਿ ਗੁਣਾਂ ਦੀ ਸੁਰੱਖਿਆ ਕਰ ਸਕਦੇ ਹਨ ਜੋ ਗਰਮੀ ਵਿੱਚ ਸ਼ਰੀਰ ਤੇ ਗਰਮੀ ਦੇ ਹਨ ਅਤੇ ਠੰਡ ਦੀ ਰੁੱਤ ਵਿੱਚ ਇਕ ਸਥਾਨ ਤੇ ਰਹਿ ਕੇ ਇੰਦਰੀਆਂ ਨੂੰ ਆਪਣੇ ਅਧੀਨ ਰੱਖਦੇ ਹਨ ॥੧੨॥

ਕਰਮਾਂ ਦੇ ਕਾਰਣ ਪ੍ਰਗਟ ਹੋਏ ਦੁੱਖਾਂ ਦਾ ਨਾਸ਼ ਕਰਨ ਦਾ ਉਦੱਮ ਉਹ ਮਹਾਂਰਿਸ਼ੀ ਹੀ ਕਰ ਸਕਦੇ ਹਨ ਜੋ ੨੨ ਪਰਿਸੈ ਰੂਪੀ ਦੁਸ਼ਮਣਾ ਦਾ, ਮੋਹ ਤੇ ਪੰਜ ਇੰਦਰੀਆਂ ਦੇ ੨੩ ਵਿਸ਼ੇ ਨੂੰ ਜਿੱਤਨ ਵਾਲੇ ਹਨ । ॥੧੩॥

ਅਨਾਚਾਰ ਦਾ ਤਿਆਗ ਕਰਕੇ ਔਖੇ ਸਾਧੂ ਜੀਵਨ ਦਾ ਪਾਲਨ ਕਰਕੇ ਅਤੇ ਮੁਸ਼ਕਿਲ ਨਾਲ ਸਹੀ ਜਾਨ ਵਾਲੀ ਗਰਮੀ ਆਦਿ ਨੂੰ ਸਹਿ ਕੇ ਇਸ ਸੰਸਾਰ ਸਾਗਰ ਤੇ ਬਹੁਤ ਸਾਰੇ ਸਾਧੂ ਦੇਵ ਲੋਕ ਜਾਂਦੇ ਹਨ ਅਤੇ ਕਈ ਕਰਮਾਂ ਦੀ ਮੈਲ ਨੂੰ ਖਤਮ ਕਰਕੇ ਸਿੱਧ (ਮੋਕਸ਼) ਵੀ ਪ੍ਰਾਪਤ ਕਰ ਜਾਂਦੇ ਹਨ ॥੧੪॥

ਜੋ ਸਾਧੂ ੧੭ ਪ੍ਰਕਾਰ ਦੇ ਸੰਜਮ ਤੇ ੧੨ ਪ੍ਰਕਾਰ ਦੇ ਤਪ ਕਰਕੇ, ਬਕਾਇਆ ਕਰਮਾਂ ਦਾ ਖਾਤਮਾ ਕਰਕੇ ਮੁਕਤੀ ਨੂੰ ਪ੍ਰਾਪਤ ਕਰਦੇ ਹਨ ਉਹ ਆਪਣਾ ਤੇ ਆਮ ਲੋਕਾਂ ਦਾ ਕਲਿਆਣ ਹੋਏ ਸਿੱਧ ਗਤਿ ਪ੍ਰਾਪਤ ਕਰਦੇ ਹਨ ਅਜਿਹਾ ਮੈਂ ਆਖਦਾ ॥੧੫॥

---

ਟਿਪਨੀ:

ਸ਼ਲੋਕ ੧੩ : ੨੨ ਪਰਿਸ਼ੇ ਸ਼੍ਰੀ ਉਤਰਾਧਿਐਨ ਸੂਤਰ ਦੇ ਦੂਸਰੇ ਅਧਿਐਨ ਵਿਚ ਬੜੇ ਵਿਸਥਾਰ ਨਾਲ ਇਨ੍ਹਾਂ ਪਰਿਸ਼ੇ ਵਰਨਣ ਹੈ । ਪਰਿਸ਼ੈ ਉਹ ਕਸ਼ਟ ਜਾਂ ਸੰਕਟ ਹਨ ਜੋ ਸਾਧੂ ਜੀਵਨ ਵਿੱਚ ਅਚਾਨਕ ਜਾਂ ਅਕਸਰ ਆਉਂਦੇ ਹਨ । ਇਨ੍ਹਾਂ ੨੨ ਦੇ ਨਾਂ ਇਸ ਪ੍ਰਕਾਰ ਹਨ :

(੧) ਭੁੱਖ (੨) ਪਿਆਸ (੩) ਠੰਡ (੪) ਗਰਮੀ (੫) ਅਚੇਲ–ਵਸਤਰ ਰਹਿਤ (੬) ਦੰਸ਼ ਸੰਸਕ : ਮੱਛਰਾਂ ਦਾ ਕਸ਼ਟ (੭) ਅਰਤਿ–ਸੰਜਮ ਪ੍ਰਤਿ ਅਰੁਚੀ (੮) ਇਸਤਰੀ (੯) ਚਰਿਆ (੧੦) ਨਿਸ਼ਧਾ (੧੧) ਸੈਯਾ (੧੨) ਅਕਰੋਸ਼ (੧੩) ਵਧ (੧੪) ਯਾਚਨਾ (੧੫) ਅਲਾਭ (੧੬) ਰੋਗ (੧੭) ਘਾਹ ਫੂਸ ਦੀ ਚੁਬਨ (੧੮) ਮੈਲ (੧੯) ਸਤਿਕਾਰ (੨੦) ਪ੍ਰਗਿਆ ਅਗਿਆਨ (੨੨) ਦਰਸ਼ਨ :– ਇਨ੍ਹਾਂ ੨੨ ਪਰਿਸ਼ੈ ਕਾਰਣੈ ਸਾਣ ਘਬਰਾ ਕੇ ਸਾਧੂ ਜੀਵਨ ਦਾ ਤਿਆਗ ਕਰ ਸਕਦਾ ਹੈ।

੨੩ ਵਿਸ਼ੈ :-

ਸਪਰਸ਼ ਇੰਦਰੀਆਂ ਦੇ ਵਿਸ਼ੇ :- ਠੰਡ, ਗਰਮੀ, ਰੁੱਖਾਂ, ਚਿਕਨਾ, ਖੁਰਦਰਾ, ਕੋਮਲਾ, ਹਲਕਾ, ਭਾਰੀ।

ਰਸ਼ਨ ਇੰਦਰੀਆਂ ਦੇ ਵਿਸ਼ੇ :- ਤਿੱਖਾ, ਕੋੜਾ, ਕਸ਼ੈਲਾ, ਖੱਟਾ, ਮਿੱਠਾ

ਝਾਤ ਇੰਦਰੀਆਂ ਦੇ ਵਿਸ਼ੇ :- ਸਫ਼ੈਦ, ਨੀਲਾ, ਪੀਲਾ, ਲਾਲ, ਕਾਲਾ।

ਸ਼ਬਦ ਇੰਦਰੀਆਂ ਦੇ ਵਿਸ਼ੇ :- ਸਚਿਤ ਸ਼ਬਦ, ਅਚਿਤ ਸ਼ਬਦ, ਮਿਸ਼ਾ ਸ਼ਬਦ।

# ਚੋਥਾ ਛੱਜ ਜੀਵ ਨਿਕਾਏ ਅਧਿਐਨ

"ਹੇ ਆਯੁਸ਼ਮਾਨ ! (ਜੰਬੂ) ਮੈਂ ਸੁਣੀਆ ਹੈ ਕਿ ਭਗਵਾਨ ਮਹਾਂਵੀਰ ਨੇ ਇਸ ਪ੍ਰਕਾਰ ਆਖਿਆ ਹੈ ਕਿ ਇਸ (ਦਸ਼ਵੇਕਾਲਿਕ ਸੂਤਰ) ਤੇ ਜੈਨ ਧਰਮ ਵਿੱਚ ਛੇ ਜੀਵ ਨਿਕਾਏ ਆਉਂਦੇ ਅਧਿਐਨ ਨੂੰ, ਮਹਾਤੱਪਸ਼ਵੀ ਭਗਵਾਨ ਯਪ ਗੋਤਰ ਵਾਲ ਮਹਾਵੀਰ ਨੇ ਕੇਵਲ ਗਿਆਨ ਰਾਹੀਂ ਜਾਣ ਕੇ ਆਖਿਆ ਹੈ ਇਹ ਅਧਿਐਨ ਮੇਰੀ ਆਤਮਾ ਨੂੰ ਧਰਮ ਅਭਿਆਸ ਕਰਨ ਵਿੱਚ ਸਰੇਸ਼ਟ ਹੈ। ॥੧॥

ਜੰਬੂ ਸਵਾਮੀ ਪ੍ਰਸ਼ਨ ਕਰਦੇ ਹਨ ਹੇ ਭਗਵਾਨ ! ਅਧਿਐਨ ਕਰਨ ਦੇ ਲਈ ਆਤਮ ਹਿਤਕਾਰਕ ਅਤੇ ਧਰਮ ਪ੍ਰਗਿਅਪਤੀ ਰੂਪ ਉਹ ਕਿਹੜਾ ਛੇ ਜੀਵ ਨਿਕੀਏ ਅਧਿਐਨ ਹੈ ਜੋ ਕਾਸ਼ਯਪ ਗੋਤ ਵਾਲੇ ਭਗਵਾਨ ਮਹਾਵੀਰ ਨੇ ਕੇਵਲ ਗਿਆਨ ਰਾਹੀਂ ਜਾਣ ਕੇ ਖੁਦ ਆਚਰਨ ਕੀਤਾ ਅਤੇ ਦੇਵਤੇ ਤੇ ਮਨੁੱਖ ਦੀ ਸਭਾ ਵਿੱਚ ਬੈਠ ਫ਼ਰਮਾਇਆ ਹੈ। ॥੨॥

ਪ੍ਰਸ਼ਨ ਦੇ ਉੱਤਰ ਵਿਚ ਸ਼੍ਰੀ ਸੁਧਰਮਾ ਸਵਾਮੀ ਫ਼ਰਮਾਉਂਦੇ ਹਨ "ਹੇ ਜੰਬੁ ! ਧਰਮ ਪਰਾਪਿਤੀ ਰੂਪ ਤੇ ਆਤਮ ਮਹਿਤਕਾਰੀ ਅੱਗੋਂ ਆਖਿਆ ਜਾਣ ਵਾਲਾ ਇਹ ਛੇ ਜੀਵਨਿਕਾ ਨਾਉ ਦਾ ਅਧਿਐਨ, ਜੋ ਅਲੌਕਿਕ ਪ੍ਰਭਾਵ ਰਾਹੀਂ ਵੇਖ ਕੇ ੧੨ ਪਰਿਸਧਾ ਵਿੱਚ ਫ਼ਰਮਾਇਆ ਹੈ ਉਹ ਇਸ ਪ੍ਰਕਾਰ ਹੈ ੧. ਪ੍ਰਿਥਵੀ ਕਾਇਆ ੨. ਅੱਪ (ਪਾਣੀ) ਕਾਇਆ ੩. ਤੇਜਸ (ਅੱਗ) ਕਾਇਆ ੪. ਵਾਯੂ (ਹਵਾ) ਕਾਇਆ ੫ ਬਨਸਪਤੀ ਕਾਇਆ ਤੇ ਤਰਸ (ਹਿਲਣ ਚਲਨ ਵਾਲੇ ਜੀਵ) ਕਾਇਆ। ॥੩॥

ਪ੍ਰਿਥਵੀ ਕਾਈਆਂ:

ਜੱਦ ਤੱਕ ਸ਼ੱਸ਼ਤਰ ਰਾਹੀਂ ਪ੍ਰਨਤ ਨਾ ਹੋਜਾਵੇ ਤੱਦ ਤੱਕ ਪ੍ਰਥਵੀ ਕਾਈਆ ਦੇ ਜੀਵਾਂ ਨੂੰ ਚੇਤਨਾ ਵਾਲਾ ਆਖਿਆ ਗਿਆ ਹੈ ਅਤੇ ਅਨੇਕ ਜੀਵ ਅੱਡ ਹੁੰਦੇ ਹੋਏ ਵੀ ਇਸ ਦੇ ਆਸਰੇ ਹਨ ਜਿਹਨ੍ਹਾ ਦੀ ਸੁਤੰਤਰ ਹੋਂਦ ਹੈ। ॥੪॥

ਅਪ ਕਾਈਆ:

ਸ਼ਸਤਰ ਪਰਿਨਤ ਪਾਣੀ ਨੂੰ ਛੱਡ ਕੇ ਹਰ ਪ੍ਰਕਾਰ ਦੇ ਪਾਣੀ ਵਿੱਚ ਅਸੰਥ ਅਕਾਰ ਵਾਲੇ ਜੀਵ ਪ੍ਰਭੂ ਨੇ ਫ਼ਰਮਾਏ ਹਨ। ॥੫॥

ਤੇਜਸ ਕਾਈਆਂ :-

ਸ਼ਾਸਤਰ ਪ੍ਰਰਿਨਤ ਅੱਗ ਨੂੰ ਛੱਡ ਕੇ ਹਰ ਪ੍ਰਕਾਰ ਦੇ ਅੱਗ ਵਿੱਚ ਅਨੇਕ ਅਕਾਰ ਦੇ ਤੀਰਥੰਕਰ ਪ੍ਰਮਾਤਮਾ ਨੇ ਫ਼ਰਮਾਏ ਹਨ। ॥੬॥

ਵਾਯੂ ਕਾਈਆਂ

ਸ਼ਾਸਤਰ ਪ੍ਰਨਿਤ ਹਵਾ ਨੂੰ ਛੱਡ ਕੇ ਦੂਸਰੇ ਹਵਾ ਜੀਵ ਸਹਿਤ ਅੰਗੁਲ ਦੇ ਅੰਸਖਵੇ ਹਿੱਸੇ ਦੇ ਅਕਾਰ ਵਿੱਚ ਅੱਡ-ਅੱਡ ਰੂਪ ਵਾਲੇ ਆਖੇ ਹਨ। ॥੭॥

ਬਨਾਸਪਤੀ ਕਾਈਆਂ

ਸ਼ਸਤਰ ਪ੍ਰਨਿਤ ਬਨਸਪਤੀ ਨੂੰ ਛੱਡ ਕੇ ਦੂਸਰੀ ਬਨਸਪਤੀ ਵਿਚ ਜੀਵ ਸਚੀਤ ਅਗੰਲ ਦੇ ਅੰਸਖਵੇ ਭਾਗ ਵਿੱਚ ਅਨੇਕਾਂ ਜੀਵ ਆਖੇ ਗਏ ਹਨ ਉਹ ਇਸ ਪ੍ਰਕਾਰ ਹਨ।

ਅਗਰ ਬੀਜ:

ਕੋਰਟ ਆਦਿ ਜਿਸ ਦੇ ਉਪਰ ਬੀਜ ਹਨ।

ਮੂਲਬੀਜ:

ਜਿਸ ਦੀ ਜੜ ਵਿੱਚ ਬੀਜ ਹਨ।

ਪੋਰ ਬੀਜ:

ਜਿਸ ਦੀ ਗੰਠ ਵਿੱਚ ਜੀਵ ਹਨ ।

ਸਕੰਧ ਬੀਜ:

ਦਰਖਤ ਦੀ ਸਾਖ ਵਿੱਚ ਬੀਜ ਹਨ ਜਿਵੇਂ ਬਰੋਟਾ ਬਰਗਦ।

ਬੀਜਰੁਹਾ:

ਬੀਜ ਦੇ ਬੋਨ ਤੋਂ ਉਗਨ ਵਾਲੀ ਡਾਲ ਕਣਕ ਆਦਿ ।

ਸਮੁਰਛਿਮ:

ਸੁਖਮ ਬੀਜ ਵਾਲੀ ਘਾਹ, ਬੇਲ, ਬਨਸਪਤੀ ਕਾਇਆ ਵਾਲੇ, ਬੀਜ ਸਮੇਤ ਜੀਵ ਅੰਗੁਲ ਦੇ ਅੰਸਖਵੇ ਭਾਗ ਦੇ ਅਕਾਰ ਵਿੱਚ ਅਤੇ ਅਨੇਕਾਂ ਜੀਵਾਂ ਵਾਲੇ ਆਖੇ ਗਏ ਹਨ ਸ਼ਸਤਰ ਪਰਨਿਤ ਬਨਸਪਤੀ ਤੋਂ ਬਿਨਾਂ ਤੋਂ ਹੋਕੇ ਬਨਸਪਤਿ ਅਚਿੱਤ (ਜੀਵ ਰਹਿਤ) ਹੈ। ਇਸ ਤਰ੍ਹਾਂ ਆਖਿਆ ਗਿਆ ਹੈ। ॥੮॥

ਫ਼ੇਰ ਜੋ ਪ੍ਰਤੱਖ ਦੋ ਇੰਦਰੀਆਂ ਵਾਲੇ ਜੀਵ ਅਣਹੋਂਦ ਭੇਦਾਂ ਵਿੱਚ ਅਨੇਕ, ਇਕ-ਇਕ ਜਾਤ ਵਿੱਚ ਅਨੇਕਾਂ ਭੇਦ ਵਾਲੇ ਤਰਸ ਜੀਵ ਹਨ ਉਹ ਇਸ ਪ੍ਰਕਾਰ ਹਨ

੧. ਅੰਡਜ- ਅੰਡੇ ਤੋਂ ਪੈਦਾ ਹੋਣ ਵਾਲੇ

੨. ਪੋਤਜ- ਪੋਤ ਤੋਂ ਪੈਦਾ ਹੋਣ ਵਾਲੇ ਹਾਥੀ

੩. ਜਰਯੁਜ- ਗਰਭ ਤੋਂ ਪੈਦਾ ਹੋਣ ਵਾਲੇ ਮਨੁੱਖ

੪. ਰਸਜ- ਚਾਲੂ ਹਨ ਤੋਂ ਪੈਦਾ ਹੋਣ ਵਾਲੇ ਜੀਵ

੫. ਸੇਸਵੇਦਜ- ਜੂੰ ਲੀਖ ਆਦਿ

੬. ਸਮੁਰਛਿਮ- ਬਿਨ੍ਹਾਂ ਇਸਤਰੀ-ਪੁਰਸ਼ ਦੇ ਮੇਲ ਤੋਂ ਬਿਨਾਂ ਪੈਦਾ ਹੋਣ ਵਾਲੇ ਪਤੰਗੇ ਆਦਿ।

੭. ਉਦਭਿਜ- ਜ਼ਮੀਨ ਫਾੜ ਕੇ ਪੈਦਾ ਹੋਣ ਵਾਲੇ ਜੀਵ

੮. ਔਪਾਪਤਿਕ- ਦੇਵਤਾ ਤੇ ਨਾਰਕੀ ਜੀੜ

ਇਹ ਸਭ ਤਰੱਸ ਜੀਵ ਹਨ । ਇਨ੍ਹਾਂ ਦਾ ਲਛੱਣ ਹੈ ਸਾਹਮਣੇ ਆਉਣਾ, ਪਿੱਛੇ ਨੂੰ ਫ਼ਿਰਨਾ, ਸ਼ਰੀਰ ਇਕੱਠਾ ਕਰਨਾ, ਸ਼ਰੀਰ ਫੈਲਾਣਾ, ਸ਼ਬਦ ਕਰਨਾ, ਡਰ ਕਾਰਣ ਇਧਰ-ਉਧਰ ਘੁੰਮਨਾ, ਦੁਖੀ ਹੋਣਾ, ਭੱਜਨਾ, ਆਉਣਾ ਜਾਨਾ ਆਦਿ ਕ੍ਰਿਆਵਾ ਵਾਲੇ ਤਰੱਸ ਜੀਵ ਹਨ। ॥੯॥

ਹੋਰ ਕੀੜੇ, ਪਤੰਗੇ ਆਦਿ ਤੇ ਕੁੱਥੇ ਪਿਲਪਿ ਪਲਿਆ ਕੀੜੀ ਆਦਿ ਸਭ ਦੋ ਇੰਦਰੀਆਂ ਵਾਲੇ ਜੀਵ, ਤਿੰਨ ਇੰਦਰੀਆਂ ਵਾਲੇ, ਚਾਰ ਇੰਦਰੀਆਂ ਵਾਲੇ ਜੀਵ, ਸਭ ਪੰਜ ਇੰਦਰੀਆਂ ਵਾਲੇ ਜੀਵ, ਸਭ ਪਸ਼ੂ ਜੋਨ ਵਾਲੇ ਜੀਵ, ਨਾਰਕੀ ਜੀਵ, ਸਾਰੇ ਮਨੁੱਖ, ਦੇਵਤਾ ਸਭ ਤਰੱਸ ਹਨ ਇਨ੍ਹਾਂ ਦਾ ਲੱਛਣ ਹੈ ਕਿ ਇਹ ਸਭ ਜੀਵ ਸੁਖ ਦੀ ਇੱਛਾ ਰੱਖਦੇ ਹਨ ।

ਇਸ ਪ੍ਰਕਾਰ ਛੇਵਾ ਜੀਵ ਨਿਕਾਏ ਜੀਵਾਂ ਦਾ ਸਮੂਹ ਤਰੱਸ ਕਾਇਆ ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ ।

ਜਿਨੇਸ਼ਵਰ ਪ੍ਰਮਾਤਮਾ ਫ਼ਰਮਾਉਂਦੇ ਹਨ ਕਿ ਸਾਧੂ ਖੁੱਦ ਤਰੱਸ ਕਾਇਆ ਆਤਪਨ ਆਦਿ ਦੰਡ ਹਿੰਸਕ ਰੂਪੀ ਅਤੇ ਆਰੰਭ ਨਾ ਕਰੇ, ਨਾਂ ਦੂਸਰੇ ਤੋਂ ਕਰਾਵੇ ਅਤੇ ਨਾਂ ਕਰਦੇ ਨੂੰ ਚੰਗਾ ਹੀ ਸਮਝੇ । ਜ਼ਿੰਦਗੀ ਭਰ ਲਈ ਜੀਵ ਹਿੰਸਾ ਦੇ ਮਨ, ਵਚਨ ਤੇ ਸ਼ਰੀਰ ਰਾਹੀਂ ਕਰਨ, ਕਰਾਉਣ ਅਤੇ ਅਨੁਮੋਦਨ ਹਿਮਾਇਤ ਦਾ ਤਿਆਗ ਕਰੇ ਅਤੇ ਇਹ ਪ੍ਰਤਿਗਿਆ ਧਾਰਨ ਕਰੇ "ਤਰੱਸ ਕਾਇਆ ਦਾ ਅਰੰਬ ਮੈਂ ਨਾਂ ਆਪ ਕਰਾਂਗਾ, ਨਾਂ ਦੂਸਰੇ ਰਾਹੀਂ ਕਰਾਵਾਂਗਾ ਨਾਂ ਕਰਨ ਵਾਲੇ ਨੂੰ ਚੰਗਾ ਸਮਝਾਂਗਾ ਹੋ ਚੁੱਕੇ ਅੰਰਬ ਦੀ ਆਲੋਚਨਾ, ਨਿੰਦਾ ਤੇ ਗਰਹਾ (ਆਤਮ ਆਲੋਚਨਾ) ਕਰਕੇ ਆਰੰਭਕਾਰੀ ਆਤਮਾ ਦਾ ਤਿਆਗ ਕਰਦਾ ਹੈ। ॥੧੦॥

ਪਹਿਲੇ ਮਹਾਂਵਰਤ ਦੀ ਪ੍ਰਤਿਗਿਆ

ਹੇ ਭੰਤੇ ! (ਗੂਰਦੇਵ) ਪਹਿਲੇ ਮਹਾਂਵਰਤ ਵਿੱਚ ਇਕ ਇੰਦਰੀਆਂ ਆਂਦਿ ਜੀਵਾਂ ਦੀ ਹਿੰਸਾ ਤੋਂ ਦੂਰ ਹੋਣਾ, ਭਗਵਾਨ ਨੇ ਫ਼ਰਮਾਇਆ ਹੈ ਇਸ ਲਈ ਹੇ ਭੰਤੇ !

ਮੈਂ ਸਾਰੇ ਜੀਵਾਂ ਦੀ ਹਿੰਸਾ ਕਰਨ ਦਾ ਪਛਖਾਨ (ਤਿਆਗ) ਕਰਦਾ ਹਾਂ ਉਨ੍ਹਾਂ (ਜੀਵਾਂ ਵਿੱਚ) ਸੁਖਮ ਤੇ ਵਾਦਰ (ਮੋਟੇ), ਤਰੱਸ (ਹਿਲਨ ਚੱਲਣ ਵਾਲੇ) ਤੇ ਸਥਾਵਰ (ਸਥਿਰ) ਜੀਵਾਂ ਦਾ ਨਾ ਖੁਦ ਵਿਨਾਸ਼ ਕਰਾਂਗਾ, ਨਾਂ ਦੂਸਰੇ ਰਾਹੀਂ ਕਰਾਵਾਂਗਾ, ਨਾਂ ਕਰ ਰਹੇ ਨੂੰ ਚੰਗਾ ਸਮਝਾਂਗਾ। "ਅਜਿਹਾ ਜਿੰਨਸੇਵਰ ਭਗਵਾਨ ਨੇ ਕਿਹਾ ਹੈ : ਇਸ ਲਈ ਹੇ ਗੂਰਦੇਵ ! ਮੈਂ ਜੀਵਨ ਭਰ ਲਈ ਕ੍ਰਿਤ, ਕਾਰਿਤ, ਅਨੁਮੋਦੀਤ ਤਿੰਨ ਪ੍ਰਕਾਰ ਦੀ ਹਿੰਸਾ ਦਾ ਮਨ, ਬਚਨ ਤੇ ਕਾਈਆਂ ਰਾਹੀਂ ਤਿੰਨ ਪ੍ਰਕਾਰ ਨਾਂ ਕਰਾਂਗਾ, ਨਾਂ ਕਰਾਵਾਂਗਾ, ਨਾਂ ਕਰਦੇ ਨੂੰ ਚੰਗਾ ਸਮਝਾਗਾਂ। ਹੇ ਪ੍ਰਭੂ ! ਪਹਿਲਾ ਕੀਤੀ ਹਿੰਸਾ ਦੀ ਪ੍ਰਤਿਕਮਨ ਰੂਪ ਵਿੱਚ ਆਲੋਚਨਾ ਕਰਦਾ ਹਾਂ, ਆਤਮ ਸਾਖੀ ਨਾਲ ਨਿੰਦਾ ਕਰਦਾ ਹਾਂ ਗੂਰੁ ਦੀ ਸਾਥੀ ਰਾਹੀਂ ਗਰਹਿ (ਆਤਮ ਆਲੋਚਨਾ) ਕਰਦਾ ਹਾਂ ਹਿੰਸਾ ਕਾਰੀ ਆਤਮਾ ਦਾ ਤਿਆਗ ਕਰਦਾ ਹਾਂ ਹੇ ਗੂਰੁਦੇਵ ! ਪਹਿਲੇ ਮਹਾਂਵਰਤ ਵਿੱਚ ਸਾਰੇ ਤਰੱਸ ਸਥਾਵਰ ਪ੍ਰਾਣੀਆਂ ਦੀ ਹਿੰਸਾ ਤੋਂ ਅਲੱਗ ਹੋਣ ਲਈ ਹਾਜਰ ਹੋਇਆ ਹਾਂ। ॥੧੧॥

<u>ਦੂਸਰੇ ਮਹਾਂਵਰਤ ਦੀ ਪ੍ਰਤਿਗਿਆ</u>

ਇਸ ਤੋਂ ਬਾਅਦ ਹੇ ਗੂਰੁਦੇਵ ! ਅੱਗੇ ਦੂਸਰੇ ਮਹਾਂਵਰਤ ਝੂਠ ਦੀ ਭਾਸ਼ਾ ਤੋਂ ਦੂਰ ਰਹਿਨਾ ਭਗਵਾਨ ਨੇ ਫ਼ਰਮਾਇਆ ਹੈ ਇਸ ਲਈ ਹੈ ਗੂਰੁਦੇਵ ! ਸਭ ਪ੍ਰਕਾਰ ਦੇ ਝੂਠ ਬੋਲਨ ਦਾ ਮੈਂ ਤਿਆਗ ਕਰਦਾ ਹਾਂ ਕਰੋਧ, ਲੋਭ, ਭੈ, ਹਾਸੇ, ਕਾਰਣ ਨਾਂ ਖੁਦ ਝੂਠ ਬੋਲਾਂਗਾ ਨਾਂ ਬੁਲਾਵਾਂਗਾ ਨਾਂ ਬੋਲਨ ਵਾਲੇ ਨੂੰ ਚੰਗਾ ਸਮਝਾਂਗਾ । ਕ੍ਰਿਤ ਖੁਦ ਕਰਨਾ- ਕਾਰਿਤ ਹੋਰ ਤੋਂ ਕਰਾਉਣ ਹਿੰਸਾ ਹਿਮਾਇਤ ਕਰਾਂਗਾ ਅਜਿਹਾ ਜਿਨੇਸ਼ਵਰ ਪ੍ਰਮਾਤਮਾ ਨੇ ਕਿਹਾ ਇਸ ਲਈ ਜ਼ਿੰਦਗੀ ਭਰ ਮੈਂ ਕ੍ਰਿਤ, ਕਾਰੀਤ, ਅਨੁਮੋਦੀਤ ਰੂਪੀ ਤਿੰਨ ਪ੍ਰਕਾਰ ਦੇ ਝੂਠ ਦਾ ਮਨ, ਬਚਨ ਤੇ ਕਾਈਆ, ਰੂਪੀ ਤਿੰਨ ਯੋਗਾਂ ਨਾਲ ਨਾਂ ਝੂਠ ਬੋਲਾਂਗਾ, ਨਾਂ ਆਪਣੇ ਲਈ ਬੁਲਾਵਾਂਗਾ ਨਾਂ ਝੂਠ ਬੋਲਦੇ ਦੀ ਹਿਮਾਇਤ ਕਰਾਂਗਾ।

ਹੇ ਗੁਰੁਦੇਵ ! ਭੂਤ ਕਾਲ ਵਿੱਚ ਬੋਲੇ ਝੂਠ ਦੀ ਪ੍ਰਤਿਕ੍ਰਮਨ ਰਾਹੀਂ ਆਲੋਚਨਾ ਕਰਦਾ ਹਾਂ, ਆਤਮ ਸਾਖੀ ਰਾਹੀਂ ਨਿੰਦਾ ਕਰਦਾ ਹਾਂ, ਗੁਰੂ ਸਾਖੀ ਰਾਹੀਂ ਗਰਹਾ ਕਰਦਾ ਹਾਂ। ਝੂਠ ਬੋਲਨ ਵਾਲੀ ਆਤਮਾ ਦਾ ਤਿਆਗ ਕਰਦਾ ਹਾਂ ਹੇ ਕ੍ਰਿਪਾ ਸਾਗਰ ਗੁਰੁਦੇਵ ! ਮੈਂ ਦੂਸਰੇ ਮਹਾਂਵਰਤ ਵਿੱਚ ਸਾਰੇ ਝੂਠ ਬੋਲਨ ਦੇ ਤਿਆਗ ਲਈ ਹਾਜ਼ਰ ਹੋਇਆ ਹਾਂ। ॥੧੨॥

<u>ਤੀਸਰੇ ਮਹਾਂਵਰਤ ਦੀ ਪ੍ਰਤਿਗਿਆ</u>

ਇਸ ਤੋਂ ਬਾਅਦ ਹੇ ਗੁਰੁਦੇਵ ! ਅੱਗੋਂ ਤੀਸਰੇ ਮਹਾਂਵਰਤ ਚੋਰੀ ਤੋਂ ਦੂਰ ਰਹਿਨਾ ਜਿਨੇਸ਼ਵਰ ਪ੍ਰਮਾਤਮਾ ਨੇ ਆਖਿਆ ਹੈ ਇਸ ਲਈ ਸਭ ਪ੍ਰਕਾਰ ਦੀ ਚੋਰੀ ਦਾ ਹੈ ਇਸ ਲਈ ਗੁਰੂਦੇਵ ! ਮੈਂ ਜੀਵਨ ਭਰ ਲਈ ਤਿਆਗ ਕਰਦਾ ਹਾਂ। ਉਹ ਪਿੰਡ ਸ਼ਹਿਰ, ਜੰਗਲ, ਘਟ ਮੁੱਲ ਵਾਲੀ (ਘਾਹ ਦੀ ਤਰ੍ਹਾਂ) ਜ਼ਿਆਦਾ ਕੀਮਤ ਵਾਲੀ (ਸੋਨੇ ਦੀ ਤਰ੍ਹਾਂ), ਕੀਮਤੀ ਪਥੱਰ, ਲੱਕੜੀ ਆਦਿ ਅਚਿੱਤ ਬੇਜਾਨ ਅਤੇ ਸਜੀਵ (ਜਾਨਦਾਰ) ਬਾਲਕ, ਬਾਲਿਕਾ ਅਤੇ ਅਜੀਵ (ਕਪੜੇ, ਗਹਿਨੇ) ਬਿਨ੍ਹਾਂ ਦਿੱਤੇ ਨਾਂ ਖੁੱਦ ਗ੍ਰਹਿਣ ਕਰੇ, ਨਾਂ ਦੂਸਰੇ ਕੋਲ ਆਪਣੇ ਲਈ ਗ੍ਰਹਿਣ ਕਰਾਵੇ ਨਾਂ ਅਜਿਹੀ ਹਰਕਤ ਕਰਨ ਵਾਲੇ ਦੀ ਹਿਮਾਇਤ ਕਰੇ ਅਜਿਹਾ ਜਿਨੇਸ਼ਵਰ ਭਗਵਾਨ ਨੇ ਕਿਹਾ ਹੈ ਇਸ ਲਈ ਸਾਰੀ ਜ਼ਿੰਦਗੀ ਕ੍ਰਿਤ, ਕਾਰਿਤ, ਅਨੁਮੋਦਨ ਰੂਪੀ ਅਦੱਤਾਦਾਨ (ਚੋਰੀ) ਦਾ ਮਨ, ਬਚਨ ਤੇ ਸ਼ਰੀਰ ਰੂਪ ਵਿੱਚ ਤਿੰਨ ਯੋਗ ਰਾਹੀਂ ਨਾਂ ਕਰੇ, ਨਾਂ ਕਰਾਵੇ ਨਾਂ ਕਰਨ ਵਾਲੇ ਦੀ ਹਿਮਾਇਤ ਕਰੇ ।

ਇਸ ਲਈ ਹੇ ਗੁਰੂਦੇਵ ! ਮੈਂ ਪਹਿਲਾਂ ਕੀਤੀ ਚੋਰੀ ਦੀ ਪ੍ਰਤਿਕ੍ਰਮਨ ਰਾਹੀਂ ਆਲੋਚਨਾ ਕਰਦਾ ਹਾਂ, ਆਤਮ ਸਾਖੀਂ ਰਾਹੀਂ ਨਿੰਦਾ ਕਰਦਾ ਹਾਂ, ਗੁਰੂ ਸਾਖੀ ਰਾਹੀਂ ਗਰਹਾ ਕਰਦਾ ਹਾਂ ਚੋਰੀ ਕਰਨ ਵਾਲੀ ਆਤਮਾ ਦਾ ਤਿਆਗ ਕਰਦਾ ਹਾਂ ਤੀਸਰੇ ਮਹਾਂਵਰਤ ਸਭ ਪ੍ਰਕਾਰ ਦੇ ਅਦੱਤਾਦਾਨ ਤੋਂ ਆਪਣੇ ਆਪ ਨੂੰ ਅਲੱਗ ਕਰਕੇ ਹਾਜ਼ਰ ਹੋਇਆ ਹਾਂ।

ਚੋਥੇ ਮਹਾਂਵਰਤ ਦੀ ਪ੍ਰਤਿਗਿਆ:

ਇਸ ਤੋਂ ਬਾਅਦ ਹੇ ਪ੍ਰਭੂ ! ਅੱਗੋਂ ਚੋਥੇ ਮਹਾਂਵਰਤ ਮੈਥੁਨ ਸੇਵਨ ਤੋਂ ਦੂਰ ਰਹਿਣਾ ਜਿਨੇਸ਼ਵਰ ਭਗਵਾਨ ਨੇ ਫ਼ਰਮਾਇਆ ਹੈ ਇਸ ਲਈ ਹੇ ਕ੍ਰਿਪਾ ਸਿੰਧੂ ਗੂਰੁਦੇਵ ! ਮੈਂ ਸਭ ਪ੍ਰਕਾਰ ਦੇ ਮੇਂਥੁਨ (ਕਾਮ ਭੋਗ) ਦਾ ਤਿਆਗ ਕਰਦਾ ਹਾਂ ਇਹ ਦੇਵ, ਮਨੁੱਖ, ਪਸ਼ੂ ਸਬੰਧੀ ਸਭ ਪ੍ਰਕਾਰ ਦਾ ਮੇਂਥੁਨ ਨਾਂ ਖੁਦ ਸੇਵਨ ਕਰਾਂਗਾ ਨਾਂ ਕਿਸੇ ਰਾਹੀਂ ਕਰਾਵਾਂਗਾ ਨਾਂ ਕਰਨ ਵਾਲੇ ਨੂੰ ਚੰਗਾ ਸਮਝਾਂਗਾ । ਅਜਿਹਾ ਜਿਨੇਸ਼ਵਰ ਦੇਵ ਨੇ ਕਿਹਾ ਹੈ ਜੀਵਨ ਭਰ ਕ੍ਰਿਤ, ਕਾਰਿਤ, ਅਨੁਮੋਦਿਤ ਰੂਪ ਵਿੱਚ ਮੈਥੂਨ ਸੇਵਨ ਨੂੰ ਮਨ, ਬਚਨ ਤੇ ਕਾਈਆਂ ਰੂਪੀ ਤਿੰਨ ਯੋਗਾਂ ਰਾਹੀਂ ਨਾਂ ਆਪ ਕਰਾਂਗਾ, ਨਾਂ ਕਰਾਵਾਂਗਾ, ਨਾਂ ਕਰਣ ਵਾਲੇ ਨੂੰ ਚੰਗਾ ਸਮਝਾਂਗਾ ।

ਹੇ ਗਿਆਨ ਸਿੰਧੂ ਗੁਰੂਦੇਵ ! ਭੂਤਕਾਲ ਵਿੱਚ ਭੋਗੇ ਮੈਥੁਨ ਦੀ ਪ੍ਰਤਿਕ੍ਰਮਨ ਰਾਹੀਂ ਆਲੋਚਨਾ ਕਰਦਾ ਹਾਂ, ਆਤਮ ਸਾਖੀ ਰਾਹੀਂ ਨਿੰਦਾ ਕਰਦਾ ਹਾਂ।

ਮੈਥੁਨ ਸੇਵੀ ਨਾ ਦਾ ਤਿਆਗ ਕਰਦਾ ਹਾਂ। ਹੇ ਪ੍ਰਭੂ ! ਚੋਥੇ ਮਹਾਂਵਰਤ ਵਿੱਚ ਸਭ ਪ੍ਰਕਾਰ ਦੇ ਮੈਥੁਨ ਸੇਵਨ ਤੋਂ ਅੱਡ ਹੋਣ ਲਈ ਹਾਜਰ ਹੋਇਆ ਹਾਂ। ॥੧੪॥

ਪੰਜਵੇਂ ਮਹਾਂਵਰਤ ਦੀ ਪ੍ਰਤਿਗਿਆ:

ਇਸ ਤੋਂ ਬਾਅਦ ਹੇ ਗੁਰੂ ਦੇਵ ਅੱਗੋਂ ਪੰਜਵੇਂ ਮਹਾਂਵਰਤ ਵਿੱਚ ਨੋ ਪ੍ਰਕਾਰ ਦੇ ਪ੍ਰਰਿਗ੍ਰਹਿ ਤੋਂ ਅੱਡ ਹੋਣਾ ਜਿਨੇਸ਼ਵਰ ਦੇਵ ਨੇ ਫ਼ਰਮਾਇਆ ਹੈ ਇਸ ਲਈ ਹੇ ਕ੍ਰਿਪਾ ਸਾਗਰ ਸਾਰੇ ਪਰਿਗ੍ਰਹਿ ਦਾ ਮੈਂ ਤਿਆਗ ਕਰਦਾ ਹਾਂ ਉਹ ਚਾਹੇ ਘੱਟ ਮੁੱਲ ਵਾਲਾ ਹੋਵੇ ਜਾਂ ਬਹੁਮੁਲ ਵਾਲਾ ਛੋਟਾ (ਹੀਰਾ) ਹੋਵੇ ਜਾਂ ਬੜਾ (ਹਾਥੀ ਆਦਿ ਸਖੁਲ) ਸੰਜੀਵ ਬਾਲਕ, ਬਾਲਿਕਾ ਹੋਵੇ ਜਾਂ ਨਿਰਜੀਵ (ਕਪੱੜੇ) ਆਦਿ ਪਰਿਗ੍ਰਹਿ ਦਾ ਸੇਵਨ ਨਾਂ ਮੈਂ ਖੁਦ ਕਰੇ ਨਾਂ ਆਪਣੇ ਲਈ ਕਰਾਵੇ । ਨਾਂ ਕਰਦੇ ਨੂੰ ਚੰਗਾ ਸਮਝੇ ਅਜਿਹਾ ਜਿਨੇਸ਼ਵਰ ਪ੍ਰਮਾਤਮਾ ਨੇ ਕਿਹਾ ਹੈ

ਜੀਵਨ ਭਰ ਕ੍ਰਿਤ, ਕਾਰਿਤ, ਅਨੁਮੋਦੀਤ ਰੂਪੀ ਤਿੰਨ ਪ੍ਰਕਾਰ ਦੇ ਪਰਿਗ੍ਰਹਿ ਨੂੰ ਮਨ, ਬਚਨ ਤੇ ਕਾਈਆ ਰੂਪੀ ਯੋਗ ਰਾਹੀਂ ਨਾਂ ਆਪ ਕਰਾਂਗਾ, ਨਾਂ ਕਰਾਵਾਂਗਾ ਨਾਂ ਕਰਦੇ ਨੂੰ ਚੰਗਾ ਸਮਝਾਂਗਾ।

ਹੇ ਪ੍ਰਭੂ ! ਪਹਿਲਾਂ ਗ੍ਰਹਿਣ ਕੀਤੇ ਪਰਿਗ੍ਰਹਿ ਦੀ ਪ੍ਰਤਿਕ੍ਰਮਨ ਰਾਹੀਂ ਆਲੋਚਨਾ ਕਰਦਾ ਹਾਂ, ਆਤਮ ਸਾਖੀ ਨਾਲ ਨਿੰਦਾ ਕਰਦਾ ਹਾਂ ਅਤੇ ਗੁਰੂ ਸਾਖੀ ਰਾਹੀਂ ਗਰਹਾ ਕਰਦਾ ਹਾਂ।

ਮੈਂ ਪਰਿਗ੍ਰਹਿ ਭੋਗੀ ਆਤਮਾ ਦਾ ਤਿਆਗ ਕਰਕੇ ਪੰਜਵੇ ਮਹਾਂਵਰਤ ਸਾਰੇ ਪਰਿਗ੍ਰਹਿ ਦੇ ਤਿਆਗ ਲਈ ਹਾਜ਼ਰ ਹੋਈਆਂ ਹਨ। ॥੧੫॥

ਛੇਵੇਂ ਰਾਤਰੀ ਭੋਜਨ ਤਿਆਗ ਵਰਤ ਦੀ ਪ੍ਰਤਿਗਿਆ:

ਇਸ ਤੋਂ ਬਾਅਦ ਹੇ ਗੁਰੂਦੇਵ ! ਅੱਗੋਂ ਛੇਵੇ ਵਰਤ ਵਿੱਚ ਰਾਤਰੀ ਭੋਜਨ ਤੋਂ ਅਲੱਗ ਹੋਨਾ ਜਿਨੇਸ਼ਵਰ ਭਗਵਾਨ ਨੇ ਫ਼ਰਮਾਇਆ ਹੈ ਇਸ ਲਈ ਹੇ ਪ੍ਰਭੂ ! ਮੈਂ ਸਭ ਪ੍ਰਕਾਰ ਦੇ ਰਾਤਰੀ ਭੋਜਨ ਦਾ ਤਿਆਗ ਕਰਦਾ ਹਾਂ ਚਾਹੇ ਉਹ ਅਸਨ (ਪਕਾਇਆ) ਹੋਵੇ, ਪਾਣ (ਪੀਣ ਯੋਗ) ਹੋਣ, ਖਾਈਮ. (ਖੰਜੂਰ ਆਦਿ) ਸਾਇਨ, ਖੁਸ਼ਬੂਦਾਰ ਇਲਾਇਚੀ, ਲੌਂਗ, ਚੂਰਣ ਆਦਿ ਨਾਂ ਆਪ ਰਾਤ ਦੇ ਸਮੇਂ ਖਾਵੇ, ਨਾਂ ਜੇ ਕੋਈ ਹੋਰ ਖਵਾਵੇ ਤਾਂ ਖਾਵਾਂਗਾ ਨਾਂ ਅਜਿਹੀ ਹਰਕਤ ਕਰਨ ਵਾਲੇ ਨੂੰ ਚੰਗਾ ਸਮਝੇ ਅਜਿਹਾ ਜਿਨੇਸ਼ਵਰ ਦੇਵ ਨੇ ਕਿਹਾ ਫ਼ਰਮਾਇਆ ਹੈ।

ਇਸ ਲਈ ਮੈਂ ਜ਼ਿੰਦਗੀ ਭਰ ਕ੍ਰਿਤ, ਕਾਰਿਤ, ਅਨੁਮੋਦੀਤ ਰੂਪ ਵਿੱਚ ਰਾਤਰੀ ਭੋਜਨ ਦਾ ਮਨ, ਬਚਨ ਤੇ ਕਾਈਆਂ ਰੂਪੀ ਤਿੰਨ ਯੋਗ ਰਾਹੀਂ ਨਾਂ ਕਰਾਂਗਾ, ਨਾ ਕਿਸੇ ਤੋਂ ਆਪਣੇ ਲਈ ਕਰਾਵਾਂਗਾ ਨਾਂ ਅਜਿਹਾ ਕਰਨ ਵਾਲੇ ਦੀ ਹਿਮਾਇਤ ਕਰਾਂਗਾ।

ਹੇ ਭਗਵਾਨ ! ਮੈਂ ਪਹਿਲਾਂ ਕੀਤੇ ਰਾਤਰੀ ਭੋਜਨ ਦੀ ਪ੍ਰਤਿਕ੍ਰਮਨ ਰਾਹੀਂ ਆਲੋਚਨਾ ਕਰਦਾ ਹਾਂ ਆਤਮ ਸਾਖੀ ਰਾਹੀਂ ਨਿੰਦਾ ਕਰਦਾ ਹਾਂ। ਗੁਰੂ ਸਾਖੀ ਰਾਹੀਂ

ਗ੍ਰਹਿ ਕਰਦਾ ਹੋਇਆ ਰਾਤਰੀ ਭੋਜਨ ਕਰਨ ਵਾਲੀ ਆਤਮਾ ਦਾ ਤਿਆਗ ਕਰਦਾ ਹਾਂ।

ਹੇ ਪ੍ਰਭੂ ! ਛੇਵੇਂ ਵਰਤ ਵਿਚ ਸਾਰੇ ਰਾਤਰੀ ਭੋਜਨ ਤੇ ਅੱਡ ਹੋ ਕੇ ਹਾਜਰ ਹੋਇਆ ਹਾਂ। ॥੧੬॥

ਉਪਰੋਂ ਆਖੇ ਪੰਜ ਮਹਾਵਰਤ, ਛੇਵੇਂ ਰਾਤਰੀ ਭੋਜਨ ਵੇਰਮਨ ਵਰਤ ਦਾ ਆਤਮ ਹਿਤ ਲਈ, ਅੰਗਿਕਾਰ ਕਰਕੇ ਸੰਜਮ ਹਿੱਤ ਜੀਵਨ ਗੁਜਾਰਾਂਗਾ।

ਪ੍ਰਿਥਵੀ ਕਾਈਆਂ ਦੇ ਜੀਵਾਂ ਦੀ ਰੱਖਿਆ

ਉਪਰੋਕਤ ਪੰਜ ਮਹਾਵਰਤਾ ਦਾ ਧਾਰਕ ਸੰਜਮ ਸਯੁੰਕਤ, ਭਿੰਨ-ਭਿੰਨ ਤਪਸਿਆ ਤੇ ਆਪ ਕਰਮਾ ਦਾ ਤਿਆਗੀ ਭਿਖਸ਼ੂ ਤੇ ਭਿਖਸ਼ਣੀ ਦਿਨ ਹੋਵੇ ਜਾਂ ਰਾਤ, ਇੱਕਲਾ ਹੋਵੇ ਜਾਂ ਸਭਾ ਵਿੱਚ ਸੁਤਾ ਹੋਵੇ ਜਾਂ ਜਾਗਦਾ ਹੋਵੇ ਅਤੇ ਵੀ ਕਿਸੇ ਵੀ ਅਵਸਥਾ ਵਿੱਚ ਹੋਵੇ ਪ੍ਰਿਥਵੀ ਕਾਇਆ ਦੇ ਜੀਵਾਂ ਦੀ ਰੱਖਿਆ ਲਈ ਯਤਨਾਂ (ਸਾਵਧਾਨੀ) ਦਾ ਇਸ ਪ੍ਰਕਾਰ ਪਾਲਨ ਕਰੇ ੪ ਖਾਨ ਮਿਟੀ, ਨਦੀ ਦੀ ਮਿਟੀ, ਬੜੇ ਪੱਥਰ ਦੇ ਟੁਕੜੇ, ਸਚਿੱਤ ਮਿੱਟੀ ਵਾਲਾ ਸ਼ਰੀਰ, ਸੁਚਿੱਤ ਮਿੱਟੀ ਵਾਲਾ ਕਪੜਾ, ਪਾਤਰ ਆਦਿ ਪ੍ਰਿਥਵੀ ਕਾਇਆ ਦੇ ਜੀਵ ਦਾ ਹੱਥ ਨਾ ਪੈਰ ਨਾਲ, ਕਾਠ ਨਾਲ, ਕਾਠ ਦੇ ਟੁਕੜੇ ਨਾਲ, ਉਂਗਲੀ ਨਾਲ ਲੋਹੇ, ਸਲਾਈ ਦੇ ਗੁਛੇ ਆਦਿ ਦੇ ਸਪਰਸ਼ ਨਾਲ ਜਾਂ ਦੂਸਰੇ ਕਿਸੇ ਹੋਰ ਵਸਤੂ ਨਾਲ ਨਾ ਇਕ ਵਾਰ ਕੁਰੇਦੇ, ਨਾਂ ਅਨੇਕਾਂ ਵਾਰ ਕੁਰੇਦੇ, ਚਲ ਵਿਚੱਲ ਨਾ ਕਰਾਵੇ, ਭੇਦਨ ਨਾਂ ਕਰੇ ਨਾਂ ਦੂਸਰੇ ਤੋਂ ਕਰਾਵੇ ਨਾਂ ਇਕ ਵਾਰ ਕੁਰੇਦੇ ਨਾ ਵਾਰ-ਵਾਰ ਕੁਰੇਦੇ ਨਾਂ ਅਜਿਹਾ ਕਰਨ ਵਾਲੇ ਨੂੰ ਚੰਗਾ ਸਮਝ ਅਜਿਹਾ ਭਗਵਾਨ ਮਹਾਂਵੀਰ ਨੇ ਫ਼ਰਮਾਇਆ ਹੈ ਇਸ ਲਈ ਸਾਰੀ ਜ਼ਿੰਦਗੀ ਲਈ ਕ੍ਰਿਤ ਕਾਰਿਤ ਤੇ ਅਨੁਮੋਦੀਤ ਰੂਪ ਪ੍ਰਿਥਵੀ ਕਾਇਆ ਸਬੰਧ ਤਿੰਨ ਪ੍ਰਕਾਰ ਦੀ ਹਿੰਸਾ ਦਾ ਮਨ, ਬਚਨ ਤੇ ਸ਼ਰੀਰ ਰਾਹੀਂ ਤਿੰਨ ਯੋਗ ਰਾਹੀਂ ਨਾਂ ਕਰੇ, ਨਾਂ ਕਰਾਵੇ ਨਾ ਕਰਦੇ ਨੂੰ ਚੰਗਾ ਸਮਝੇ।

ਹੇ ਗੁਰੂ ਦੇਵ ! ਪਹਿਲਾਂ ਕੀਤੀ ਹਿੰਸਾ (ਪ੍ਰਿਥਵੀ) ਦਾ ਪ੍ਰਤਿਕ੍ਰਮਨ ਰੂਪ ਵਿੱਚ ਮੈਂ ਅਲੋਚਨਾ ਕਰਦਾ ਹਾਂ ਆਤਮਾ ਸਾਖੀ ਨਾਲ ਨਿੰਦਾ ਕਰਦਾ ਹਾਂ ਗੁਰੂ ਸਾਖੀ ਨਾਲ ਗਰਹਾ ਕਰਦਾ ਹਾਂ ਪ੍ਰਿਥਵੀ ਕਾਇਆ ਦੀ ਹਿੰਸਾ ਕਰਨ ਵਾਲੀ ਆਤਮਾ ਦਾ ਤਿਆਗ ਕਰਦਾ ਹਾਂ।

ਅੱਪ ਕਾਇਆ ਸਮਆਰੰਭ ਵੇਰਮਨ:

ਉਪਰੋਕਤ ਪੰਜ ਮਹਾਵਰਤਾ ਦਾ ਧਾਰਕ ਸੰਜਮਯੁਕਤ, ਭਿੰਨ-ਭਿੰਨ ਤਪਸਿਆਵਾਂ ਵਿੱਚ ਲੱਗਿਆ ਹੋਇਆ ਅਤੇ ਪਛਖਾਨ ਰਾਹੀਂ ਪਾਪ ਕਰਨ ਦਾ ਨਸ਼ਟ ਕਰਨ ਵਾਲਾ ਭਿਖਸ਼ੂ ਜਾਂ ਭਿਖਸ਼ਣੀ ਵੀ ਦਿਨ ਜਾਂ ਰਾਤ, ਇੱਕਲਾ ਜਾਂ ਸਭਾ ਵਿੱਚ, ਸੌਂਦੇ ਜਾਗਦੇ ਹੋਏ ਜਾਂ ਕਿਸੇ ਹੋਰ ਹਾਲਤ ਵਿੱਚ ਅਪਕਾਇਆ ਜੀਵਾਂ ਦੀ ਜਤਨਾ (ਸਾਵਧਾਨੀ ਪੁਰਵਕ ਰੱਖਿਆ) ਇਸ ਪ੍ਰਕਾਰ ਰਹੇ ਉਦੰਗ, ਬਾਵੜੀ ਖੂਹ ਆਦਿ ਦਾ ਪਾਣੀ, ਔਸ ਦਾ ਪਾਣੀ, ਬਰਫ਼ ਦਾ ਪਾਣੀ, ਧੂੰਦ ਦਾ ਪਾਣੀ ਕਰੰਗ ਜਾਂ ਔਲੇ ਦਾ ਜਲ, ਬਨਸਪਤਿ ਦੇ ਉਪਰ ਰਿਹਾ ਜਲ ਦੇ ਕਣ, ਬਾਰਿਸ਼ ਦਾ ਪਾਣੀ, ਪਾਣੀ ਨਾਲ ਭਿੱਜੀ ਹੋਇਆ ਸ਼ਰੀਰ, ਜਲ ਬਿੰਦੂ ਰਹਿਤ ਭਿੱਜੇ ਬਸਤਰ ਆਦਿ ਅਪਕਾਇਆ ਨਾ ਪੁੰਜੇ, ਨਾਂ ਛੂਏ ਨਾ ਇਕ ਵਾਰ ਪੀੜਾ ਦੇਵੇ, ਨਾਂ ਵਾਰ-ਵਾਰ ਝਟਕੇ, ਨਾਂ ਇਕ ਵਾਰ ਤਪਾਵੇ ਨਾਂ ਵਾਰ-ਵਾਰ ਤਪਾਵੇ ਨਾਂ ਦੂਸਰੇ ਤੋਂ ਪੁਟਾਵੇ ਨਾਂ ਹੋਰ ਤੋਂ ਛੁਆਵੇ, ਨਾਂ ਇਕ ਵਾਰ ਪੀੜਾ ਦਿਲਾਵੇ, ਨਾ ਵਾਰ-ਵਾਰ ਪੀੜਾ ਦਿਲਾਵੇ, ਨਾਂ ਵਾਰ-ਵਾਰ ਤਪਾਵੇ। ਦੂਸਰੇ ਹੋਰ ਨੂੰ ਪੁੰਜਦੇ ਵੰਦੇ, ਇਕ ਵਾਰ ਪੀੜ ਦਿਵੇ ਜਾਂ ਵਾਰ - ਵਾਰ ਪੀੜਾ ਦਿੰਦੇ ਇਕ ਵਾਰ ਝਟਕਾਉਂਦੇ ਜਾਂ ਵਾਰ-ਵਾਰ ਝਟਕਾਉਂਦੇ ਹੋਏ, ਇਕ ਵਾਰ ਤਪਾਉਂਦੇ ਜਾਂ ਵਾਰ ਤਪਾਉਂਦੇ ਹੋਏ ਨੂੰ ਚੰਗਾ ਨਾ ਸਮਝੇ "ਅਜਿਹਾ ਭਗਵਾਨ ਮਹਾਂਵੀਰ ਨੇ ਫ਼ਰਮਾਇਆ ਹੈ।

"ਇਸ ਲਈ ਮੈਂ ਜ਼ਿੰਦਗੀ ਭਰ ਲਈ ਕ੍ਰਿਤ, ਕਾਰਿਤ, ਅਨਮੋਦੀਤ ਰੂਪ ਅਪਕਾਇਆ ਨੂੰ ਆਪ ਮਨ ਬਚਨ ਤੇ ਕਾਇਆ ਰਾਹੀਂ ਨਾ ਕਰਾਂਗਾ, ਨਾ ਆਪ

ਕਰਾਵਾਂਗਾ ਨਾਂ ਕਿਸੇ ਨੂੰ ਕਰਦੇ ਹੋਏ ਚੰਗਾ ਸਮਝਾਂਗਾ । ਹੇ ਪ੍ਰਭੂ ! ਪਹਿਲਾਂ ਕੀਤੀ ਹਿੰਸਾ ਦੀ ਪ੍ਰਤਿਕ੍ਰਮਨ ਰੂਪ ਵਿੱਚ ਆਲੋਚਨਾ ਕਰਦਾ ਹਾਂ ਆਤਮ ਸਾਖੀ ਨਾਲ ਨਿੰਦਾ ਕਰਦਾ ਹਾਂ ਗੁਰੂ ਸਾਖੀ ਰਾਹੀਂ ਗਾਰਹਾ ਕਰਦਾ ਹਾਂ, ਅਪਕਾਇਆ ਕਰਨ ਵਾਲੀ ਆਤਮਾ ਹਿੰਸਾ ਦਾ ਤਿਆਗ ਕਰਦਾ ਹਾਂ। ॥੧੯॥

<u>ਤੇਜਸ਼ ਕਾਇਆ ਜੀਵਾ ਦੀ ਰੱਖਿਆ:</u> ਜੋ ਭਿਕ਼ਸ਼ੂ ਜਾਂ ਭਿਖੂਸ਼ਣੀ ਮਹਾਂਵਰਤਾ ਦਾ ਧਾਰਕ ਸੰਜਮੀ ਭਿਸ਼ਟ ਤਪਸਿਆਵਾਂ ਵਿੱਚ ਲੱਗਾ ਹੋਇਆ ਹੈ ਪ੍ਰਤਿਖਿਆਨ ਰਾਹੀਂ ਪਾਪ ਕਰਮ ਨਸ਼ਟ ਕਰਨ ਵਾਲਾ ਹੈ। ਦਿਨ ਹੋਵੇ ਜਾਂ ਰਾਤ ਹੋਵੇ, ਇਕੱਲਾ ਹੋਵੇ ਜਾਂ ਸੰਗਤ ਵਿਚ ਹੋਵੇ, ਜਾਗਦਾ ਹੋਵੇ ਜਾਂ ਸੌਂਦਾ ਹੋਵੇ ਦੂਸਰੇ ਕਿਸੇ ਵੀ ਹਾਲਤ ਵਿੱਚ ਅਗਣੀ ਕਾਇਆ ਜੀਵਾਂ ਦੀ ਰੱਖਿਆ ਇਸ ਪ੍ਰਕਾਰ ਕਰੇ।

"ਭੁਬੱਲ ਦੀ ਅੱਗ, ਦੀਪਕ ਦੀ ਅੱਗ, ਜਵਾਲਾ ਦੀ ਅੱਗ, ਜਲਦੀ ਲੱਕੜ ਦੀ ਅੱਗ, ਕਾਠ ਰਹਿਤ ਅੱਗ, ਅਸਮਾਨੀ ਬਿਜਲੀ ਆਦਿ ਅੱਗ ਕਾਇਆ ਦੇ ਜੀਵਾਂ ਨੂੰ ਹੋਰ ਇੰਧਨ ਰਾਹੀਂ ਨਾਂ ਵਧਾਵੇ ਨਾਂ ਛੂਵੇ, ਚਲ ਵਿਚੱਲ (ਹਿਲਾਵੇ) ਕਰੇ, ਨਾਂ ਛੇਦਨ-ਭੇਦਨ ਕਰੇ, ਨਾਂ ਇਕ ਵਾਰ ਹਵਾ ਆਦਿ ਟੇਕ ਕੇ ਉਜਾਗਰ ਕਰੇ ਜਾਂ ਵਾਰ-ਵਾਰ ਹਵਾ ਦੇ ਕੇ ਉਜਾਗਰ ਕਰੇ, ਨਾਂ ਬੁਝਾਵੇ, ਨਾਂ ਕਿਸੇ ਹੋਰ ਤੋਂ ਬੁਝਾਵੇ, ਨਾਂ ਅੱਗ ਵਿੱਚ ਇੰਧਨ ਪਾ ਕੇ ਜਾਂ ਚਲ ਵਿਚੱਲ, ਛੇਦਨ ਕਰਦੇ ਹੋਏ, ਹਵਾ ਆਦਿ ਨਾਲ ਵਾਰ ਵਾਰ ਉਜਾਗਰ ਕਰਦੇ ਹੋਏ, ਜਾਂ ਬੁਝਾਉਂਦੇ ਹੋਏ ਨਾਂ ਚੰਗਾ ਨਾਂ ਸਮਝੇ "ਅਜਿਹਾ ਭਗਵਾਨ ਮਹਾਂਵੀਰ ਨੇ ਕਿਹਾ ਹੈ। ਇਸ ਲਈ ਮੈਂ ਸਾਰਾ ਜੀਵਨ ਕ੍ਰਿਤ ਕਾਰਿਤ, ਅਨੁਮੋਤਿ ਰੂਪ ਅਹਾਨੀ ਕਾਇਆ ਹਿੰਸਾ ਦਾ ਮਨ, ਬਚਨ ਕਾਇਆ ਰੂਪ ਤਿੰਨ ਯੋਗ ਤਿੰਨ ਕਰਨ ਤੇ ਨਾਂ ਕਰਾਂਗਾ ਨਾਂ ਕਰਾਵਾਂਗਾ ਨਾਂ ਕਰਦੇ ਨੂੰ ਚੰਗਾ ਸਮਝਾਂਗਾ।

ਹੇ ਗੁਰੂ ਦੇਵ ! ਪਹਿਲਾਂ ਕੀਤੀ ਹਿੰਸਾ ਦੀ ਪ੍ਰਤਿਕ੍ਰਮਣ ਰੂਪ ਵਿੱਚ ਆਲੋਚਨਾ ਕਰਦਾ ਹਾਂ, ਆਤਮ ਸਾਖੀ ਪ੍ਰਤਿਕਮਣ ਰੂਪ ਵਿੱਚ ਆਲੋਚਨਾ ਕਰਦਾ ਹਾਂ, ਆਤਮ

ਸਾਖੀ ਨਾਲ ਨਿੰਦਾ ਕਰਦਾ ਹਾਂ ਗੁਰੂ ਸਾਖੀ ਨਾਲ ਅਜਿਹਾ ਕਰਦਾ ਹਾਂ ਅਗਨੀ ਦੇ ਜੀਵਾਂ ਕਾਈਆਂ ਕਰਨ ਵਾਲੀ ਹਿੰਸਕ ਆਤਮ ਦਾ ਤਿਆਗ ਕਰਦਾ ਹਾਂ। ॥੨੦॥

ਵਾਯੂ ਕਾਇਆ ਦੇ ਜੀਵਾਂ ਦੀ ਰੱਖਿਆ: ਉਪਰੋਕਤ ਪੰਜ ਮਹਾਂਵਰਤ ਦਾ ਧਾਰਮ ਸੰਜਮੀ, ਭਿੰਨ-ਭਿੰਨ ਤਪਸਿਆਵਾਂ ਵਿੱਚ ਲੱਗਿਆ ਹੋਇਆ ਹੈ ਪ੍ਰਤਿਕਸ਼ਨ ਰਾਹੀਂ ਪਾਪ ਕਰਨ ਦਾ ਨਸ਼ਟ ਕਰਨ ਵਾਲਾ ਭਿਖਸ਼ੂ ਤੇ ਭਿਖਸ਼ਣੀ ਦਿਨ ਹੋਵੇ ਰਾਤ ਹੋਵੇ, ਇੱਕਲਾ ਹੋਵੇ ਜਾਗਦਾ ਹੋਵੇ, ਸੌਂਦਾ ਹੋਵੇ, ਜਾਂ ਕਿਸੇ ਵੀ ਹੋਰ ਅਵਸਥਾ ਵਿੱਚ ਹੋਵੇ ਜੀਵਾਂ ਦੀ ਜਤਨਾ (ਸਾਵਧਾਨੀ ਨਾਲ ਰੱਖਿਆ) ਇਸ ਪ੍ਰਕਾਰ ਕਰੇ ਸਫ਼ੈਦ ਚਾਮਰ, ਬੀਜ ਨਾਲ, ਤਾਲਪਤਰ ਨਾਲ, ਕਮਲ ਆਦਿ ਦੇ ਪੱਤਿਆਂ ਨਾਲ, ਕਮਲ ਆਦਿ ਦੇ ਪੱਤਿਆਂ ਦੇ ਸਮੂਹ ਨਾਲ, ਦਰਖਤ ਦੀ ਡਾਲੀ ਰਾਹੀਂ ਡਾਲੀਆਂ ਦੇ ਸਮੂਹ ਰਾਹੀਂ, ਮੋਰ ਪਿਛੀ ਰਾਹੀਂ, ਮੋਰ ਪਿਛੀ ਦੀ ਪੁੰਜੀ ਰਾਹੀਂ, ਕਪੜੇ ਰਾਹੀਂ, ਕਪੜੇ ਦੇ ਟੁਕੜੇ ਰਾਹੀਂ ਹੱਥ ਨਾਲ, ਮੂੰਹ ਨਾਲ, ਆਪਣੇ ਸ਼ਰੀਰ ਰਾਹੀਂ ਗਰਮ ਪਦਾਰਥ ਤੇ ਫ਼ੂਕ ਮਾਰ ਕੇ, ਨਾਂ ਆਪ ਹਵਾ ਦੇਵੇ ਨਾ ਹੀ ਦੂਸਰਿਆਂ ਤੋਂ ਹਵਾ ਕਰਾਵੇ ਨਾਂ ਕਰਦੇ ਨੂੰ ਚੰਗਾ ਸਮਝੈ ਅਜਿਹਾ ਭਗਵਾਨ ਮਹਾਂਵੀਰ ਨੇ ਕਿਹਾ ਹੈ। "ਇਸ ਲਈ ਮੈਂ ਤਿੰਨ ਪ੍ਰਕਾਰ ਕ੍ਰਿਤ ਕਾਰਿਤ ਅਨੁਮੋਦਿਤ ਤੇ ਹਿੰਸਾ ਦਾ ਮਨ, ਬਚਨ, ਕਾਇਆ ਦੇ ਤਿੰਨ ਕਰਨ ਤੇ ਯੋਗਾਂ ਰਾਹੀਂ ਨਾਂ ਆਪ ਕਰਾਂਗਾ ਨਾਂ ਕਿਸੇ ਤੋਂ ਕਰਾਵਾਂਗਾ ਨਾਂ ਹੋਰ ਕਰ ਰਹੇ ਨੂੰ ਚੰਗਾ ਸਮਝਾਂਗਾ। ਇਸ ਲਈ ਹੇ ਭਗਵਾਨ ! ਭੂਤਕਾਲ ਵਿੱਚ ਕੀਤੀ ਹਿੰਸਾ ਦਾ ਪ੍ਰਤਿਖਾਣ ਰਾਹੀਂ ਆਲੋਚਨਾ ਕਰਦਾ ਹਾਂ ਆਤਮ ਸਾਖੀ ਰਾਹੀਂ ਨਿੰਦਾ ਕਰਦਾ ਹਾਂ, ਗੁਰੂ ਸਾਖੀ ਰਾਹੀਂ ਗਰਹਾ ਕਰਦਾ ਹਾਂ ਵਾਯੂ ਕਾਇਆ ਕਰਨ ਵਾਲੀ ਹਿੰਸਾ ਆਤਮਾ ਦਾ ਤਿਆਗ ਕਰਦਾ ਹਾਂ। ॥੨੧॥

ਬਨਸਪਤੀ ਕਾਈਆ ਦੇ ਜੀਵਾਂ ਦੀ ਰੱਖਿਆ: ਉਪਰੋਕਤ ਪੰਜ ਮਹਾਂਵਰਤਾ ਦਾ ਧਾਰਕ ਸੰਜਮਯੁਕਤ, ਭਿੰਨ-ਭਿੰਨ ਤਪਸਿਆਵਾਂ ਵਿਚ ਲੱਗਾ ਹੋਇਆ, ਪ੍ਰਤਿੱਖਾਣ ਰਾਹੀਂ ਪਾਸ ਕਰਨ ਨਸ਼ਟ ਕਰਨ ਵਾਲਾ ਭਿਖਸ਼ੂ ਤੇ ਭਿਖਸ਼ਣੀ ਦਿਨ ਹੋਣ ਜਾਂ ਰਾਤ, ਇੱਕਲਾ

ਹੋਵੇ ਜਾਂ ਸਭਾ ਵਿੱਚ, ਸੌਂਦਾ ਹੋਵੇ ਜਾਂ ਜਾਗਦਾ ਹੋਵੇ ਅਤੇ ਕਿਸੇ ਵੀ ਅਵਸਥਾ ਵਿੱਚ ਬਨਸਪਤਿ ਕਾਇਆ ਦੇ ਜੀਵਾਂ ਦੀ ਜਤਨਾ (ਰੱਖਿਆ) ਇਸ ਪ੍ਰਕਾਰ ਕਰੇ, ਬੀਜਾਂ ਦੇ ਉਪਰ, ਅੰਕੁਰ ਦੇ ਉਪਰ, ਅੰਕੁਰ ਵਿੱਚ ਰਹੇ ਅੰਨ ਆਦਿਵਸਤੂ ਉਪਰ, ਹਰੇ ਘਾਹ ਦੇ ਉਪਰ ਅਨਾਜ ਦੇ ਖੇਤਾਂ ਵਿੱਚ, ਅਨਾਜ ਆਦਿ ਦੇ ਉਪਰ, ਘੁਣ ਆਦਿ ਜੰਤੂ ਵਾਲੇ ਆਸਨ ਆਦਿ ਵਸਤਾਂ ਦੇ ਉਪਰ ਨਾਂ ਆਪ ਘੁੰਮੇ, ਨਾਂ ਖੜਾ ਹੋਏ, ਨਾਂ ਬੈਠੇ, ਨਾਂ ਕਿਸੇ ਹੋਰ ਨੂੰ ਹਾਸਲ ਕਰਾਵੇ, ਨਾਂ ਕਿਸੇ ਹੋਰ ਤੋਂ ਅਜਿਹਾ ਕਰਵਾਵੇ, ਖੜੇ ਹੋਏ ਬੈਠੇ ਹੋਏ, ਸੋਏ ਹੋਏ ਨੂੰ ਚੰਗਾ ਸਮਝੇ। ਅਜਿਹਾ ਭਗਵਾਨ ਮਹਾਂਵੀਰ ਨੇ ਆਖਿਆ ਹੈ ਇਸ ਲਈ ਜੀਵਨ ਭਰ ਕ੍ਰਿਤ ਕਾਰਿਤ ਤੇ ਅਨਮੋਦਿਤ ਰੂਪ ਬਨਸਪਤੀ ਦਿਨ ਹਿੰਸਾ ਦਾ ਮਨ ਬਚਨ ਤੇ ਕਾਇਆ ਦਾ ਤਿੰਨ ਕਰਨ ਯੋਗ ਵਚਨ ਕਰਾਂਗਾ ਨਾਂ ਕਿਸੇ ਹੋਰ ਤੇ ਕਰਾਵਾਂਗਾ ਹੇ ਪ੍ਰਭੂ ! ਪਹਿਲਾਂ ਕੀਤੀ ਰਾਈ ਹਿੰਸਾ ਦੀ ਪ੍ਰਤਿਕਮਣ ਰੂਪ ਵਿੱਚ ਆਲੋਚਨਾ ਕਰਦਾ ਹਾਂ ਆਤਮ ਸਾਖੀ ਨਾਲ ਨਿੰਦਾ ਕਰਦਾ ਹਾਂ ਗੁਰੂ ਸਾਖੀ ਨਾਲ ਗਰਹਾ ਕਰਦਾ ਹਾਂ ਬਨਸਪਤੀ ਕਾਇਆ ਕਰਨ ਵਾਲੀ ਆਤਮਾ ਤਿਆਗ ਕਰਦਾ ਹਾਂ। ॥੨੨॥

<u>ਤਰੱਸ ਕਾਇਆ ਦੇ ਜੀਵਾਂ ਦੀ ਰੱਖਿਆ:</u> ਉਪਰੋਕਤ ਪੰਜ ਮਹਾਂਵਰਤਾ ਦਾ ਧਾਰਮ, ਸੰਜਮੀ, ਭਿੰਨ-ਭਿੰਨ ਤਪਸਿੱਆਵਾਂ ਵਿੱਚ ਲੱਗਾ ਹੋਇਆ ਅਤੇ ਪਛਖਾਨ ਰਾਹੀਂ ਪਾਪ ਕਰਮ ਦਾ ਨਸ਼ਟ ਕਰਨ ਵਾਲਾ ਭਿਖਸ਼ੂ ਭਿਖਸ਼ਣੀ ਦਿਨ ਹੋਵੇ, ਜਾਂ ਰਾਤ ਹੋਵੇ, ਇੱਕਲਾ ਹੋਵੇ ਜਾਂ ਸਭਾ ਵਿੱਚ ਹੋਵੇ ਸੌਂਦਾ ਹੋਵੇ, ਜਾਗਦਾ ਹੋਵੇ, ਦੂਸਰੇ ਕਿਸੇ ਵੀ ਅਵਸਥਾ ਵਿੱਚ ਹੋਵੇ, ਤਰੱਸ ਕਾਇਆ ਦੇ ਜੀਵਾਂ ਦੀ ਰੱਖਿਆ ਇਸ ਪ੍ਰਕਾਰ ਕਰੇ ਕਿ ਕੀੜਾ, ਪਤੰਗ, ਕੁੰਥੂ, ਕੀੜੀ ਆਦਿ ਦੋ ਇੰਦਰੀਆਂ ਤਿੰਨ ਇੰਦਰੀਆਂ, ਚਾਰ ਇੰਦਰੀਆਂ ਵਾਲੇ ਜੀਵਾਂ ਦਾ ਹੱਥ, ਪੈਰ, ਬਾਂਹ, ਪੱਟ ਰਾਹੀਂ, ਪੇਟ ਤੇ ਮੱਥੇ ਤੇ, ਕਪੜੇ ਨਾਲ, ਡੰਡੇ ਨਾਲ, ਔਘੇ ਨਾਲ, ਗੁੱਛਗ (ਛੋਟਾ ਔਘਾ) ਨਾਲ, ਉਦਕ (ਪਿਸ਼ਾਬ ਦੇ ਪਾਤਰ) ਜਾਂ ਟੱਟੀ ਤਿਆਗ ਦੇ ਪਾਤਰ ਵਿੱਚ, ਡੰਡਿਆਂ ਤੇ, ਚੋਂਕੀ ਤੇ ਫੱਟੇ ਤੇ ਮੇਜ,

ਮਕਾਨ, ਵਿਛੋਨਾ, ਵਿੱਚ ਦੂਸਰੇ ਤੇ ਹੋਰ ਸਾਧੂ ਸਾਧਵੀ ਯੋਗ ਉਪਰੋਕਤ ਵਿੱਚ ਰਹੇ ਹੋਏ, ਹੱਥ ਆਦਿ ਸਥਾਨ ਤੇ ਜਤਨਾ ਪੂਰਵਕ ਵਾਰ-ਵਾਰ ਦੇਖ ਕੇ ਪੁੰਜ ਕੇ, ਇਕਾਂਤ ਜਗ੍ਹਾ ਤੇ ਛੱਡ ਦੇਵੇ ਪਰ ਤਰੱਸ ਕਾਇਆ ਜੀਵਾਂ ਨੂੰ ਕਸ਼ਟ ਨਾ ਦੇਵੇ। ॥੨੩॥

ਜਤਨਾ ਤੇ ਬਿਹਾਰ ਆਦਿ ਕਰਨ ਦਾ ਉਪਦੇਸ਼: ਬਿਨਾ ਸਾਵਧਾਨੀ ਚਲਨ ਵਾਲਾ ਜੀਵਾਂ ਦੀ ਹਿੰਸਾ ਕਰਦਾ ਹੈ ਜਿਸ ਕਾਰਣ ਪਾਪ ਕਰਮ ਦਾ ਬੰਧਨ ਹੁੰਦਾ ਹੈ ਜੋ ਜੀਵ ਲਈ ਕੋੜਾ ਫਲ ਦੇਣ ਵਾਲਾ ਹੁੰਦਾ ਹੈ। ॥੧॥

ਬਿਨਾਂ ਸਾਵਧਾਨੀ ਖੜਨ ਵਾਲਾ ਜੀਵਾਂ ਦੀ ਹਿੰਸਾ ਕਰਦਾ ਹੈ ਜਿਸ ਨਾਲ ਪਾਪ ਕਰਮ ਦਾ ਬੰਧਨ ਹੁੰਦਾ ਹੈ ਜੋ ਜੀਵ ਲਈ ਕੋੜਾ ਫਲ ਲੇਣ ਵਾਲਾ ਹੁੰਦਾ ਹੈ। ॥੨॥

ਬਿਨਾਂ ਸਾਵਧਾਨੀ ਬੈਠਣ ਵਾਲਾ ਜੀਵਾਂ ਦੀ ਹਿੰਸਾ ਕਰਦਾ ਜਿਸ ਨਾਲ ਪਾਪ ਕਰਮ ਦਾ ਬੰਧਨ ਹੁੰਦਾ ਹੈ। ਜਿਸ ਦਾ ਫਲ ਜੀਵ ਲਈ ਕੋੜਾ ਹੁੰਦਾ ਹੈ। ॥੩॥

ਬਿਨਾ ਸਾਵਧਾਨੀ ਸੋਣ ਵਾਲੇ ਜੀਵਾਂ ਦੀ ਹਿੰਸਾ ਕਰਦਾ ਹੈ ਜਿਸ ਨਾਲ ਪਾਪ ਕਰਮ ਦਾ ਬੰਧਨ ਹੁੰਦਾ ਹੈ ਜੋ ਜੀਵ ਲਈ ਕੋੜਾ ਫਲ ਹੁੰਦਾ ਹੈ। ॥੪॥

ਬਿਨਾ ਸਾਵਧਾਨੀ ਭੋਜਨ ਕਰਨ ਵਾਲਾ ਜੀਵਾਂ ਦੀ ਹਿੰਸਾ ਕਰਦਾ ਹੈ ਜਿਸ ਨਾਲ ਪਾਪ ਕਰਮ ਦਾ ਬੰਧਨ ਹੁੰਦਾ ਹੈ ਜੋ ਜੀਵ ਲਈ ਕੋੜਾ ਹੁੰਦਾ ਹੈ। ॥੫॥

ਬਿਨਾਂ ਸਾਵਧਾਨੀ ਬੋਲਨ ਵਾਲਾ ਜੀਵਾਂ ਦੀ ਹਿੰਸਾ ਕਰਦਾ ਹੈ ਜਿਸ ਨਾਲ ਪਾਪ ਕਰਮ ਦਾ ਬੰਧਨ ਹੁੰਦਾ । ਜਿਸ ਦਾ ਫਲ ਜੀਵ ਲਈ ਕੋੜਾ ਹੁੰਦਾ ਹੈ। ॥੬॥

"ਹੇ ਪ੍ਰਭੂ ! ਕਿਸ ਪ੍ਰਕਾਰ ਗਮਨ ਕਰੇ ? ਕਿਸ ਪ੍ਰਕਾਰ ਖੜਾ ਹੋਵੇ ? ਕਿਸ ਪ੍ਰਕਾਰ ਬੈਠੇ ? ਕਿਸ ਪ੍ਰਕਾਰ ਸੋਵੇ ? ਕਿਸ ਪ੍ਰਕਾਰ ਭੋਜਨ ਕਰੇ ? ਕਿਸ ਪ੍ਰਕਾਰ ਬੋਲੇ ? ਕਿਸ ਪ੍ਰਕਾਰ ਜੀਵ ਹਿੰਸਾ ਦੇ ਪਾਪ ਤੋਂ ਬਚ ਸਕਦਾ ਹੈ। ॥੭॥

ਜਤਨਾ (ਸਾਵਧਾਨੀ) ਨਾਲ ਗਮਨ (ਚਲੇ) ਕਰੇ, ਖੜਾ ਹੋਵੇ, ਬੈਠੇ, ਸੋਏ, ਭੋਜਨ ਕਰੇ, ਬੋਲੇ। ਇਸ ਪ੍ਰਕਾਰ ਸਾਵਧਾਨੀ ਨਾਲ ਜ਼ਿੰਦਗੀ ਗੁਜਾਰਨ ਵਾਲੇ ਸਾਧੂ ਦਾ ਪਾਪ ਕਰਮ ਦਾ ਬੰਧਨ ਨਹੀਂ ਹੁੰਦਾ। ॥੮॥

ਸਾਰੇ ਜੀਵਾਂ ਨੂੰ ਆਪਣੀ ਆਤਮਾ ਦੀ ਤਰ੍ਹਾਂ ਸਮਝਣ ਵਾਲਾ ਅਤੇ ਵੇਖਣ ਵਾਲਾ, ਸਾਰੇ ਪ੍ਰਾਣੀਆਂ ਨੂੰ ਆਸ਼ਰਵ (ਪਾਪ) ਦਰਵਾਜ਼ੇ ਨੂੰ ਰੋਕਣ ਵਾਲਾ, ਇੰਦਰੀਆਂ ਦੇ ਵਿਸ਼ਿਆਂ ਤੇ ਕਾਬੂ ਰੱਖਨ ਵਾਲਾ ਪਾਪ ਕਰਮ ਦਾ ਬੰਧਨ ਨਹੀਂ ਕਰਦਾ। ॥੯॥

ਪਹਿਲਾਂ ਗਿਆਨ (ਜੀਵ-ਅਜੀਵ ਆਦਿ ੯ ਤੱਤਵਾਂ) ਹੈ ਉਸ ਤੋਂ ਬਾਅਦ ਦਿਆ (ਸੰਜਮ) ਆਦਿ ਕ੍ਰਿਆ ਹੈ ਇਸ ਪ੍ਰਕਾਰ ਗਿਆਨ ਤੇ ਕ੍ਰਿਆ ਵਿੱਚ ਰਹਿੰਦਾ ਸਾਧੂ ਸਭ ਤੱਤਵ ਗਿਆਨ ਤੋਂ ਰਹਿਤ ਸਾਧੂ ਕਿ ਕਰੇਗਾ ? ਪੁਨ ਪਾਪ ਨੂੰ ਕੀ ਸਮਝੇਗਾ? ॥੧੦॥

ਆਗਮ (ਧਰਮ ਗ੍ਰੰਥਾ) ਨੂੰ ਸੁਣ ਕੇ, ਸੰਜਮ ਦੇ ਸਵਰੂਪ ਨੂੰ ਜਾਣਦਾ ਹੈ ਆਗਮਾ ਨੂੰ ਸੁਣ ਕੇ ਸੰਜਮ ਤੇ ਅਸੰਜਮ ਨੂੰ ਜਾਣਦਾ ਹੋਇਆ, ਸਾਧੂ ਜੋ ਆਤਮਾ ਦੇ ਹਿੱਤ ਵਿੱਚ ਹੋਣ ਉਸ ਦਾ ਆਚਰਣ ਕਰੇ। ॥੧੧॥

ਜੋ ਪੁਰਸ਼ ਇਕ ਇੰਦਰੀਆਂ ਆਦਿ ਜੀਵਾਂ ਨੂੰ ਵੀ ਨਹੀਂ ਜਾਣਦਾ ਹੈ ਅਜੀਵ ਪਦਾਰਥਾਂ ਨੂੰ ਵੀ ਨਹੀਂ ਜਾਣਦਾ ਹੈ ਉਹ ਪੁਰਸ਼ ਜੀਵ ਅਜੀਵ ਨੂੰ ਨਹੀਂ ਜਾਣਦਾ ਹੋਇਆ ੧੭ ਪ੍ਰਕਾਰ ਦੇ ਸੰਜਮ ਨੂੰ ਕੀ ਜਾਣੇਗਾ? ॥੧੨॥

ਜੋ ਪੁਰਸ਼ ਇਕ ਇੰਦਰੀਆਂ ਆਦਿ ਜੀਵਾਂ ਨੂੰ ਵਿਸ਼ੇਸ਼ ਰੂਪ ਵਿੱਚ ਜਾਣਦਾ ਹੈ ਉਹ ਪੁਰਸ਼ ਜੀਵ ਅਜੀਵ ਦੇ ਸਵਰੂਪ ਨੂੰ ਚੰਗੀ ਤਰ੍ਹਾਂ ਜਾਣਦਾ ਹੋਇਆ ੧੭ ਪ੍ਰਕਾਰ ਦੇ ਸੰਜਮ ਨੂੰ ਨਿਸ਼ਚੈ ਹੀ ਜਾਨ ਸਕਦਾ ਹੈ। ॥੧੩॥

ਜੋ ਜੀਵ ਤੇ ਅਜੀਵ ਇਨ੍ਹਾਂ ਦੋਹਾਂ ਨੂੰ ਹੀ ਜਾਣਦਾ ਹੈ ਉਹ ਸਾਰੇ ਜੀਵਾਂ ਦੀ ਭਿੰਨ-ਭਿੰਨ ਪ੍ਰਕਾਰ ਦੀ ਗਤਿ (ਜਨਮਾਂ) ਨੂੰ ਜਾਣਦਾ ਹੈ ॥੧੪॥

ਜਦ ਸਾਰੇ ਜੀਵਾਂ ਦੀ ਭਿੰਨ-ਭਿੰਨ ਪ੍ਰਕਾਰ ਦੀ ਗਤਿ ਨੂੰ ਸ਼ਮਝ ਲੈਂਦਾ ਹੈ ਤਾਂ ਪੁੰਣ, ਪਾਪ, ਬੰਧ ਮੋਕਸ਼ ਨੂੰ ਜਾਣ ਲੈਂਦਾ ਹੈ। ॥੧੫॥

ਜਦ ਪੁੰਨ ਪਾਪ, ਬੰਧ ਤੇ ਮੋਕਸ਼ ਆਦਿ ਤੱਤਵਾਂ ਨੂੰ ਜਾਣਦਾ ਹੈ ਤਾਂ ਉਹ ਦੇਵਤਾ ਮਨੁੱਖ ਤੇ ਪਸ਼ੂ ਸਬੰਧੀ ਭੋਗਾਂ ਨੂੰ ਅਸਾਰ (ਸਾਰ ਰਹਿਤ) ਮੰਨਦਾ ਹੈ ਅਤੇ ਵਿਰਕਤੀ ਧਾਰਨ ਕਰਦਾ ਹੈ। ॥੧੬॥

ਜਦ ਦੇਵ, ਮਨੁੱਖ ਤੇ ਪਸ਼ੂ ਸਬੰਧੀ ਭੋਗਾਂ ਨੂੰ ਆਸਾਰ ਅਤੇ ਇਨ੍ਹਾਂ ਨੂੰ ਛੱਡ ਦਿੰਦਾ ਹੈ। ਸਮਝਦਾ ਹੈ ਤਾਂ ਉਹ ਬਾਹਰਲੇ ਸੰਬੰਧ ਪੁਤਰ, ਰਿਸ਼ਤੇਦਾਰ ਆਦਿ ਨੂੰ ਛੱਡਦਾ ਹੈ ਅਤੇ ਸਾਧੂ ਬਨ ਜਾਂਦਾ ਹੈ। ॥੧੭॥

ਜਦ ਬਾਹਰਲੇ ਸੰਜੋਗਾਂ ਨੂੰ ਛਡੱਦਾ ਹੈ ਤਾਂ ਦਰਵ ਭਾਵ (ਬਾਹਰਲੇ ਭਾਵ) ਨਾਲ ਮੁੰਡਿਤ ਹੋ ਕੇ ਸਾਧੂ ਜੀਵਨ ਅੰਗੀਕਾਰ ਕਰਦਾ ਹੈ। ॥੧੮॥

ਜਦ ਭਾਵ ਤੋਂ ਮੁੰਡਿਤ ਹੋ ਕੇ ਸਾਧੂ ਜੀਵਨ ਗ੍ਰਹਿਣ ਕਰਦਾ ਹੈ ਤਦ ਉਤੱਮ ਸੰਬਰ ਭਾਵ ਅਤੇ ਅੰਤਰ ਸਰਵ ਉਤੱਮ ਜਿੰਨੇਦਰ ਧਰਮ ਨੂੰ ਸਪਰਸ਼ ਕਰਦਾ ਹੈ। ॥੧੯॥

ਜਦ ਉਤੱਮ ਸੰਬਰ ਭਾਵ ਤੇ ਉਤੱਮ ਜੈਨ ਧਰਮ ਨੂੰ ਸਪਰਸ਼ ਕਰਦਾ ਹੈ ਤਾਂ ਮਿੱਥਿਆਤਵ ਆਦਿ ਨਾਲ ਪੈਦਾ ਹੋਈ ਕਰਮ ਧੂੜ ਦੀ ਸਫ਼ਾਈ ਕਰਦਾ ਹੈ ਤਾਂ ਲੋਕ ਅਲੋਕ ਵਿੱਚ ਸਮਿਅਕ ਗਿਆਨ ਤੇ ਦਰਸ਼ਨ ਦੇ ਪ੍ਰਾਪਤ ਕਰਦਾ ਹੈ। ॥੨੦॥

ਜਦ ਮਨੁਖ ਅਗਿਆਨ ਰੂਪੀ ਪਾਪ ਰਾਹੀਂ ਇਕਠੇ ਕੀਤੇ ਕਰਮਾ ਦੀ ਧੂੜ ਝਾੜ ਕੇ ਦੂਰ ਕਰ ਲੈਂਦਾ ਹੈ ਤਾਂ ਉਹ ਸਰਵਵਿਆਪੀ ਕੇਵਲ ਗਿਆਨ ਅਤੇ ਕੇਵਲ ਦਰਸ਼ਨ ਨੂੰ ਪ੍ਰਾਪਤ ਹੁੰਦਾ ਹੈ। ॥੨੧॥

ਜਦ ਮਨੁਖ ਸਰਵਿਆਪੀ ਗਿਆਨ ਅਤੇ ਦਰਸ਼ਨ ਨੂੰ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਜਿਨ (ਇੰਦਰੀਆਂ ਦੇ ਵਿਸ਼ੇ ਦਾ ਜੇਤੂ) ਅਤੇ ਕੇਵਲੀ (ਸ਼ਰਵਗ) ਬਣਕੇ ਲੋਕ ਅਲੋਕ ਨੂੰ ਜਾਣ ਲੈਂਦਾ ਹੈ। ॥੨੨॥

ਜਦ ਰਾਗ ਦਵੇਸ਼ ਨੂੰ ਜਿਤਨ ਵਾਲਾ ਕੇਵਲ ਗਿਆਨ ਪੁਰਸ਼ ਲੋਕ ਅਤੇ ਅਲੋਕ ਨੂੰ ਜਾਣਦਾ ਹੈ ਫੌਰਨ ਮਨ-ਬਚਨ ਕਾਇਆ ਆਦਿ ਤਿੰਨ ਯੋਗਾਂ ਨੂੰ ਰੋਕ ਕੇ ਜਨਮ

ਮਰਨ ਦਾ ਕਾਰਣ ਕਰਮਾਂ ਦੇ ਅੰਗ ਦਾ ਨਾਸ਼ ਕਰਨ ਲਈ ਸੋਲੇਸ਼ੀ (ਕੰਪਨ ਰਹਿਤ) ਅਵਸਥਾ ਨੂੰ ਸਵੀਕਾਰ ਕਰਦਾ ਹੈ। ॥੨੩॥

ਜਦ ਮਨ-ਬਚਨ ਕਾਇਆ ਇੰਨ੍ਹਾਂ ਤਿੰਨ ਯੋਗਾਂ ਨੂੰ ਰੋਕ ਕੇ ਸ਼ੈਲੇਸ਼ੀ ਅਵਸਥਾ ਨੂੰ ਪ੍ਰਾਪਤ ਕਰਦਾ ਹੈ ਜਨਮ ਮਰਨ ਦਾ ਕਾਰਣ ਕਰਮਾ ਨੂੰ ਖਪਾ ਕੇ ਕਰਮ ਰਹਿਤ ਪੁਰਸ਼ ਸਿਧ ਗਤਿ ਵਿੱਚ ਚਲਾ ਜਾਂਦਾ ਹੈ ਜਿੱਥੇ ਲੋਕ ਦੇ ਉਪਰ, ਸਦਾ ਹਮੇਸ਼ਾ ਰਹਿਣ ਵਾਲਾ ਸਿੱਧ ਹੁੰਦਾ ਹੈ। ॥੨੪॥

ਜਦ ਮਨੁੱਖ ਕਰਮਾਂ ਦਾ ਖਾਤਮਾ ਕਰਕੇ ਜਰਨ ਰਹਿਤ ਹੋ ਕੇ ਸਿਧੀ ਪ੍ਰਾਪਤ ਕਰਦਾ ਹੈ ਤਾਂ ਲੋਕਾਂ ਦੇ ਮੱਥੇ (ਅੰਤਮ ਭਾਗ ਤੇ) ਸਿੱਧ ਹੋਕੇ ਸਾਸਵਤ ਪਦਵੀ ਪ੍ਰਾਪਤ ਕਰਦਾ ਹੈ। ॥੨੫॥

ਸ਼ਬਦ ਆਦਿ ਵਿਸ਼ੇ ਦੇ ਸੁਖ ਦਾ ਸਵਾਦ ਲੈਣ ਵਾਲੇ, ਸੁਖਾ ਦੇ ਲਈ ਬੇਕਰਾਰ ਖਾ ਪੀ ਕੇ ਰਾਤ ਦਿਨ ਪਏ ਰਹਿਣ ਵਾਲੇ, ਬਿਨਾਂ ਕਾਰਣ ਹੱਥ, ਪੈਰ, ਮੂੰਹ, ਦੰਦ ਆਦਿ ਅੰਗ ਨੂੰ ਧੋ ਕੇ ਸਾਫ਼ ਕਰਕੇ ਰੱਖਨ ਵਾਲੇ, ਇਸ ਪ੍ਰਕਾਰ ਦੇ ਬੇਕਾਰ ਸਾਧੂ ਨੂੰ ਸਿੱਧ ਗਤਿ ਮਿਲਨ ਕਠਿਨ ਹੈ। ॥੨੬॥

ਤੱਪ ਗੁਣਾ ਰਾਹੀਂ ਸ਼ਰੇਸ਼ਟ, ਮੋਕਸ਼ ਮਾਰਗ ਵਿੱਚ ਬੁੱਧੀ ਲਗਾਉਣ ਵਾਲੇ ਸ਼ਾਂਤੀ ਤੇ ਸੰਜਮ ਕ੍ਰਿਆ ਵਿੱਚ ਲੱਗੇ, ੨੨ ਪਰਿਸ਼ੈ ਨੂੰ ਜਿੱਤਣ ਵਾਲੇ ਇਸ ਪ੍ਰਕਾਰ ਜਿਨੇਸ਼ਰ ਪ੍ਰਮਾਤਮਾ ਦੀ ਆਗਿਆ ਦਾ ਪਾਲਨ ਕਰਕੇ ਮੋਕਸ਼ ਸਹਿਜ ਨਾਲ ਪ੍ਰਾਪਤ ਕਰਦੇ ਹਨ। ॥੨੭॥

ਜਿਨ੍ਹਾਂ ਮਹਾਂ ਪੁਰਸ਼ਾਂ ਨੂੰ ੧੨ ਪ੍ਰਕਾਰ ਦੇ ਤਪ ਤੇ ੧੭ ਪ੍ਰਕਾਰ ਦੇ ਸੰਜਮ ਤੇ ਖਿੱਮਾ ਤੇ ਬ੍ਰਹਮਚਰਜ ਚੰਗਾ ਲੱਗਦਾ ਹੈ ਉਹ ਆਖਰੀ (ਬੁਢਾਪੇ) ਦੀ ਅਵਸਥਾ ਵਿੱਚ ਵੀ ਸੰਜਮ ਮਾਰਗ ਤੇ ਚੱਲਦੇ ਹੋਏ ਦੇਵ ਵਿਮਾਨਾ ਨੂੰ ਚਲੇ ਜਾਂਦੇ ਹਨ। ॥੨੮॥

ਲਗਾਤਾਰ ਜਤਨਾ ਰਖਦੇ ਹੋਏ ਸਮਿਅਕ ਦ੍ਰਿਸ਼ਟੀ ਪੁਰਸ਼ ਕਠਿਨਤਾ ਨਾਲ ਗੁੰਮ ਲਕੇ ਵਾਲੇ ਚਰਿੱਤਰ (ਸਾਧੂ ਜੀਵਨ) ਨੂੰ ਪਾਕੇ ਇਸ ਪ੍ਰਕਾਰ ਚੱਖੇ

# ਪੰਜਵਾਂ ਪਿੰਡੇਸਨਾ ਅਧਿਐਨ (ਪਹਿਲਾ ਉਦੇਸ਼ਕ)

ਮੁਨੀ ਭਿਖਸ਼ਾ ਦਾ ਸਮਾਂ ਹੋ ਜਾਣ ਤੇ ਪਰਹਿਤ, ਲਗਾਵ ਰਹਿਤ ਹੁੰਦਾ ਹੋਇਆ ਅੱਗੇ ਆਖੀ ਵਿਧੀ ਨਾਲ ਭੋਜਨ ਦੀ ਗਵੇਸ਼ਨਾ (ਤਲਾਸ਼) ਕਰੇ। ॥੧॥

ਪਿੰਡ ਜਾਂ ਸ਼ਹਿਰ ਵਿੱਚ ਗਿਆ ਭਿਖਸ਼ੂ ਹੋਲੀ-ਹੋਲੀ ਹਲਚਲ ਰਹਿਤ ਅਤੇ ਮਾਨਸਿਕ ਸੰਤੁਲਨ ਤੇ ਕਾਬੂ ਰੱਖ ਕੇ ਚਲੇ। ॥੨॥

ਬੀਜ, ਹਰਿਆਲੀ, ਪਾਣੀ ਤੇ ਸਚਿੱਤ ਮਿੱਟੀ ਤੇ ਆਦਿ ਦੇ ਜੀਵਾਂ ਨੂੰ ਬਚਾਉਂਦਾ ਹੋਇਆ ਸਾਡੇ ਤਿੰਨ ਹੱਥ ਅੱਗ ਧਰਤੀ ਵੇਖ ਕੇ, ਸਾਵਧਾਨੀ (ਉਪਯੋਗ) ਪੂਰਵਕ ਚਲੇ। ॥੩॥

ਚੱਲਦੇ ਹੋਏ ਰਾਹ ਵਿੱਚ ਖੱਡ, ਖੰਬਾ, ਬਿਨਾਂ ਪਾਣੀ ਦਾ ਹੋਵੇ ਨਦੀ ਪਾਰ ਆਦਿ ਕਰਨ ਲਈ ਪੱਥਰ ਜਾਂ ਲੱਕੜੀ ਦਾ ਸਹਾਰਾ ਰੱਖਿਆ ਹੋਵੇ ਅਜਿਹੇ ਮੋਕੇ ਤੇ ਜੇ ਕੋਈ ਹੋਰ ਰਾਹ ਮਿਲਦਾ ਹੋਵੇ ਤਾਂ ਉਸ ਰਾਹ ਤੇ ਜਾਵੇ। ॥੪॥

ਅਜਿਹਾ (ਤੰਗ) ਰਸਤੇ ਤੇ ਚੱਲਨ ਤੇ ਸਾਧੂ ਗਿਰ ਜਾਂ ਟਕਰਾ ਸਕਦਾ ਹੈ ਜਿਸ ਕਾਰਣ ਤਰੱਸ ਤੇ ਸਥਾਵਰ ਜੀਵਾਂ ਦੀ ਵਿਰਾਧਨਾ (ਹਿੰਸਾ) ਹੁੰਦੀ ਹੈ ਆਪਣੇ ਸ਼ਰੀਰ ਤੇ ਵੀ ਚੋਟ ਲਗ ਸਕਦੀ ਹੈ ਇਸ ਤਰ੍ਹਾਂ ਦੋਹਾ ਤਰਸਥ ਤੇ ਸਤਾਬਰ ਜੀਵਾਂ ਦੀ ਵਿਰਾਧਨਾ ਹੁੰਦੀ ਹੈ। ॥੫॥

ਇਸ ਕਾਰਣ ਸਮਾਧੀ ਵਾਲਾ, ਜਿਨੇਦੰਰ ਭਗਵਾਨ ਦੀ ਆਗਿਆ ਦਾ ਪਾਲਕ ਸਾਧੂ ਨੂੰ ਜਦ ਇਸ ਪ੍ਰਕਾਰ ਦਾ ਸ਼ਾਸਤਰ ਵਿੱਚ ਦੱਸਿਆ ਰਾਹ ਮਿਲ ਰਿਹਾ ਹੋਵੇ, ਤਦ ਤੱਕ ਉਸੇ ਰਾਹ ਤੇ ਚਲੇ, ਜੇ ਅਜਿਹਾ ਰਾਹ ਨਾਂ ਮਿਲੇ, ਤਾਂ ਉਸ (ਤੰਗ) ਰਸਤੇ ਤੇ ਯਤਨਾ (ਸਾਵਧਾਨੀ) ਨਾ ਚਲੇ। ॥੬॥

ਚੰਗਾ ਸਾਧੂ ਰਾਹ ਵਿੱਚ ਜਾਂਦਾ ਹੋਇਆ ਅੱਗ ਦੇ ਅੰਗਾਰੇ, ਛਿਲਕੇ, ਗੋਹੇ ਦੇ ਢੇਰਾਂ ਤੇ ਸਚਿੱਤ ਜੀਵ ਸਹਿਤ ਰਜ (ਮਿਟੀ) ਦੇ ਕਣਾਂ ਵਾਲੇ ਪੈਰਾਂ ਨਾਂ ਚਲੇ। ॥੭॥

ਬਰਖਾ ਹੋ ਰਹੀ ਹੋਵੇ, ਵੱਟ ਹੋਵੇ, ਤੇਜ਼ ਹਵਾ ਚੱਲ ਰਹੀ ਹੋਵੇ, ਪਤੰਗੇ ਆਦਿ ਉੜ ਰਹੇ ਹੋਣ, ਸੰਪਾਤਿਮ ਤਰੱਸ ਜੀਵ ਉੜ ਰਹੇ ਹੋਣ ਤਾਂ ਸਾਧੂ ਭੋਜਨ ਮੰਗਨ ਨਾਂ ਜਾਵੇ ਜੇ ਜਾਨ ਤੋਂ ਬਾਅਦ ਅਜਿਹਾ ਹੋ ਜਾਵੇ ਤਾਂ ਯੋਗ ਸਥਾਨ ਤੇ ਰੁਕ ਜਾਵੇ। ॥੮॥

ਵਰਜਿਤ ਰਾਹ: ਸਰਵ ਉੱਤਮ ਵਰਤਾਂ ਦੀ ਰੱਖਿਆ ਦੇ ਲਈ ਸੂਚਨਾ ਦਿੰਦੇ ਸ਼ਾਸਤਰਕਾਰ ਆਖਦੇ ਹਨ "ਜਿੱਥੇ ਬਹਮਜਰਜ ਦੇ ਵਿਨਾਸ਼ ਦੀ ਸੰਭਾਵਨਾ ਹੈ ਅਜਿਹੇ ਵੇਸ਼ਿਆਵਾ ਦੇ ਘਰ ਸਾਧੂ ਭੋਜਨ ਲਈ ਨਹੀਂ ਜਾਣਾ ਚਾਹੀਦਾ ਕਿਉਂਕਿ ਉੱਥੇ ਜਾਨ ਤੇ ਉਸ ਦੇ ਇਸਤਰੀ ਦੇ ਰੂਪ ਦਰਸ਼ਨ ਨਾਲ, ਕਾਮ ਭੋਗ ਵਧਾਉਣ ਵਾਲੇ ਕੱਪੜਿਆਂ ਕਾਰਣ ਇੰਦਰੀਆਂ ਤੇ ਕਾਬੂ ਕਰਨ ਵਾਲੇ ਬ੍ਰਹਮਚਾਰੀ ਦੇ ਮਨ ਵਿਚ ਵਿਕਾਰ ਉਤਪੰਨ ਹੋ ਸਕਦਾ ਹੈ। ॥੯॥

ਵਾਰ-ਵਾਰ ਵਿਸ਼ਿਆਂ ਦੇ ਰਹਿਣ ਵਾਲੀ ਥਾਂ ਤੇ ਅਤੇ ਭੋਜਨ ਲਈ ਜਾਨ ਤੇ, ਉਸ ਦੀ ਨਜ਼ਰ ਵਾਰ-ਵਾਰ ਉਸ (ਵੇਸ਼ਿਆਵਾ) ਵਲ ਜਾਵੇਗੀ, ਉਸ ਨਾਲ ਗਲ ਕਰਨ ਨਾਲ ਮੇਲ ਹੋਵੇਗਾ, ਉਸ ਨੂੰ ਮਹਾਂਵਰਤ ਦੇ ਅਤਿਚਾਰ (ਟੁਟਨ ਦਾ ਦੋਸ਼) ਲੱਗੇਗਾ ਅਤੇ ਮਹਾਵਰਤ ਟੁੱਟ ਵੀ ਸਕਦਾ ਹੈ, ਲੋਕ ਉਸ (ਸਾਧੂ) ਦੇ ਚਾਲ ਚਲਨ ਪ੍ਰਤਿ ਸ਼ੰਕਾ ਪ੍ਰਗਟ ਕਰ ਸਕਦੇ ਹਨ। ॥੧੦॥

ਇਸ ਕਾਰਣ ਮੋਕਸ਼ ਦੀ ਇੱਕਲਾ ਅਰਾਧਨਾ ਕਰਨ ਵਾਲ ਮੁਨੀ ਦੁਰਗਤਿ ਵਿੱਚ ਵਾਧਾ ਕਰਨ ਵਾਲੇ ਇਸ ਦੋਸ਼ ਨੂੰ ਸਮਝ ਕੇ ਵੇਸ਼ਿਆਵਾ ਆਦਿ ਤੇ ਮੁੱਹਲੇ ਵਿੱਚ ਭੋਜਨ ਲਈ ਨਾਂ ਜਾਵੇ ਤੇ ਹਮੇਸ਼ਾ ਲਈ ਉੱਥੇ ਜਾਣਦਾ ਤਿਆਗ ਕਰ ਦੇਵੇ। ॥੧੧॥

ਭੋਜਨ ਲਈ ਰਾਹ ਵਿੱਚ ਚੱਲਦੇ ਸਮੇਂ ਕੁੱਤਾ, ਗਰਭ ਵਾਲੀ ਗਾਂ, ਬਿਗੜਿਆ ਬਲਦ, ਘੋੜਾ, ਹਾਥੀ, ਬੱਚਿਆਂ ਦੇ ਖੇਡਦੇ ਮੈਦਾਨ ਅਤੇ ਜੰਗ ਦੇ ਮੈਦਾਨ ਨੂੰ ਦੂਰ ਤੋਂ ਛੱਡਣਾ ਚਾਹੀਦਾ ਹੈ ਭਾਵ ਅਜਿਹੇ ਰਾਹਾਂ ਨੂੰ ਪਾਰ ਕਰਕੇ ਭੋਜਨ ਨਾ ਲਵੇ। ॥੧੨॥

ਮੁਨੀ ਕਿਵੇ ਜਾਵੇ: ਰਾਹ ਵਿੱਚ ਜਾਂਦਾ ਸਾਧੂ ਉੱਚਾ, ਨੀਵਾਂ ਵੇਖਣਾ, ਚਿਕਨੇ ਪਦਾਰਥ ਪਾਕੇ ਖੁਸ਼ ਨਾਂ ਹੋਣਾ, ਨਾਂ ਮਿਲਨ ਤੇ ਗੁੱਸਾ ਨਾਲ ਪਾਗਲ ਨਾਂ ਹੋਣਾ, ਖੁਦ ਇੰਦਰੀਆਂ ਨੂੰ ਆਪਣੇ ਅਧੀਨ ਰੱਖ ਕੇ ਚਲੇ। ॥੧੩॥

ਧਨ ਸੰਪਤੀ ਪੱਖੋਂ ਉਚ, ਨੀਚ ਤੇ ਮੱਧ ਕੁੱਲਾਂ ਵਿੱਚ ਗੋਚਰੀ (ਭੋਜਨ) ਲਈ ਛੇਤੀ-ਛੇਤੀ ਨਾਲ ਚੱਲਨਾ, ਭਾਸ਼ਾ (ਗਲਵਾਤ) ਕਰਦੇ ਹੋਏ ਨਾਂ ਚਲਨਾ, ਹਸਦੇ ਹੋਏ ਨਾਂ ਚਲਨਾ (੧੪) ਨਿਯਮਾਂ ਦਾ ਚਲਨ ਲਗੇ ਪਾਲਨ ਕਰੇ। ॥੧੪॥

ਭੋਜਨ ਲਈ ਗਿਆ ਸਾਧੂ ਗ੍ਰਹਿਸਥ ਦੇ ਘਰ ਦਾ ਆਲਾ, ਤਾਕੀ, ਦਰਵਾਜ਼ਾ, ਚੋਰ ਦਾ ਬਨਾਇਆ ਛੇਦ ਜਾਂ ਗਲੀ ਦੇ ਕਿਸੇ ਖਾਸ ਹਿੱਸੇ, ਪਾਣੀ ਦੇ ਭੰਡਾਰਾਂ, ਇਨ੍ਹਾਂ ਥਾਂ ਤੇ ਨਜਰ ਲਗਾ ਕੇ ਨਾ ਵੇਖੇ। ਕਿਉਂਕਿ ਇਹ ਸਭ ਥਾਵਾਂ ਸ਼ੰਕਾ ਦੇ ਕਾਰਣ ਹਨ। ॥੧੫॥

ਭੋਜਨ ਲਈ ਗਿਆ ਮੁਨੀ, ਰਾਜਾ, ਗਾਥਾਪਤੀ, ਪਿੰਡ ਰੱਖਿਅਕ ਆਦਿ ਨੇਤਾਵਾਂ ਦੀ ਗੁਪਤ ਜਗ੍ਹਾ ਵਲ ਨਾ ਵੇਖੇ, ਨਾਂ ਜਾਣੇ, ਝਗੜੇ ਦਾ ਕਾਰਣ ਹਰ ਸਥਾਨ ਦਾ ਤਿਆਗ ਕਰ ਦੇਵੇ। ॥੬॥

ਸ਼ਾਸਤਰ ਵਿੱਚ ਮਨਾਂ ਕੀਤੇ ਕੁਲ, ਮਾਲਕ ਮਕਾਨ ਰਾਹੀਂ ਮਨਾਂ ਕੀਤੇ ਕੁਲਾਂ ਵਿਚ, ਨਾਂ ਸਤਿਕਾਰ ਦੇਣ ਯੋਗ ਵਾਲੇ ਘਰਾਂ ਤੋਂ ਸਾਧੂ ਭੋਜਨ ਲਈ ਨਾਂ ਜਾਵੇ। ॥੧੭॥

ਘਰ ਦੇ ਮਾਲਕ ਤੋਂ ਮੰਗੇ ਬਿਨ੍ਹਾ, ਵਿਧਿ ਤੇ ਉਲਟ, ਕਪੱੜੇ ਨਾਲ ਢਕੇ ਘਰ ਦੇ ਦਰਵਾਜ਼ੇ, ਲਕੱੜੀ ਦੇ ਦਰਵਾਜ਼ੇ, ਲੋਹੇ ਦੀ ਜਾਲੀ ਜਾਂ ਪਰਦੇ ਨਾਲ ਢਕੇ ਹੋਏ ਬੰਦ ਦਰਵਾਜ਼ਾ ਨੂੰ ਨਾਂ ਖੋਲੇ, ਨਾਂ ਧੱਕਾ ਦੇਕੇ ਖੋਲੇ। ॥੧੮॥

ਭੋਜਨ ਜਾਣ ਤੋਂ ਪਹਿਲਾਂ ਟੱਟੀ ਪਿਸ਼ਾਬ ਦੀ ਸ਼ੰਕਾ ਦੂਰ ਕਰ ਲਵੇ। ਫੇਰ ਵੀ ਕਿਸ ਸ਼ਰੀਰਕ ਕਾਰਣ ਕਰਕੇ ਫੇਰ ਸ਼ੰਕਾ ਹੋ ਜਾਵੇ ਤਾਂ ਟੱਟੀ ਪਿਸ਼ਾਬ ਰੋਕੇ ਨਹੀਂ।

ਗ੍ਰਹਿਸਥ ਦੀ ਇਜਾਜ਼ਤ ਲੈਕੇ ਜੀਵ ਰਹਿਤ ਭੂਮੀ ਤੇ ਟੱਟੀ ਪਿਸ਼ਾਬ ਦਾ ਤਿਆਗ ਕਰੇ। ॥੧੯॥

ਘਰ ਵਿੱਚ ਕਿਵੇਂ ਪ੍ਰਵੇਸ਼ ਕਰੇ: ਜਿਸ ਘਰ ਦਾ ਦਰਵਾਜ਼ਾ ਜ਼ਿਆਦਾ ਨੀਵਾ ਹੋਵੇ, ਝੁਕ ਕੇ ਜਾਨਾ ਪਵੇ, ਹਨੇਰੇ ਵਾਲਾ ਕੋਠਾ ਹੋਵੇ, ਭੋਰਾ ਹੋਵੇ, ਕਮਰਾ ਆਦਿ ਹਨੇਰੇ ਵਾਲਾ ਹੋਵੇ ਅਜਿਹੀ ਜਗ੍ਹਾ ਤੇ ਸਾਧੂ ਭੋਜਨ ਲਈ ਨਾਂ ਜਾਵੇ। ਇਸ ਦਾ ਪ੍ਰਮੁੱਖ ਕਾਰਨ ਹੈ ਅੱਖ ਤੋਂ ਪਦਾਰਥ ਪੂਰਾ ਵਿਖਾਈ ਨਾ ਦੇਵੇ, ਤਰੱਸ ਕਾਇਆ ਦੇ ਜੀਵਾਂ ਦੀ ਯਤਨਾਂ (ਸਾਵਧਾਨੀ) ਨਹੀਂ ਹੋ ਸਕਦੀ, ਸਮਿਤਿ ਮਿਤੀ ਦਾ ਪਾਲਨ ਹੋ ਸਕਦਾ ਦਰਵਾਜ਼ਾ ਨੀਵਾਂ ਹੋਣ ਕਾਰਣ ਚੋਟ ਵੀ ਲੱਗ ਸਕਦੀ ਹੈ। ॥੨੦॥

ਜਿਸ ਘਰ ਦੇ ਦਰਵਾਜ਼ੇ ਵਿੱਚ ਫੁੱਲ, ਬੀਜ ਆਦਿ ਬਿਖਰੇ ਪਏ ਹੋਣ, ਅਨਾਜ ਦੇ ਦਾਨ ਵਿਖਰੇ ਹੋਣ, ਤਾਜ਼ਾ ਲੀਪੀਆ ਹੋਵੇ, ਘਰ ਵਿੱਚ ਬਕਰਾ, ਬਾਲਕ, ਕੁੱਤਾ ਬੱਛੜਾ ਆਦਿ ਬੈਠਾ ਹੋਵੇ ਤਾਂ ਉਸ ਦੀ ਉਲੰਘਨਾ ਕਰਕੇ, ਉਸ ਨੂੰ ਬਾਹਰ ਕੱਢ ਕੇ ਜਾਂ ਚੁੱਕ ਕੇ ਆਪ ਉਸ ਘਰ ਵਿੱਚ ਭੋਜਨ ਲਈ ਨਾਂ ਜਾਵੇ। ॥੨੧-੨੨॥

ਸਾਧੂ (ਲਗਾਓ ਭਾਵ) ਨਾਲ ਕਿਸੇ ਵੱਲ ਨਾ ਵੇਖੇ, ਜ਼ਿਆਦਾ ਦੂਰ ਤੇ ਕਿਸੇ ਵਸਤੂ ਨੂੰ ਨਾਲ ਨਾ ਵੇਖੇ, ਨਾ ਅੱਖਾਂ ਫਾੜ ਫਾੜ ਕੇ ਵੇਖੇ। ਜੇ ਕਿਸੇ ਘਰ ਤੋਂ ਭੋਜਨ ਨਾ ਮਿਲੇ ਤਾਂ ਬਿਨਾਂ ਆਲੋਚਨਾ ਪ੍ਰਵਾਹ ਕੀਤੇ ਘਰ ਤੋਂ ਬਾਹਰ ਨਿਕੱਲ ਆਵੇ। ॥੨੩॥

ਮੁਨੀ ਨੂੰ ਉੱਤਮ ਕੁਲ ਦੀ, ਨਿਸ਼ਚਿਤ ਭੂਮੀ ਦੀ ਮਰਿਆਦਾ ਜਾਨ ਕੇ, ਗ੍ਰਹਿਸਥ ਦੀ ਇਜਾਜ਼ਤ, ਨਾਲ ਮਿੱਥੀ ਹੱਦ ਤਕ ਜਾਣਾ ਚਾਹੀਦਾ ਹੈ ਉਸ ਹੱਦ ਦੀ ਉਲੰਘਨਾ ਨਹੀਂ ਕਰਨਾ ਚਾਹੀਦਾ ਹੈ। ॥੨੪॥

ਨਿਸ਼ਚਿਤ ਭੂਮੀ ਤਕ ਗਏ ਸਾਧੂ ਨੂੰ ਜ਼ਮੀਨ ਦੀ ਸਫ਼ਾਈ ਕਰਕੇ ਖੜ੍ਹੇ ਰਹਿੰਦੇ ਸਮੇਂ ਗੁਸਲਖ਼ਾਨੇ ਨਜ਼ਰ ਆਵੇ ਤਾਂ ਉਸ ਜਗ੍ਹਾ ਤੇ ਛੇਤੀ ਚਲਾ ਜਾਵੇ । ਆਪਣੇ ਤੇ

ਪਰਾਏ ਜੀਵਾਂ ਦੇ ਪ੍ਰਾਣਾਂ ਦੀ ਰੱਖਿਆ ਹੇਤੂ ਇਨ੍ਹਾਂ ਨਿਯਮਾਂ ਦਾ ਪਾਲਨ ਜ਼ਰੂਰੀ ਹੈ। ॥੨੫॥

ਪਾਣੀ ਤੇ ਮਿੱਟੀ ਲਿਆਉਣ ਵਾਲੇ ਰਾਹਾਂ, ਬਨਸਪਤਿ ਦੇ ਸਥਾਨ ਨੂੰ ਛੱਡ ਕੇ, ਸਾਰੇ ਇੰਦਰੀਆਂ ਪ੍ਰਤਿ ਸਮਭਾਵ ਰੱਖ ਕੇ ਖੜੇ ਰਹੇ। ॥੨੬॥

ਭੋਜਨ ਦੇਣ ਦੀ ਵਿਧੀ ਦੱਸਦੇ ਸ਼ਾਸਤਰ ਕਾਰ ਆਖਦੇ ਹਨ "ਉਸ ਦੀ ਕੁੱਲ ਮਰਿਆਦਾ ਦੇ ਲਈ ਉਚਿਤ ਥਾਂ ਤੇ ਖੜੇ ਹੋਏ ਸਾਧੂ ਨੂੰ ਗ੍ਰਹਿਸਥ ਰਾਹੀਂ ਲਿਆਏ ਭੋਜਨ ਪਾਣੀ ਨਾਂ ਲੈਣ ਯੋਗ ਹੋਵੇ ਤਾਂ ਨਾ ਲਵੇ, ਜੇ ਕਲਪ (ਲੈਣਯੋਗ) ਹੋਵੇ ਤਾਂ ਲੈ ਲਵੇ। ॥੨੭॥

<u>ਕਲਪ ਅਕਲਪ ਦਾ ਫ਼ਰਕ:</u> ਭੂਮੀ ਤੇ ਇੱਧਰ-ਉਧਰ ਅਨਾਜ ਤੇ ਦਾਨੇ ਗਿਰਾਉਂਦੇ ਹੋਏ ਲੈ ਕੇ ਆਉਂਦਾ ਭੋਜਨ ਹੋਵੇ, ਬੀਜ, ਹਰੀ ਬਨਸਪਤੀ ਆਦਿ ਨੂੰ ਪੈਰਾਂ ਹੇਠ ਦਬਾਉਂਦਾ ਹੋਵੇ, ਮਸਲ ਕੇ ਲਿਆਉਂਦਾ ਹੋਵੇ, ਤਾਂ ਸਾਧੂ ਦੇ ਲਈ ਅਸੰਜਮ ਦਾ ਕਾਰਣ ਹੋਣ ਤੇ ਅਕਲਪਨੀਆਂ ਨਾਂ ਗ੍ਰਹਿਣ ਕਰਨਯੋਗ ਹੋਣ ਕਾਰਣ ਗ੍ਰਹਿਣ ਨਾਂ ਕਰੇ। ॥੨੮-੨੯॥

ਹੋਰ ਭਾਂਡੇ ਵਿੱਚੋਂ ਕੱਢ ਕੇ ਦੇਵੇ, ਨਾਂ ਦੇਨ ਯੋਗ ਪਦਾਰਥ ਨੂੰ ਸਚਿਤ ਪਦਾਰਥ ਵਿੱਚ ਰੱਖਕੇ ਦੇਵੇ, ਸਚਿਤ ਪਦਾਰਥ ਨਾਲ ਮਿਲਾਵੇ ਜਾਂ ਸਪਰਸ਼ ਕਰਾਵੇ, ਸਾਧੂ ਦੇ ਭੋਜਨ ਪਾਣੀ ਨੂੰ ਜਾਨ ਕੇ ਇੱਧਰ-ਉਧਰ ਕਰ ਦੇਵੇ। ॥੩੦॥

ਵਰਖਾ ਨਾਲ ਘਰ ਵਿੱਚ ਰਹੀ ਸਚਿੱਤ ਪਾਣੀ ਵਿੱਚ ਹੋਕੇ ਆਹਾਰ ਪਾਣੀ ਲੈ ਕੇ ਆਵੇ, ਸਚਿਤ ਜਲ ਨੂੰ ਬਾਹਰ ਕਰ ਭੋਜਨ ਦੇਵੇ, ਸਾਧੂ ਦੇ ਭੋਜਨ ਦੇਣ ਵਾਲੇ ਹੱਥ, ਚਮਚ, ਬਰਤਨ ਆਦਿ ਧਨੋ ਰੂਪ ਪੁਰਸ਼ਕਰਮ (ਧੋਕੇ) ਭੋਜਨ ਦੇਵੇ, ਤਾਂ ਅਜਿਹਾ ਭੋਜਨ ਨਾਂ ਲਵੇ ਸਗੋਂ ਸਪਸ਼ਟ ਆਖੇ ਇਹ ਭੋਜਨ ਸਾਡੇ ਲਈ ਨਹੀਂ ਕਲਪਦਾ। ॥੩੧-੩੨॥

ਇਸ ਪ੍ਰਕਾਰ ਹੱਥਾਂ ਤੋਂ ਪਾਣੀ ਦੇ ਛੀਟੇ ਪਏ ਹੋਣ, ਹੱਥ ਗਿੱਲੇ ਹੋਣ, ਸਚਿਤ (ਮਿਟੀ) ਰਜ (ਮਿਟੀ) ਹੋਵੇ, ਚਿੱਕੜ, ਖਾਰ ਹੋਵੇ, ਹਰਿਤਾਲ, ਹਿੰਗੁਲਾ ਮਨਮਿਲਾ, ਸੁਰਮਾ, ਨਮਕ, ਗੇਰੁ, ਪਿਲੀ ਮਿੱਟੀ, ਫਟਕੜੀ, ਚਾਵਲਾਂ ਦਾ ਆਟਾ, ਬਿਨਾਂ ਛਾਨਿਆ ਆਟਾ, ਤੁੜੀ, ਕਲੀਗਰ ਆਦਿ ਫਲ, ਸਾਗ ਨਾਲ ਚਿਮੜੇ ਹੱਥ ਜਾਂ ਨਾ ਚਿਮੜੇ ਹੱਥ ਚਮਚ ਆਦਿ (ਸਾਧੂ ਦੇ ਲਈ) ਸਬਜ਼ੀ ਆਦਿ ਰੱਖ ਕੇ ਭੋਜਨ ਦੇਵੇ ਤਾਂ ਨਾ ਲਵੇ । ਇਹ ਪਸਚਾਤ ਕਰਮ ਨਾਮਕ ਦੋਸ ਦਾ ਕਾਰਣ ਹੈ। ॥੩੩-੩੫॥

ਜੋ ਭੋਜਨ ਪਾਣੀ ਨਿਰਦੋਸ਼ ਹੋਵੇ ਤਾਂ ਹੀ ਭੋਜਨ ਨਾਲ ਲਿੱਬੜੇ ਹੱਥ ਚਮਚ ਜਾਂ ਹੋਰ ਬਰਤਨ ਵਿੱਚ ਲੈ ਕੇ ਦਵੇ ਤਾਂ ਗ੍ਰਹਿਣ ਕਰਨਾ ਚਾਹੀਦਾ ਹੈ। ਪੂਰਵ ਕਰਮ ਤੇ ਪਸ਼ਚਾਤ ਕਰਮ ਨਾਂ ਲਗੇ ਇਸ ਪ੍ਰਕਾਰ ਦਾ ਭੋਜਨ ਪਾਣੀ ਗ੍ਰਹਿਣ ਕਰਨਾ ਚਾਹੀਦਾ ਹੈ। ॥੩੬॥

ਜੇ ਇਕ ਹੀ ਵਸਤੂ ਨੂੰ ਦੋ ਵਿਅਕਤੀ ਭੋਗਨ ਵਾਲੇ ਹੋਣ ਤਾਂ ਉਹਨਾਂ ਵਿਚੋਂ ਜੇ ਕੋਈ ਇਕ ਵਿਅਕਤੀ ਸਾਧੂ ਨੂੰ ਭੋਜਨ ਲਈ ਬੁਲਾਵਾ ਦੇਵੇ ਤਾਂ ਸਾਧੂ ਨਾ ਦੇਣ ਵਾਲੇ ਦੁਸਰੇ ਵਿਅਕਤੀ ਦਾ ਕਾਰਨ ਜ਼ਰੂਰ ਜਾਣੇ। ਜੇ ਇਕ ਪਦਾਰਥ ਦੇ ਭੋਗਨ ਵਾਲੇ ਵਿਅਕਤੀ ਸਾਧੂ ਨੂੰ ਭੋਜਨ ਗ੍ਰਹਿਣ ਕਰਨ ਦੇ ਬੇਨਤੀ ਕਰਨ ਤਾਂ ਮੁਨੀ ਉਸ ਦੇਣ ਵਾਲੇ ਪਦਾਰਥ ਨੂੰ ਨਿਰਦੋਸ਼ ਜਾਣੇ ਤਾਂ ਗ੍ਰਹਿਣ ਕਰ ਲਵੇ। ॥੩੭-੩੮॥

ਗਰਭਵਤੀ ਇਸਤਰੀ ਦੇ ਲਈ ਭਿੰਨ-ਭਿੰਨ ਪ੍ਰਕਾਰ ਦਾ ਭੋਜਨ ਤਿਆਰ ਕੀਤਾ ਹੋਵੇ, ਤਾਂ ਉਹ ਭੋਜਨ ਪਾਣੀ ਨਾ ਲਵੇ ਪਰ ਉਸ ਦੇ ਥਾਂ ਲੈਣ ਤੋਂ ਬਾਅਦ ਜੇ ਭੋਜਨ ਜ਼ਿਆਦਾ ਹੋਵੇ ਤਾਂ ਸਾਧੂ ਭੋਜਨ ਲੈ ਸਕਦਾ ਹੈ। ॥੩੯॥

ਪੂਰਨ ਗਰਭਵਤੀ (ਨੌ ਮਹੀਨੇ ਵਾਲੀ) ਇਸਤਰੀ ਸਾਧੂ ਨੂੰ ਭੋਜਨ ਦੇਣ ਲਈ ਬੈਠੀ ਹੋਈ ਖੜੀ ਹੋ ਜਾਵੇ ਜਾਂ ਖੜੀ ਹੋਈ ਬੈਠ ਜਾਵੇ ਤਾਂ ਸਾਧੂ ਨੂੰ ਅਜਿਹਾ ਭੋਜਨ ਲੈਣਾ ਯੋਗ ਨਹੀਂ । ਪਰ ਜੇ ਉਹ ਇਸਤਰੀ ਬੈਠੇ-ਬੈਠੇ ਜਾਂ ਖੜੇ-ਖੜੇ ਭੋਜਨ ਦੇਵੇ ਤਾਂ ਸਾਧੂ ਉਸ ਇਸਤਰੀ ਤੋਂ ਭੋਜਨ ਲੈ ਸਕਦਾ ਹੈ ।

ਗਰਭਵਤੀ ਦਾ ਭੋਜਨ ਅਤੇ ਗਰਭਵਤੀ ਰਾਹੀਂ ਦਿੱਤਾ ਭੋਜਨ ਪਾਣੀ ਦੇ ਲਈ ਸਾਧੂ ਮਨਾਂ ਕਰੇ ਕਿ ਅਜਿਹਾ ਭੋਜਨ ਲੈਣਾ ਸਾਧੂ ਨਿਯਮ ਦੇ ਵਿਰੁੱਧ ਹੈ। ॥੪੦-੪੧॥

ਬਾਲਕ ਨੂੰ ਪਾਣੀ, ਦੁੱਧ ਪਿਲਾਉਂਦੀ ਹੋਈ, ਜੇ ਦੁੱਧ ਪਿਲਾਉਣਾ ਛਡਕੇ ਭੋਜਨ ਦੇਵੇ ਤਾਂ ਸਾਧੂ ਕਿਸੇ ਕੀਮਤ ਤੇ ਭੋਜਨ ਨਾਂ ਲਵੇ ਭਾਵੇਂ ਭੋਜਨ ਪਾਣੀ ਸ਼ੁੱਧ ਤੇ ਲੈਣ ਯੋਗ ਵੀ ਕਿਉਂ ਨਾ ਹੋਏ ਜਾਂ ਦੋਸ਼ ਹੋਣ ਦੀ ਸ਼ੰਕਾ ਹੋਵੇ ਅਜਿਹਾ ਭੋਜਨ ਪਾਣੀ ਵੀ ਸਾਧੂ ਗ੍ਰਹਿਣ ਨਾਂ ਕਰੇ । ਅਜਿਹਾ ਭੋਜਨ ਪਾਣੀ ਪਾਣੀ ਦੀ ਘੜੇ ਤੋਂ ਚਾਟੀ ਆਦਿ ਜੋ ਪੱਥਰ ਆਦਿ ਢਕੀ ਹੋਵੇ, ਉਸ ਪੱਥਰ ਨਾਲ, ਲੱਕੜੀ ਦੀ ਪਿੱਠ ਨਾਲ, ਚਟਨੀ ਬਨਾਉਣ ਵਾਲੀ ਸਿਲ, ਮਿੱਟੀ, ਲਾਖ ਆਦਿ ਦੇ ਲੇਪ ਨਾਲ ਢਕੇ ਹੋਏ, ਬੰਨੇ ਹੋਏ ਬਰਤਨ ਤੇ ਢਕਨ ਆਦਿ ਦੂਰ ਕਰਕੇ, ਲੈਪ ਆਦਿ ਬਾਹਰ ਕਰਕੇ ਭੋਜਨ ਪਾਣੀ ਦੇਵੇ ਤਾਂ ਨਾਂ ਕਰ ਦੇਵੇ ਅਤੇ ਆਖੇ ਕਿ ਮੈਨੂੰ ਅਜਿਹਾ ਭੋਜਨ ਪਾਣੀ ਲੈਣਾ ਨਹੀਂ ਕਲਪਦਾ। ॥੪੨-੪੬॥

ਜੇ ਖੁਦ ਨੇ ਜਾਨ ਲਿਆ ਹੋਵੇ, ਸੁਣ ਲਿਆ ਹੋਵੇ ਕਿ ਗ੍ਰਹਿਸਥ ਨੇ ਅਸ਼ਨ, ਪਾਣ ਖਾਦਿਮ ਸਵਾਦਿਮ ਆਦਿ ਚਾਰ ਪ੍ਰਕਾਰ ਦਾ ਭੋਜਨ ਪਾਣੀ ਦਾਨ ਦੇ ਲਈ, ਪੁਨ ਦੇ ਲਈ, ਭਿਖਾਰੀਆਂ ਲਈ ਜਾਂ ਸ੍ਰਮਣਾਂ (ਜੈਨ- ਧਰਮਾਂ ਦੇ) ਸਾਧੂਆਂ ਲਈ ਬਨਾਇਆ ਹੈ ਤਾਂ ਭੋਜਨ ਦੇਣ ਵਾਲੇ ਨੂੰ ਆਖੇ ਇਹ ਭੋਜਨ ਅਕਲਪਨੀਆਂ (ਨਾ ਲੈਣ ਯੋਗ) ਹੈ ਸਾਨੂੰ ਇਹ ਭੋਜਨ ਨਹੀ ਕਲਪਦਾ। ॥੪੭-੫੪॥

ਮੁਨੀਆਂ ਨੂੰ ਦੇਨ ਦੇ ਉਦੇਸ਼ ਨਾਲ ਬਨਾਇਆ ਹੋਵੇ ਖਰੀਦ ਕੇ ਲਿਆਉਂਦਾ ਹੋਵੇ ਸ਼ੁੱਧ ਭੋਜਨ ਵਿੱਚ ਆਧਾ ਕਰਮ (ਦੋਸ਼ ਵਾਲਾ) ਭੋਜਨ ਮਿਲਾਇਆ ਹੋਵੇ, ਸਾਹਮਣੇ ਲਿਆਉਂਦਾ ਹੋਵੇ, ਸਾਧੂ ਨੂੰ ਆਇਆ ਜਾਨ ਕੇ ਭੋਜਨ ਵਿੱਚ ਵਾਧਾ ਕੀਤਾ ਜਾਵੇ, ਅਜਿਹਾ ਭੋਜਨ-ਪਾਣੀ ਜੋ ਦੇਣ ਲਈ ਕਾਤਾਰ ਕਿਸੇ ਹੋਰ ਤੋਂ ਮੰਗ ਕੇ ਲੈ ਆਇਆ ਹੋਇਆ, ਤਬਾਦਲਾ ਕਰਕੇ ਲਿਆਇਆ ਹੋਵੇ, ਉਧਾਰ ਲਿਆਇਆ ਹੋਵੇ,

ਸਾਧੂ ਸ੍ਰਾਵਕ ਦੋਹਾਂ ਦੇ ਲਈ ਸਾਂਝ ਰੂਪ ਵਿੱਚ ਬਨਾਇਆ ਗਿਆ ਹੋਵੇ ਤਾਂ ਅਜਿਹਾ ਭੋਜਨ ਮੁਨੀ ਛੱਡ ਦੇਵੇ, ਗ੍ਰਹਿਣ ਨਾਂ ਕਰੇ। ॥੫੫॥

ਭੋਜਨ ਦੀ ਨਿਰਦੋਸ਼ਤਾ, ਦੋਸ਼ ਪ੍ਰਤਿ ਗ੍ਰਹਿਸਥ ਤੋਂ ਪ੍ਰਸ਼ਨ ਕਰੇ ਕਿ ਇਹ ਭੋਜਨ ਕਿਸ ਲਈ ਅਤੇ ਕਿਸ ਨੇ ਬਨਾਇਆ ਹੈ ? ਸੰਤੋਖ ਜਨਕ ਉਤਰ ਮਿਲਨ ਤੇ ਨਿਰਦੋਸ਼ ਭੋਜਨ ਸਿਧ ਹੋਵੇ ਤਾਂ ਭੋਜਨ ਗ੍ਰਹਿਣ ਕਰੇ। ॥੫੬॥

ਚਾਰੇ ਪ੍ਰਕਾਰ ਦਾ ਭੋਜਨ ਫੁਲ-ਬੀਜ ਆਦਿ ਹਰੀ ਬਨਸਪਤਿ ਦੀ ਮਿਲਾਵਟ ਹੋਵੇ, ਸਚਿਤ ਜਲ ਹੋਵੇ, ਕੀੜੀਆਂ ਦਰਵਾਜ਼ੇ ਤੇ ਘੁੰਮਦੀਆਂ ਹੋਣ, ਅੱਗ ਨਾਲ ਕੋਈ ਵਸਤੂ ਛੂ ਰਹੀ ਹੋਵੇ, ਅੱਗ ਵਿੱਚ ਲੱਕੜਾਂ ਪਾਈਆਂ ਜਾ ਰਹੀਆਂ ਹੋਣ, ਜਲਦੀ ਲੱਕੜਾਂ ਨੂੰ ਇੱਕ ਵਾਰ ਬਾਹਰ ਕੱਢਦੇ ਹੋਏ ਜਾਂ ਵਾਰ-ਵਾਰ ਬਾਹਰ ਕਢਕੇ ਹੋਏ, ਬੁਝਾਉਂਦੇ ਹੋਏ, ਅੱਗ ਦੇ ਉਪਰ ਤੇ ਅਨਾਜ ਲੈ ਜਾਂਦੇ ਹੋਏ, ਪਾਣੀ ਦਾ ਛਿੜਕਾਉ ਕਰਦੇ ਹੋਏ, ਅੱਗ ਦੇ ਉਪਰ ਰਹੇ ਭੋਜਨ ਆਦਿ ਨੂੰ ਹੋਰ ਭਾਂਡੇ ਵਿੱਚ ਲੈ ਕੇ ਦੇਵੇ ਜਾਂ ਉਸੇ ਭਾਂਡੇ ਨੂੰ ਹੇਠਾਂ ਰੱਖ ਕੇ ਦੇਵੇ ਭਾਵ ਸਚਿਤ ਜਲ, ਅੱਗ, ਤਰਸ ਕਾਇਆ, ਬਨਸਪਤੀ ਆਦਿ ਦੀ ਕਿਸੇ ਪ੍ਰਕਾਰ ਦੀ ਵਿਰਾਧਨਾ ਕਰਦੇ ਹੋਏ ਦੇਵੇ ਪ੍ਰਿਥਵੀ ਕਾਇਆ ਜਾਂ ਵਾਯੂ ਕਾਇਆ ਦੀ ਵਿਰਾਧਨਾ ਕਰਦਾ ਹੋਇਆ ਦੇਵੇ, ਤਾਂ ਸਾਧੂ ਇਹ ਆਖੇ "ਅਜਿਹਾ ਭੋਜਨ ਲੈਣਾ ਸਾਨੂੰ ਨਹੀਂ ਕਲਪਦਾ (ਅਯੋਗ)। ॥੫੭-੬੪॥

ਚੋਮਾਸੇ ਵਿੱਚ ਜਾਂ ਕਿਸੇ ਹੋਰ ਦਿਨਾਂ ਵਿੱਚ ਵੀ ਪਾਣੀ ਭਰਨ ਵਾਲੀ ਜਗ੍ਹਾ ਤੇ ਚਲਣ ਦੇ ਲਈ ਲਕੱੜੀ, ਪਥੱਰ ਦੀ ਸਿਲ, ਜਾਂ ਇੱਟ ਦੇ ਟੁਕੜੇ ਆਦਿ ਰੱਖੇ ਹੋਵੇ, ਉਹ (ਰਾਹ) ਅਸਥੀਰ (ਟੁਟੱਣਯੋਗ) ਹੋਵੇ ਤਾਂ ਉਸ ਰਾਹ ਤੇ ਸਾਧੂ ਨੂੰ ਨਹੀਂ ਚਲੱਨਾ ਚਾਹੀਦਾ ਹੈ।

ਉਪਰ ਦਰਸਾਏ ਮਾਰਗ ਤੇ ਚਲਨ ਨਾਲ ਚਰਿੱਤਰ ਦੀ ਵਿਰਾਧਨਾ ਹੁੰਦੀ ਹੈ ਅਜਿਹਾ ਜਿੰਨੀ ਦੇਰ ਪ੍ਰਮਾਤਮਾ ਨੇ ਆਪਣੇ ਗਿਆਨ ਰਾਹੀਂ ਵੇਖਿਆ ਹੈ । ਸ਼ਬਦ

ਆਦਿ ਵਿਸ਼ੇ ਤੋਂ ਮੁਕਤ ਸਮਾਧੀ ਵਿੱਚ ਲੱਗੇ ਮੁਨੀ ਨੂੰ ਹਨੇਰੇ ਵਾਲੇ ਰਾਹ ਅਤੇ ਖੋਖਲੀ ਲਕੱੜ ਦੇ ਉਪਰ ਵੀ ਨਹੀਂ ਚਲਣਾ ਚਾਹੀਦਾ ਹੈ । ॥੬੫-੬੬॥

ਸਾਧੂ ਨੂੰ ਦੇਨ ਲਈ ਦਾਤਾ ਉਪਰ ਚੜਨ ਦੇ ਲਈ ਜਾਂ ਉਪਰ ਤੇ ਪਦਾਰਥ ਲੇਣ ਲਈ, ਮੇਜ, ਫੱਟਾ, ਖੂੰਟੀ ਦੇ ਸਹਾਰੇ ਚੜੇ ਅਤੇ ਕਦੇ ਗਿਰ ਵੀ ਜਾਵੇ ਪੈਰ ਟੁੱਟ ਜਾਵੇ ਸੱਟ ਲੱਗ ਜਾਵੇ : ਉਸ ਜਗ੍ਹਾ ਤੇ ਰਹੇ ਪ੍ਰਿਥਵੀ ਕਾਈਆਂ ਦੇ ਜੀਵਾਂ ਦੀ ਵਿਰਾਧਨਾ ਹੋਣ ਦੀ ਸੰਭਾਵਨਾ ਹੋਣ ਤੇ ਮਹਾਂਪੁਰਸ਼ ਅਜਿਹੇ ਮਹਾਂਦੋਸ਼ਾਂ ਵਾਲਾ ਭੋਜਨ ਗ੍ਰਹਿਣ ਨਹੀਂ ਕਰਦੇ। ॥੬੭-੬੯॥

ਸੁਰਣ ਆਦਿ ਕੰਦ, ਮੂਲ, ਤਾਲ ਆਦਿ ਫਲ, ਸਚਿਤ ਹੋਏ ਪਤੇ ਆਦਿ ਸਬਜ਼ੀ, ਤੁੰਬਾ, ਅਦਰਕ ਆਦਿ ਸਚਿਤ ਪਦਾਰਥ, ਉਸੇ ਪ੍ਰਕਾਰ ਸੱਤੂ ਦਾ ਚੂਰਣ, ਬੈਰ ਦਾ ਚੂਰਣ, ਤਿਲਪਾਪੜੀ, ਨਰਮ ਗੁੜ, ਪੂੜੇ ਅਤੇ ਹੋਰ ਇਸੇ ਪ੍ਰਕਾਰ ਦੇ ਬਜਾਰੂ ਪਦਾਰਥ, ਅਨੇਕ ਦਿਨਾਂ ਦਾ ਰੱਖਿਆ ਹੋਇਆ, ਸਚਿਤ ਰਜ ਵਾਲਾ, ਜਿਸ ਵਿੱਚ ਖਾਣ ਯੋਗ ਪਦਾਰਥ ਘਟ ਹੋਵੇ ਸੁਟਣ ਵਾਲਾ ਜ਼ਿਆਦਾ ਹੋਵੇ ਅਜਿਹਾ ਸੀਤਾਫਲ, ਅਨਾਨਾਸ, ਬਹੁਤ ਕੰਡੇ ਵਾਲਾ ਫਲ, ਅਸਥਿਕ ਫਲ, ਤਿੰਦੁਕ ਫਲ, ਵਿਲ ਫਲ, ਗੰਨੇ ਦੇ ਟੁਕੜੇ, ਸ਼ਾਲਮਲੀ ਫਲ ਆਦਿ ਪਦਾਰਥ, ਦੇਣ ਵਾਲਾ ਦੇਵੇ ਤਾਂ ਸਚਿਤ ਪਦਾਰਥ ਤੇ ਜ਼ਿਆਦਾ ਸੁਟਣ ਯੋਗ ਪਦਾਰਥ ਸਾਧੂ ਨੂੰ ਲੈਣਾ ਨਹੀਂ ਕਲਪਦਾ, ਅਜਿਹਾ ਦੇਣ ਵਾਲੇ ਨੂੰ ਆਖੇ। ॥੭੦-੭੪॥

ਅਸ਼ਨ ਵਰਗ ਪਾਣੀ ਜੇ ਰੰਗ ਪੱਖੋਂ ਗੁਣ ਵਾਲਾ ਹੋਵੇ, ਨਿਰਦੋਸ਼ ਹੋਵੇ, ਉੱਚਾ ਹੋਵੇ ਭਾਵ ਦਾਖ ਦਾ ਪਾਣੀ, ਰੰਗਹੀਣ ਕਾਂਜੀ ਦੀ ਪਾਣੀ, ਗੁੜ ਵਾਲਾ ਪਾਇਆ ਪਾਣੀ, ਆਟੇ ਦਾ ਧੋਣ, ਚਾਵਲ ਭਿਗੋਨ ਤੋਂ ਬਾਅਦ ਦਾ ਪਾਣੀ, ਸਚਿਤ ਹੋਵੇ ਉਥੇ ਤਕ ਨਾਂ ਲਵੇ। ਲੰਬੇ ਸਮੇਂ ਤੋਂ ਧੋਇਆ ਹੋਇਆ ਵੇਖਣ ਤੇ ਪੁੱਛਣ ਤੇ ਸ਼ੰਕਾ ਰਹਿਤ, ਸ਼ਾਸਤਰ ਅਨੁਸਾਰ ਨਿਰਦੋਸ਼ ਹੋਵੇ ਤਾਂ ਗ੍ਰਹਿਣ ਕਰੇ ਗਰਮ ਪਾਣੀ ਵੀ ਜੇ ਅਚਿਤ ਹੋਵੇ ਤਾਂ ਲਵੇ ਅਤੇ ਸ਼ੱਕ ਹੋਵੇ ਤਾਂ ਉਸ ਪਾਣੀ ਦੀ ਪ੍ਰੀਖਿਆ ਹਿੱਤ ਇਸ ਪ੍ਰਕਾਰ ਆਖੇ "

ਮੈਨੂੰ ਇਸ ਦਾ ਸੁਆਦ ਪਰਖਣ ਲਈ ਥੋੜਾ ਜਿਹਾ ਪਾਣੀ ਦੇਵੇ” ਜ਼ਿਆਦਾ ਦੁਰਗੰਧ ਵਾਲਾ ਹੋਵੇ, ਪਿਆਸ ਛੁਪਾਉਣ ਵਿੱਚ ਸਮਰੱਥ ਨਾਂ ਹੋਣ ਕਾਰਣ ਅਜਿਹੇ ਅਤਿ ਖਟੇ ਦੁਰਗੰਧ ਵਾਲੇ ਪਾਣੀ ਦੇਣ ਵਾਲੇ ਦਾਤਾ ਨੂੰ ਮਨਾ ਕਰਦਾ ਆਖੇ “ਅਜਿਹਾ ਪਾਣੀ ਸਾਨੂੰ ਲੈਣਾ ਨਹੀ ਚਾਹੀਦਾ”

ਕੱਦੇ ਦਾਤਾਰ ਦੀ ਪ੍ਰਾਰਥਨਾ ਜਾਂ ਭੁੱਲ ਕਾਰਣ ਅਜਿਹਾ ਪਾਣੀ ਆ ਜਾਵੇ ਤਾਂ ਅਜਿਹਾ ਪਾਣੀ ਨਾਂ ਆਪ ਪੀਣੇ ਨਾ ਕਿਸੇ ਹੋਰ ਨੂੰ ਦੇਵੇ । ਅਜਿਹੇ ਪਾਣੀ ਨੂੰ ਏਕਾਂਤ ਜਗਾ ਤੇ ਅਚਿਤ (ਜੀਵ ਰਹਿਤ) ਭੂਮੀ ਤੇ ਅੱਖ ਨਾਲ ਪ੍ਰਤਿਲੇਖਨਾ (ਵੇਖ ਕੇ) ਜਤਨਾ (ਸਾਵਧਾਨੀ) ਨਾਲ ਪਲਟ ਦੇਵੇ । ਉਪਾਸਰੇ (ਧਰਮ ਸਥਾਨ) ਤੇ ਆ ਕੇ ਈਰਾਵਯੀ (ਪ੍ਰਤਿਕਮਣ) ਕਰੇ। ॥੭੫-੮੧॥

<u>ਸਾਧੂ ਭੋਜਨ ਕਦੋਂ ਤੇ ਕਿਵੇਂ ਕਰੇ:</u> ਗੋਚਰੀ (ਭੋਜਨ) ਲਈ ਹੋਰ ਕਿਸੇ ਪਿੰਡ ਗਿਆ ਸਾਧੂ, ਰਾਹ ਵਿੱਚ ਭੁੱਖ-ਪਿਆਸ ਆਦਿ ਤੋਂ ਪੀੜਤ ਹੋਕੇ, ਰੋਟੀ-ਪਾਣੀ ਗ੍ਰਹਿਣ ਕਰਨਾ ਚਾਹੇ, ਤਾਂ ਕਿਸ ਸੁੰਨੇ ਘਰ, ਮਠ ਗ੍ਰਹਿਸਥ ਦੇ ਘਰ ਵਿੱਚ ਦੇਖ ਦੇ ਇਨੇ ਹਿੱਸੇ ਨੂੰ ਸਚਿਤ ਪਦਾਰਥ ਨਾਲ ਸਾਫ਼ ਕਰਕੇ ਆਗੀਆ ਲੈ ਕੇ, ਸਾਫ਼ ਸਥਾਨ ਦੇ ਆਲੋਚਨਾ ਕਰਕੇ ਪੁੰਜਨੀ (ਛੋਟੇ ਔਘੇ) ਨਾਲ ਸ਼ਰੀਰ ਦੀ ਪ੍ਰਮਾਜਨਾ (ਸਫ਼ਾਈ ਕਰਕੇ) ਲਗਾਵ ਭਾਵ ਤੋਂ ਰਹਿਤ ਹੋ ਕੇ ਭੋਜਨ ਕਰੇ। ਭੋਜਨ ਕਰਦੇ ਸਮੇਂ ਦਾਨੀ ਦੀ ਅਣਗਹਿਲੀ ਕਾਰਣ ਬੀਜ, ਕੰਡੇ, ਘਾਹ, ਲਕੱੜੀ ਦਾ ਟੁਕੜਾ, ਕੰਕਰ ਜਾਂ ਅਜਿਹਾ ਨਾ ਖਾਣ ਯੋਗ ਪਦਾਰਥ ਆ ਜਾਵੇ ਤਾਂ ਹੱਥ ਰਾਹੀਂ ਸੁਟਣਾ ਨਹੀਂ ਮੂੰਹ ਨਾਲ ਥੁਕੱਣਾ ਸਗੋਂ ਹੱਥ ਵਿੱਚ ਲੈ ਕੇ ਏਕਾਂਤ ਵਿੱਚ ਜਾਵੇ ਅਤੇ ਅਚਿੱਤ ਭੂਮੀ ਦੀ ਪ੍ਰਤਿਲੇਖਨਾ ਕਰਕੇ ਉਸ ਤੇ ਸੁੱਟੇ ਤੇ ਬਾਅਦ ਵਿੱਚ ਆਲੋਚਨਾ ਕਰੇ। ॥੮੨-੮੬॥

<u>ਉਪਾਸਰੇ ਵਿੱਚ ਭੋਜਨ ਕਰਨ ਦੀ ਵਿਧੀ:</u> ਉਪਾਸਰੇ (ਧਰਮ ਸਥਾਨ) ਤੇ ਆਉਣ ਤੋਂ ਬਾਅਦ ਮੁਨੀ ਭੋਜਨ ਕਰਨ ਦੀ ਇੱਛਾ ਵਾਲਾ ਹੋਵੇ ਤਾਂ ਮੰਗਨ ਤੇ ਲਿਆਉਂਦਾ

ਨਿਰਦੋਸ਼ ਭੋਜਨ ਕਰਨ ਦੀ ਥਾਂ ਦੀ ਸਫ਼ਾਈ ਕਰੇ” ਵਿਨੈ ਪੂਰਕਵਕ ਉਪਾਸਰੇ ਵਿੱਚ ਪ੍ਰਵੇਸ਼ ਕਰੇ । ਗੁਰੂ ਦੇਵ ਦੀ ਇਜਾਜ਼ਤ ਲੈ ਕੇ ਈਰੀਆਵ ਹੀ ਪ੍ਰਤਿ ਕਮਨ ਕਰੇ,

ਕਾਯੋਤਸ਼ਰਗ ਵਿੱਚ ਭੋਜਨ ਪ੍ਰਤਿ ਆਉਂਦੇ ਜਾਂਦੇ, ਭੋਜਨ ਮੰਗਦੇ ਹੋਏ ਜੋ ਅਤਿੱਆਚਾਰ (ਦੋਸ਼) ਲੱਗੇ ਹੋਣ, ਉਨ੍ਹਾਂ ਦੋਸ਼ਾਂ ਨੂੰ ਯਾਦ ਕਰੇ, ਸਰਲ ਮਨ ਨਾਲ, ਜਲਦ ਵਾਜੀ ਰਹਿਤ, ਚੰਚਲਤਾ ਰਹਿਤ ਮਨ ਨਾਲ, ਜਿਸ ਤਰ੍ਹਾਂ ਭੋਜਨ ਪਾਣੀ ਪ੍ਰਾਪਤ ਕੀਤਾ ਹੋਵੇ, ਉਸੇ ਤਰ੍ਹਾਂ ਗੁਰੂ ਨੂੰ ਦਸ ਉਪਯੋਗ ਰਹਿਤ ਪੂਰਵ ਕਰਮ, ਪਸ਼ਚਾਤ ਕਰਮ ਆਂਦਿ ਦੀ ਜੋ ਜੋ ਆਲੋਚਨਾ ਠੀਕ ਤਰੀਕੇ ਨਾਲ ਨਾਂ ਹੋਈ ਹੋਵੇ ਉਸ ਦੀ ਆਲੋਚਨਾ ਕਰੇ ਅਤੇ ਕਾਯੋਤਸਰਗ (ਧਿਆਨ) ਵਿੱਚ ਉਸ ਗਲਤੀ ਦਾ ਚਿੰਤਨ ਕਰਦਾ ਸੋਚੇ” ਤੀਰਥੰਕਰ ਭਗਵਾਨ ਨੇ ਮੋਕਸ਼ ਸਾਧਨਾ ਦੇ ਲਈ ਅਤੇ ਸਾਧੂ ਦੇ ਸ਼ਰੀਰ ਦੇ ਨਿਰਣਾ ਲਈ ਅਜਿਹੀ ਪਾਪ ਰਹਿਤ ਭੋਜਨ ਵਿਧੀ ਦੱਸੀ ਹੈ।

ਫੇਰ ਨਮੋਕਾਰ ਮੰਤਰ ਨਾਲ ਕਾਯੋਤਸਰਗ ਪੂਰਾ ਕਰਕੇ, ਤੀਰਥੰਕਰ (ਚੋਵੀ ਤੀਰਥੰਕਰਾਂ ਦਾ ਗੁਣ ਗਾਨ ਦੀ ਸਥੀਤੀ) ਕਰੇ, ਦੋਸ਼ਾਂ ਤੋਂ ਮੁਕਤ ਹੋਵੇ ਜੋ ਭਿਖਿਆ ਲਿਆਉਣ ਲੱਗੇ ਰਾਹ ਵਿੱਚ ਦੋਸ਼ ਲੱਗੇ ਹਨ, ਫੇਰ ਰਾਹ ਦੀ ਥਕਾਵਟ ਦੂਰ ਕਰਨ ਲਈ ਅਰਾਮ ਕਰੇ। ॥੮੭-੯੩॥

<u>ਬੁਲਾਵਾ ਦੇਣਾ:</u> ਅਹਾਰ ਕਰਕੇ ਵਿਚਾਰ ਚਿੰਤਨ ਕਰੇ ਕਿ ਇਸ ਭੋਜਨ ਵਿੱਚ ਜੇ ਕੋਈ ਹੋਰ ਮੁਨੀ ਭੋਜਨ ਗ੍ਰਹਿਣ ਕਰਕੇ ਮੋਕੇ ਤੇ ਉਪਕਾਰ ਕਰਨ ਤਾਂ ਮੈਂ ਸੰਸਾਰ ਸਾਗਰ ਨੂੰ ਪਾਰ ਕਰਨ ਯੋਗ ਬਨਾ “ਗੁਰੂ ਭਗਵਾਨ ਦੀ ਇਜਾਜ਼ਤ ਲੈ ਕੇ ਸਾਰੇ ਸਾਧੂਆਂ ਨੂੰ ਬੁਲਾਵਾ ਦੇਵੇ ਜੋ ਕੋਈ ਉਸ ਭੋਜਨ ਵਿੱਚੋਂ ਭੋਜਨ ਗ੍ਰਹਿਣ ਕਰਨ, ਦੂਸਰੇ ਮੁਨੀਆਂ ਦੇ ਭੋਜਨ ਗ੍ਰਹਿਣ ਤੋਂ ਬਾਅਦ ਉਨ੍ਹਾਂ ਸਾਧੂਆਂ ਨਾਲ ਬੈਠ ਕੇ ਖੁਦ ਭੋਜਨ ਕਰੇ। ॥੯੪-੯੫॥

<u>ਭੋਜਨ ਕਿਵੇਂ ਕਰੇ:</u> ਜਦ ਕੋਈ ਮੁਨੀ ਭੋਜਨ ਨਾਂ ਕਰੇ ਤਾਂ ਭੋਜਨ ਗ੍ਰਹਿਣ ਕਰੇ ਚੋੜੇ ਬਰਤਨ ਵਿੱਚ ਸਾਵਧਾਨੀ (ਯਤਨ) ਨਾਲ ਹੱਥ ਵਿੱਚੋਂ ਜਾਂ ਮੂੰਹ ਵਿੱਚੋਂ ਕੋਈ ਭੋਜਨ ਦੇ

ਕਣ ਨਾਂ ਗਿਰਨ । ਇਸ ਤਰ੍ਹਾਂ ਦੀ ਸਾਵਧਾਨੀ ਨਾਲ ਇਕੱਲੇ ਭੋਜਨ ਕਰੇ ਉਸ ਸਮੇਂ ਜੋ ਭੋਜਨ ਕਰੇ ਉਸ ਸਮੇਂ ਜੋ ਭੋਜਨ ਕੋੜਾ, ਤੀਖਾ, ਕਸੇਲਾ, ਖੱਟਾ, ਮਿੱਠਾ, ਖਾਰਾ ਹੋਵੇ ਤਾਂ ਵੀ ਦੇਹ ਦੀ ਰਾਖੀ ਲਈ ਅਤੇ ਮੁਕਤੀ ਸਾਧਨਾ ਲਈ ਮੈਨੂੰ ਇਹ ਭੋਜਨ ਪ੍ਰਾਪਤ ਹੋਇਆ ਹੈ" ਅਜਿਹਾ ਜਾਨ ਕੇ ਉਸ ਭੋਜਨ ਨੂੰ ਮਿੱਠੇ ਘੀ ਦਾ ਬਨਿਆ ਮਨਕੇ ਜਾਂ ਘੀ ਵਰਗਾ ਮਨ ਕੇ ਗ੍ਰਹਿਣ ਕਰੇ। ਪਦਾਰਥ ਜਿਵੇਂ ਛੇਤੀ ਗ੍ਰਹਿਣ ਕੀਤਾ ਜਾਂਦਾ ਹੈ ਉਸੇ ਭਾਵਨਾ ਨਾਲ ਸੁਆਦ ਦੀ ਭਾਵਨਾ ਤਿਆਗ ਕੇ, ਖਬੀ ਦਾੜ ਚਲਾਏ ਬਿਨਾਂ, ਪੇਟ ਵਿੱਚ ਪਾਵੇ। ਇਹ ਭੋਜਨ ਠੀਕ ਪ੍ਰਕਾਰ ਨਾਂ ਬਨਿਆ ਹੋਵੇ ਜਾਂ ਪਹਿਲਾਂ ਤੋਂ ਰਸ ਰਹਿਤ ਹੋਵੇ, ਸਬਜ਼ੀ ਤੋਂ ਬਿਨਾਂ ਹੋਵੇ, ਸਬਜ਼ੀ ਸਹਿਤ ਹੋਣ, ਘੱਟ ਸਬਜ਼ੀ ਹੋਵੇ ਜਾਂ ਜ਼ਿਆਦਾ ਹੋਵੇ, ਤਾਜ਼ਾ ਬਨਿਆ ਹੋਵੇ ਜਾਂ ਸੁਕ ਚੁੱਕਾ ਹੋਵੇ, ਬੇਰ ਦਾ ਚੂਰਣ ਹੋਵੇ, ਉੜਦ ਦੀ ਬਕਲਿਆਂ ਹੋਵੇ, ਪੂਰਾ ਹੋਵੇ ਜਾਂ ਘੱਟ ਹੋਵੇ, ਉਸ ਅਨੁਸਾਰ ਹੋਵੇ, ਤਾਂ ਵੀ ਆਗਮ ਵਿਧੀ ਅਨੁਸਾਰ ਪ੍ਰਾਪਤ ਨਿਰਦੋਸ਼ ਭੋਜਨ ਦੀ ਨਿੰਦਾ ਨਾ ਕਰੇ। ਗ੍ਰਹਿਸਥ ਜਾਂ ਦਾਨੀ ਦਾ ਕੋਈ ਕੰਮ ਕੀਤੇ ਬਿਨਾਂ (ਮੰਤਰ, ਜੰਤਰ, ਦਵਾਈ) ਪ੍ਰਾਪਤ ਕੀਤਾ ਹੈ ਅਤੇ ਆਪਣੀ ਜਾਤ ਜਾਂ ਧੰਧਾ ਆਦਿ ਬਿਨਾਂ ਦੱਸੇ ਮੁਧਾ ਜੀਵੀ ਦੀ ਤਰ੍ਹਾਂ ਪ੍ਰਾਪਤ ਕੀਤਾ ਹੈ ਇਸ ਪ੍ਰਕਾਰ ਅਗਮ ਅਨੁਸਾਰ ਸਾਧੂ ਨੂੰ ਸੰਯੋਜਨ ਆਦਿ ਪੰਜ ਦੋਸ਼ ਦਾ ਸੇਵਨ ਕੀਤੇ ਬਿਨਾਂ ਭੋਜਨ ਗ੍ਰਹਿਣ ਕਰਨਾ ਚਾਹੀਦਾ ਹੈ। ॥੯੬-੯੯॥

ਕਿਸੇ ਵੀ ਤਰ੍ਹਾਂ ਦੇ ਉਪਕਾਰ ਲੈਣ ਦੀ ਭਾਵਨਾ ਤੋਂ ਰਹਿਤ ਸਵਾਰਥ ਰਹਿਤ ਦਾਨੀ ਦੂਰ ਲਾਭ ਮਿਲਦਾ ਹੈ ਉਸੇ ਪ੍ਰਕਾਰ ਮੰਤਰ-ਜੰਤਰ ਆਦਿ ਚਮਤਕਾਰ ਦੱਸੇ ਬਿਨਾਂ ਦਾਤਾ ਦੇ ਭੌਤਿਕ ਉਪਕਾਰ ਕੀਤੇ ਬਿਨਾਂ ਆਪਣੇ ਧਰਮ ਦਾ ਪਾਲਣ ਕਰਨ ਵਿੱਚ ਮਘਨਾ, ਸਵਾਰਥ ਰਹਿਤ ਗ੍ਰਹਿਣ ਕਰਨ ਵਾਲਾ ਮੁਨੀ ਵੀ ਦੁਰਲਭ ਨਾਲ ਮਿਲਦਾ ਹੈ। ਮੁਨਾਜੀਵੀ ਨਿਸ਼ਕਾਮ ਭਾਵ ਨਾਲ ਦੇਣ ਵਾਲਾ, ਇੱਕ ਮੋਕੱਸ਼ ਦੇ ਲਈ ਜ਼ਿੰਦਗੀ ਗੁਜ਼ਰਨ ਵਾਲਾ ਮੁਧਾਜੀਵੀ ਮੁਨੀ ਦੋਹੇ ਹੀ ਮੋਕਸ਼ ਵਿੱਚ ਜਾਂਦੇ ਹਨ ਅਜਿਹਾ ਮੈਂ ਆਖਦਾ ਹੈ। ॥੧੦੦॥

ਪੰਜਵੇ ਅਧਿਐਨ ਦਾ ਪਹਿਲੀ ਨਿਰਦੇਸ਼ਕ ਸੰਪੂਰਨ ਹੋਇਆ

# ਪੰਜਵਾ ਅਧਿਐਨ (ਦੂਸਰਾ ਉਦੇਸ਼ਕ)

ਸਾਧੂ ਜਦ ਭੋਜਨ ਕਰੇ ਤਾਂ ਭਾਂਡੇ ਨੂੰ ਪੂੰਜ ਕੇ ਸਾਫ਼ ਕਰੇ ਲਵੇ, ਥੋੜਾ ਜੇਹੀ ਮੈਲ ਵੀ ਪਾਤਰ ਤੇ ਨਾਂ ਛੱਡੇ ਸਾਧੂ ਨੂੰ ਭੋਜਨ ਕਰਦੇ ਸਮੇਂ ਸੁਗੰਧ ਵਾਲੇ, ਦੁਰਗੰਧ ਵਾਲੇ, ਜਿਨ੍ਹਾਂ ਵੀ ਭੋਜਨ ਹੋਵੇ, ਉਨ੍ਹਾਂ ਕਰਨਾ ਚਾਹੀਦਾ ਹੈ ਉਸ ਵਿੱਚ ਅੰਸ਼ ਵੀ ਬਾਕੀ ਨਹੀਂ ਛੱਡਣਾ ਚਾਹੀਦਾ ਹੈ। ॥੧॥

<u>ਦੂਸਰੀ ਵਾਰ ਭੋਜਨ ਲੈਣ ਜਾਵੇ:</u> ਉਪਾਸਰੇ ਜਾਂ ਸਵਾਧਿਐ ਭੂਮੀ ਵਿੱਚ ਰਹਿੰਦੇ ਹੋਏ ਜਾਂ ਭੋਜਨ ਨੂੰ ਗਏ ਮੁਨੀ ਦੀ ਭੁੱਖ ਖਤਮ ਨਾਂ ਹੋਈ ਹੋਵੇ ਉਸੇ ਭੋਜਨ ਨਾਲ ਗੁਜ਼ਾਰਾ ਨਾਂ ਹੋ ਰਿਹਾ ਹੋਵੇ ਤਾਂ ਪਹਿਲਾ ਦੱਸੀ ਹੋਈ ਭੋਜਨ ਮੰਗਨ ਦੀ ਵਿਧੀ ਨਾਲ ਦੂਸਰੀ ਵਾਰ ਭੋਜਨ ਪਾਣੀ ਮੰਗ ਸਕਦਾ ਹੈ । ਅਜਿਹੀ ਹਾਲਤ ਵਿੱਚ ਭੋਜਨ-ਪਾਣੀ ਦੀ ਤਲਾਸ਼ ਕਰੇ। ॥੨-੩॥

<u>ਭੋਜਨ ਜਾਨ ਦਾ ਸਮਾਂ:</u> ਪਿੰਡ-ਪਿੰਡ ਘੁਮੰਨ ਵਾਲੇ ਮੁਨੀ ਨੂੰ ਜਿਸ ਪਿੰਡ, ਜਿਨਾ ਸਮੇਂ ਭੋਜਨ-ਪਾਣੀ ਮਿਲਦਾ ਹੋਵੇ, ਉਸੇ ਸਮੇਂ ਭੋਜਨ ਪਾਣੀ ਲਈ ਜਾਣਾ ਅਤੇ ਸਵਾਧਿਆਏ ਕਰਨ ਤੋਂ ਪਹਿਲਾਂ ਭੋਜਨ ਕਰਕੇ, ਆਪਣੇ ਸਥਾਨ ਤੇ ਆ ਜਾਨਾ ਚਾਹੀਦਾ ਹੈ। ਅਕਾਲ ਦੇ ਸਮੇਂ ਨੂੰ ਛੱਡ ਕੇ, ਜੋ ਕੰਮ ਜਿਸ ਸਮੇਂ ਕਰਨਾ ਹੈ ਤੇ ਉਸ ਸਮੇਂ ਕਰਨਾ (ਆਚਾਰੰਗ ਸੁਤਰ) ਦੱਸੇ ਮੁਨੀ (ਸਮੇਂ ਦਾ ਜਾਨਕਾਰ) ਵਿਸ਼ੇਸ਼ਤਾ ਹੈ। ॥੪॥

ਗ਼ਲਤ ਸਮੇਂ ਭੋਜਨ ਪਾਣੀ ਮੰਗਣ ਵਾਲੇ ਨੂੰ ਉਲਾਂਬਾ ਦਿੰਦੇ ਹੋਏ ਸ਼ਾਸਤਰ ਕਾਰ ਆਖਦਾ ਹੈ” ਹੇ ਮੁਨੀ ! ਤੂੰ ਭੋਜਨ ਪਾਣੀ ਦੇ ਸਮੇਂ ਨੂੰ ਨਾਂ ਵੇਖ ਕੇ ਅਕਾਲ ਵਿੱਚ ਭੋਜਨ ਪਾਣੀ ਲਈ ਜਾਂਦਾ ਹੈ ਤਾਂ ਜ਼ਿਆਦਾ ਘੁੰਮਨਾ ਪੈਦਾ ਹੈ, ਆਤਮਾ ਨੂੰ ਕਲਪਨਾ ਹੁੰਦੀ ਹੈ, ਚਿਤ ਚਲ ਹੁੰਦਾ ਹੈ ।ਭੋਜਨ ਵੀ ਪ੍ਰਾਪਤੀ ਨਾ ਹੋਣ ਤੇ ਤੂੰ ਪਿੰਡ ਦੀ, ਪਿੰਡ ਵਾਸੀਆਂ ਦੀ ਨਿੰਦਾ ਕਰਦਾ ਹੈ। ॥੫॥

ਤਪ ਵਿਧੀ: ਅਕਾਲ ਵਿੱਚ ਗੋਚਰੀ ਜਾਨ ਨਾਲ ਦੋਸ਼ਾਂ ਦੀ ਉਤਪੱਤੀ ਹੁੰਦੀ ਹੈ ਇਸ ਲਈ ਸਮੇਂ ਤੇ ਭੋਜਨ ਪਾਣੀ ਨੂੰ ਜਾਣੇ। ਆਪਣੀ ਮਹਿਨਤ ਦਾ ਇਸਤੇਮਾਲ ਕਰੇ । ਫੇਰ ਵੀ ਜੇ ਭੋਜਨ ਪਾਣੀ ਪ੍ਰਾਪਤ ਨਾ ਹੋਵ ਤਾਂ ਸ਼ੋਕ ਨਾ ਕਰੇ ਅਤੇ ਇਸ ਪ੍ਰਕਾਰ ਆਤਮ ਚਿੰਤਨ ਕਰੇ "ਅੱਜ ਤਪ ਵਿੱਚ ਵਾਧਾ ਹੋ ਗਿਆ ਹੈ" ਇਸ ਪ੍ਰਕਾਰ ਭੁੱਖ ਨੂੰ ਸਹਿਨ ਕਰੇ। ॥੬॥

ਮਾਰਗ ਵਿੱਚ ਵਿਸ਼ੇਸ਼ ਜਤਨਾ: ਭੋਜਨ ਪਾਣੀ ਦੇ ਲਈ ਜਾਂਦੇ ਸਮੇਂ ਰਾਹ ਵਿੱਚ ਦਾਨਾ ਚੁਗਣੇ ਕਬੂਤਰ ਆਦਿ ਵਿਖਾਈ ਦੇਣ ਤਾਂ ਉਨ੍ਹਾਂ ਦੇ ਸਾਹਮਣੇ ਨਾ ਜਾਵੇ। ਕਬੂਤਰ ਦਾਨਾ ਚੁਗਦੇ ਰਹਿਣ ਇਸ ਪ੍ਰਕਾਰ ਦੇ ਰਾਹ ਤੋਂ ਨਾ ਜਾਵੇ। ॥੭॥

ਧਰਮ ਕਥਾ: ਭੋਜਨ ਪਾਣੀ ਗਿਆ ਸਾਧੂ ਕਿਤੇ ਵੀ ਆਸਨ ਲਗਾ ਕੇ ਨਾਂ ਬੈਠੇ ਨਾ ਧਰਮ ਕਥਾ ਕਰੇ। ਅਜਿਹਾ ਕਰਨ ਤੇ ਅਨਵੇਸ਼ਨਾ ਅਤੇ ਦਵੇਸ਼ ਆਦਿ ਦੋਸ਼ਾਂ ਵਾਧਾ ਹੁੰਦਾ ਹੈ। ॥੮॥

ਖੜਾ ਹੋਣਾ: ਭੋਜਨ ਪਾਣੀ ਲਈ ਸਾਧੂ ਨੂੰ ਗ੍ਰਹਿਸਥ ਦੇ ਦਰਵਾਜ਼ੇ, ਸਾਖ, ਅਰਗਲਾ, ਫੱਟੇ, ਦੀਵਾਰ ਦਾ ਸਹਾਰਾ ਲੈ ਕੇ ਨਹੀਂ ਖੜੇ ਹੋਣਾ ਚਾਹੀਦਾ ਅਜਿਹਾ ਕਰਨ ਨਾਲ ਪ੍ਰਵਚਨ ਦੀ ਉਲੰਘਨਾ (ਨਿੰਦਾ) ਜੀਵਾਂ ਦੀ ਵਿਰਾਧਨਾ (ਹਿੰਸਾ) ਸੰਭਵ ਹੈ। ॥੯॥

ਬ੍ਰਾਹਮਣ, ਸ਼੍ਰਮਨ (ਬੁੱਧ ਭਿਖਸ਼ੂ) ਸਾਹਮਣੇ ਗਰੀਬ, ਮੰਗਤੇ, ਇਨ੍ਹਾਂ ਚਾਰਾਂ ਵਿੱਚ ਕੋਈ ਮੰਗਨ ਵਾਲਾ, ਯਾਚਨਾ ਕਰਨ ਵਾਲਾ ਖੜਾ ਹੋਵੇ, ਅੰਦਰ ਜਾ ਰਿਹਾ ਹੋਵੇ ਜਾਂ ਬਾਹਰ ਆ ਰਿਹਾ ਹੋਵੇ ਤਾਂ ਉਸ ਦੀ ਉਲੰਘਨਾ ਕਰਕੇ ਗ੍ਰਹਿਸਥ ਦੇ ਘਰ ਵਿੱਚ ਸਾਧੂ ਨੂੰ ਨਹੀਂ ਜਾਨਾ ਚਾਹੀਦਾ ਅਤੇ ਜਿੱਥੇ ਇਨ੍ਹਾਂ ਚਾਰਾਂ ਦੀ ਨਿਗਾਹ ਨਾ ਪਵੇ ਸਗੋਂ ਇਕੱਲਾ ਖੜਾ ਰਹੇ। ਇਸ ਤਰ੍ਹਾਂ ਤਾਂ ਲੈਣ-ਦੇਣ ਵਾਲੇ ਦੋਹਾਂ ਨੂੰ ਨਫ਼ਰਤ ਅਤੇ ਜੈਨ ਧਰਮ ਦੀ ਨਿੰਦਾ ਦਾ ਕਾਰਣ ਬਨਦੇ ਹਲ।

ਜਦ ਯਾਚਕ ਆਦਿ ਨੂੰ ਗ੍ਰਹਿਸਥ ਨੇ ਭੋਜਨ ਦੇ ਰਿਹਾ ਹੋਵੇ ਜਾਂ ਨਾਂ ਕਰ ਦਿੱਤੀ ਹੋਵੇ ਉਹ ਘਰ ਤੋਂ ਵਾਪਸ ਆ ਰਹੇ ਹੋਣ ਤਾਂ ਸਾਧੂ ਗ੍ਰਹਿਸਥ ਦੇ ਘਰ ਵਿੱਚ ਪ੍ਰਵੇਸ਼ ਕਰੇ। ॥੧੦-੧੩॥

ਉਤਪਲ ਪੱਦਮ, ਨੀਲ ਕਮਲ, ਸਫੇਦ ਕਮਲ, ਮਾਲਤੀ ਆਦਿ ਦੂਸਰੇ ਸਚਿਤ ਫੁਲਾਂ ਨੂੰ ਛੇਦਕੇ, ਮਸਲ ਕੇ, ਦਾਤਾ (ਦਾਨੀ) ਭੋਜਨ-ਪਾਣੀ ਦੇਣ ਲੱਗੇ ਤਾਂ ਮੁਨੀ ਸਪਸ਼ਟ ਆਖ ਦੇਵੇ ਅਜਿਹਾ ਭੋਜਨ ਪਾਣੀ ਸਾਨੂੰ ਨਹੀ ਕਲਪਦਾ। ॥੧੪ ਤੋਂ ੧੫॥

ਗ੍ਰਹਿਸਥ ਦੇ ਘਰ ਜੋ ਕੋਈ ਇਸਤਰੀ ਉਪਰੋਕਤ ਸਚਿਤ ਫਲਾਂ ਨੂੰ ਕੁਚਲ ਕੇ ਮਸਲ ਕੇ ਭੋਜਨ ਦੇਵੇ ਤਾਂ ਸਾਧੂ ਆਖੇ ਇਹ ਭੋਜਨ ਮੇਰੇ ਲੈਣ ਯੋਗ (ਕਲਪ) ਨਹੀਂ, ਮੈਂ ਇਸ ਭੋਜਨ ਨੂੰ ਲੈ ਨਹੀਂ ਸਕਦਾ। ॥੧੬-੧੭॥

<u>ਕਿਵੇਂ ਭੋਜਨ ਲਵੇ:</u> ਜੇ ਕੋਈ ਭੋਜਨ ਦਾਨ ਕਰਨ ਵਾਲੀ ਇਸਤਰੀ ਨੀਲ ਉਤਪਲ ਆਦਿ ਸਚਿੱਤ ਪਦਾਰਥਾਂ ਨੂੰ ਸਪਰਸ਼ ਕਰਦੇ ਹੋਏ ਭੋਜਨ ਦੇਵੇ ਤਾਂ ਸਾਧੂ ਭੋਜਨ ਨਾ ਲਵੇ ਅਤੇ ਭੋਜਨ ਦੇਣ ਵਾਲੀ ਇਸਤਰੀ ਨੂੰ ਆਖੇ ਇਹ ਭੋਜਨ ਮੇਰੇ ਲੈਣ ਯੋਗ ਨਹੀਂ ਸਚਿਤ ਉਤਪਲ ਕੰਧ, ਪਲਾਸਕੰਦ, ਕੁਮੁਦ ਨਾਲ, ਪਦਮ ਕੰਦ, ਸਰੋਂ ਦੀ ਨਾਲ , ਗਨੇ ਦੇ ਟੁਕੜੇ, ਨਵੇਂ ਕੋਪਲ, ਦਰਖਤ, ਘਾਹ ਅਤੇ ਹਰਿਆਲੀ ਦੇ ਸਚਿਤ ਨਵੇਂ ਕਾਈ, ਜਿਨ੍ਹਾਂ ਵਿੱਚ ਬੀਜ ਪੈਦਾ ਨਾ ਹੋਇਆ ਹੋਵੇ ਅਜਿਹੀ ਮੁੰਗੀ ਦੀ ਕੱਚੀ ਫਲੀ, ਆਮ ਭੁਜੀਆ ਤੇ ਕੱਚੀਆਂ ਫਲੀਆਂ, ਬੇਰ, ਬਾਸ ਕਰੇਲਾ, ਸੀਵਨ ਫਲ, ਤਿਲਪਾਪੜੀ, ਨੀਮ ਦੇ ਸਚਿਤ ਫਲ । ਚੋਲ ਦਾ ਆਟਾ, ਕੱਚਾ ਪਾਣੀ, ਤਿੰਨ ਵਾਰ ਉਬਾਲੇ ਤੋਂ ਬਿਨਾਂ ਪਾਣੀ, ਤਿਲ ਦਾ ਆਟਾ, ਸਰੋਂ ਦੀ ਖਲ। ਕੱਚੇ ਕੋਠੇ ਦੇ ਫਲ, ਬੀਜੂਰੂ, ਮੂਲੀ ਦਾ ਪਤ, ਮੂਲੀ ਦਾ ਕੰਧ, ਬੇਰ ਦਾ ਚਰਨ, ਜਵਾਰ ਦਾ ਆਟਾ, ਬਹੇੜਾ, ਚਾਰਲੀ ਅਤੇ ਹੋਰ ਅਚਿਤ (ਜੀਵ ਰਹਿਤ) ਕੀਤੇ ਬਿਨਾਂ ਪਦਾਰਥ ਦਾਨੀ ਦਾਨ ਕਰੇ ਤਾਂ ਮੁਨੀ ਆਖਦੇ ਹਨ ਕਿ ਅਜਿਹਾ ਭੋਜਨ ਪਾਣੀ ਸਾਨੂੰ ਲੈਣਾ ਨਹੀਂ

ਕਲਪਦਾ। ਮੁਨੀ ਮਨ ਵਿੱਚ ਅਜਿਹਾ ਭੋਜਨ ਲੈਣ ਦਾ ਵਿਚਾਰ ਵੀ ਨਾਂ ਕਰੇ। ॥੧੮-੨੬॥

<u>ਸਾਰੇ ਕੁਲਾਂ ਦੀ ਗੋਚਰੀ:</u> ਨਿਰਦੋਸ਼ ਭੋਜਨ ਲਈ ਜ਼ਰੂਰਤ ਅਨੁਸਾਰ ਸਦਾ ਉੱਚ, ਮਧਿਅਮ ਅਤੇ ਆਮ ਘਰਾਂ ਵਿੱਚੋਂ ਜੋ ਨਿੰਦਾ ਯੋਗ ਘਰ ਕੁਲ ਨਾਂ ਹੋਣ ਅਜਿਹੇ ਘਰ ਵਿੱਚ ਜਾਵੇ। ਪਰ ਰਾਹ ਵਿੱਚ ਪੈਦਾ ਗਰੀਬ ਦੇ ਘਰ ਨੂੰ ਛੱਡਕੇ ਅਮੀਰ ਦੇ ਘਰ ਵੱਲ ਨਾਂ ਜਾਵੇ।

ਭੋਜਨ ਪ੍ਰਤਿ ਲਗਾਵ ਤੋਂ ਰਹਿਤ ਮੁਨੀ, ਆਪਣੇ ਭੋਜਨ-ਪਾਣੀ ਮੰਗਨ ਦੀ ਹੱਦ ਦਾ ਜਾਨਦਾਰ, ਨਿਰਦੇਸ਼ ਭੋਜਨ ਦੀ ਤਲਾਸ਼ (ਏਸ਼ਨਾ) ਕਰਨ ਵਾਲਾ ਗਿਆਨੀ ਮੁਨੀ ਭੋਜਨ ਪਾਣੀ ਨਾ ਮਿਲਨ ਤੇ ਅਦੀਨ ਵਿਰਤੀ ਨਾਲ ਤਲਾਸ਼ ਕਰੇ। ਗ੍ਰਹਿਸਥ ਦੇ ਘਰ ਤੇ ਅਨੇਕਾਂ ਪ੍ਰਕਾਰ ਦੀ ਖਾਣ-ਪੀਣ ਯੋਗ ਸਮੱਗਰੀ ਰਹਿੰਦੀ ਹੈ, ਪਰ ਉਹ ਜੇ ਮੁਨੀ ਨੂੰ ਨਾਂ ਦਾਨ ਕਰੇ ਤਾਂ ਮੁਨੀ ਉਸ ਗ੍ਰਹਿਸਥ ਪ੍ਰਤਿ ਗੁਸਾ ਜ਼ਾਹਰ ਨਾ ਕਰੇ ਜੇ ਗ੍ਰਹਿਸਥ ਇੱਛਾ ਨਾਲ ਭੋਜਨ ਦੇਵੇ ਤਾਂ ਲਵੇ, ਨਹੀਂ ਤਾਂ ਨਾ ਲਵੇ । ਗ੍ਰਹਿਸਥ ਦੇ ਘਰ ਤੋਂ ਪ੍ਰਤੱਖ ਵਿਖਾਈ ਦੇ ਰਹੇ ਸ਼ਯਨ, ਆਸਨ, ਵਸਤਰ ਅਤੇ ਭੋਜਨ-ਪਾਣੀ ਨੂੰ ਜੇ ਗ੍ਰਹਿਸਥ ਨਾਂ ਦੇਵੇ ਤਾਂ ਉਸ ਗ੍ਰਹਿਸਥ ਤੇ ਗੁੱਸਾ ਨਾ ਕਰੇ। ॥੨੭-੩੦॥

ਇਸਤਰੀ, ਪੁਰਸ਼, ਨੌਜਵਾਨ, ਬੁੱਢੇ ਹੋਵੇ ਤਾਂ ਉਸ ਨਮਸਕਾਰ ਕਰਨ ਵਾਲੇ ਕੋਲ ਸਾਧੂ ਭੋਜਨ ਨਾਂ ਮੰਗੇ। ਮੰਗਨ ਨਾਲ ਉਸ ਦੇ ਸ਼ੁੱਭ ਭਾਵ (ਬੰਦਨਾ ਦੇ ਭਾਵ) ਖਤਮ ਹੋ ਜਾਂਦੇ ਹਨ। ਵਿਸ਼ੇਸ਼ ਕਾਰਣ ਤੇ ਯੋਗ ਆਦਮੀ ਤੋਂ ਯਾਚਨਾ ਕਰਨ ਤੇ ਵੀ ਪਦਾਰਥ ਨਾਂ ਦੇਨ ਤੇ ਕੋੜੇ ਬਚਨ ਨਾਂ ਬੋਲੇ। ਪਦਾਰਥ ਨਾ ਦੇਨ ਤੇ ਇਸ ਪ੍ਰਕਾਰ ਨਾਂ ਆਖੇ ਤੇਰਾ ਨਮਸਕਾਰ ਨੇਹਫਲ ਹੈ ਸ਼ਰੀਰ ਨੂੰ ਕਸ਼ਟ ਦੇਣ ਵਾਲਾ ਹੈ, ਤੈਨੂੰ ਇਸ ਨਮਸਕਾਰ ਦਾ ਕੋਈ ਲਾਭ ਨਹੀਂ। ॥੩੧॥

ਗ੍ਰਹਿਸਥ ਜਾਂ ਬੰਦਨਾ (ਨਮਸਕਾਰ) ਨਾਂ ਕਰੇ ਤਾਂ ਗੁੱਸਾ ਨਾ ਕਰੇ ਰਾਜਾ, ਸਿਪਾਹੀ ਆਦਿ ਬਦੇਨਾ ਕਰੇ ਤਾਂ ਅਹੰਕਾਰ ਨਾ ਕਰੇ। ਇਸ ਪ੍ਰਕਾਰ ਜਿੰਨੀ ਦੇਰ

ਪ੍ਰਮਾਤਮਾ ਦੀ ਆਗਿਆ ਦਾ ਪਾਲਨ ਸਾਧੂ ਦੋਸ਼ ਰਹਿਤ ਚਰਿੱਤਰ ਪਾਲ ਸਕਦਾ ਹੈ। ॥੩੨॥

ਸਵਾਦ ਇਛੁੱਕ ਸਾਧੂ: ਰਸ ਵਾਲਾ ਭੋਜਨ ਵਿੱਚ ਲੱਗਾ ਸਾਧੂ ਪਾਪ ਕਿਵੇਂ ਕਰਦਾ ਹੈ ਉਸ ਵਾਰੇ ਸ਼ਾਸਤਰ ਕਾਰ ਆਖਦਾ ਹੈ "ਕਦੇ ਕੋਈ ਸਾਧੂ ਰਸ ਵਾਲਾ ਭੋਜਨ ਲੈ ਕੇ ਲੋਭੀ ਬਨ ਕੇ, ਰਸ ਰਹਿਤ ਭੋਜਨ ਨੂੰ ਛਿਪਾ ਦੇਵੇ, ਕਿਉਂਕਿ ਜੇ ਰਸ ਵਾਲੇ ਭੋਜਨ ਵਾਰੇ ਆਖਾਂਗਾ ਤਾਂ ਗੁਰੂ ਖਾ ਜਾਵੇਗਾ" ਅਜਿਹੀ ਸੋਚ ਦਾ ਮਾਲਕ ਭੌਤਿਕ ਸੁਖ ਸਵਾਰਥ ਨੂੰ ਸੁਖ ਮਨਨ ਵਾਲਾ ਰਸ ਵਿੱਚ ਡੁੱਬ ਕੇ ਪਾਪਾਂ ਦਾ ਇਕੱਠ ਕਰਦਾ ਹੈ। ਇਸ ਜਨਮ ਵਿੱਚ ਉਹ ਜਿਵੇਂ - ਜਿਵੇਂ ਭੋਜਨ ਪਾਣੀ ਤੋਂ ਸੰਤੁਸ਼ਟ ਨਹੀਂ ਹੁੰਦਾ ਅਤੇ ਇਸੇ ਕਾਰਣ ਉਹ ਮੋਕਸ਼ ਨਿਰਵਾਨ ਨੂੰ ਪ੍ਰਾਪਤ ਨਹੀਂ ਕਰਦਾ। ਕਦੇ ਉਹ ਸਾਧੂ ਗੋਚਰੀ (ਭੋਜਨ) ਤੋਂ ਪ੍ਰਾਪਤ ਰਸ ਵਾਲੇ ਭੋਜਨ-ਪਾਣੀ ਨੂੰ ਰਸਤੇ ਵਿੱਚ ਖਾ ਕੇ ਰਸ ਰਹਿਤ ਭੋਜਨ ਨੂੰ ਆਪਣੇ ਠਿਕਾਣੇ ਤੇ ਲਿਆਉਂਦਾ ਹੈ ਤਾਂ ਕਿ ਹੋਰ ਸਾਧੂ ਉਸ ਨੂੰ ਆਤਮ ਅਰਥੀ, ਸੰਤੋਖੀ ਘਟ ਖਾਣ ਵਾਲਾ, ਰੁੱਖਾਂ ਸੁਕਾ ਖਾਣ ਵਾਲਾ ਅਤੇ ਸੰਤੁਸ਼ਟ ਹੋਣ ਵਾਲਾ ਮਨ ਕੇ ਚਲਨ"। ਅਜਿਹਾ ਸਾਧੂ ਪੂਜਾ ਯਸ਼, ਮਾਨ, ਸਨਮਾਨ, ਚਾਹੁਣ ਵਾਲਾ ਮਾਇਆ (ਧੋਖੇ) ਦੇ ਕਾਰਣ ਪਾਪ ਕਰਮ ਇਕੱਠ ਕਰਦਾ ਹੈ। ॥੩੩-੩੭॥

ਨਾਂ ਵਰਤਨਯੋਗ ਚੀਜਾਂ: ਸੰਜਮ ਰੂਪ ਜਸ ਦੀ ਰਾਖੀ ਕਰਨ ਵਾਲੇ ਨੂੰ ਕੇਵਲ ਗਿਆਨੀ ਨੇ ਇਨ੍ਹਾਂ ਵਸਤਾਂ ਤੇ ਰੋਕ ਲਾਈ ਹੈ । ਜੋ ਆਦਿ ਦੀ ਸ਼ਰਾਬ ਮਹੁਆ ਦੀ ਸ਼ਰਾਬ ਰੋਹ ਕਿਸੇ ਪ੍ਰਕਾਰ ਦਾ ਨਸ਼ਾ ਸਾਧੂ ਨਾਂ ਪੀਵੇ। ॥੩੮॥

ਜੋ ਕੋਈ ਸਾਧੂ ਭਗਵਾਨ ਦੀ ਆਗਿਆ ਦਾ ਚੋਰ ਹੋ ਕੇ ਮੈਂ ਇਸ ਪ੍ਰਕਾਰ ਨਹੀ ਜਾਣਦਾ ਹੈ ਅਜਿਹਾ ਸੋਚਦਾ ਹੈ ਮੰਨਦਾ ਹੈ ਇਕੱਲੇ ਥਾਂ ਤੇ ਸ਼ਰਾਬ ਦੀ ਵਰਤੋਂ ਕਰਦਾ ਹੈ। ਆਗਮਾ ਵਿੱਚ ਰੋਕੇ ਪਦਾਰਥਾਂ ਦੀ ਵਰਤੋਂ ਕਰਦਾ ਹੈ ਉਸ ਦੇ ਦੋਸ਼ ਤੇ ਉਸ ਰਾਹੀਂ ਕੀਤੀ ਮਾਇਆ ਧੋਖੇ ਦਾ ਕਿੱਸਾ ਮੈਂ ਸੁਨਾਉਂਦਾ ਹਾਂ ਉਸ ਨੂੰ ਮੇਰੇ ਤੇ ਸੁਣੋ। ॥੩੯॥

ਸ਼ਰਾਬੀ ਮੁਨੀ ਦੇ ਲਗਾਵ ਵਿੱਚ ਵਾਧਾ ਹੁੰਦਾ ਹੈ ਪੁੱਛਣ ਤੇ ਉਹ ਆਖਦਾ ਹੈ ਮੈਂ ਸ਼ਰਾਬ ਨਹੀਂ ਪੀਤੀ। ਇਸ ਪ੍ਰਕਾਰ ਉਹ ਝੂਠ ਬੋਲਦਾ ਹੈ ਜਿਸ ਕਾਰਣ ਉਸ ਨੂੰ ਮਾਇਆ (ਧੋਖੇ) ਦਾ ਪਾਪ ਲੱਗਦਾ ਹੈ । ਆਪਣੇ ਪੱਖ ਸ਼੍ਰਮਣ ਸੰਘ, ਪਰ ਪਖ ਗ੍ਰਹਿਸਥ ਆਦਿ ਵਿੱਚ ਬੇਇਜ਼ੱਤੀ ਫੈਲਾਉਂਦਾ ਹੈ। ਕਦੇ-ਕਦੇ ਸ਼ਰਾਬ ਨਾ ਮਿਲੀ ਮਿਲੇ ਤਾਂ ਪਿਆਸ (ਤਲਬ) ਲੱਗੀ ਰਹਿੰਦੀ ਹੈ। ਚਰਿੱਤਰ (ਸਾਧੂ ਜੀਵਨ) ਵਿੱਚ ਵਿਰਾਧਨਾ (ਹਿੰਸਾ) ਹੋਣ ਕਾਰਣ ਲੋਕਾਂ ਵਿੱਚ ਲਗਾਤਾਰ ਅਸਾਧੂ ਜੀਵਨ ਦਾ ਪ੍ਰਚਾਰ ਹੁੰਦਾ ਹੈ। ॥੪੦॥

ਜਿਵੇਂ ਚੋਰ ਚੋਰੀ ਕਰਨ ਲਈ ਤਿਆਰ ਰਹਿੰਦਾ ਹੈ ਉਸੇ ਤਰ੍ਹਾਂ ਪਾਪਕਾਰੀ ਚਿਤ, ਬੇਵਕੂਫ਼ ਸਾਧੂ ਮਰਨ ਤਕ ਸੰਬਰ (ਧਰਮ ਅਰਾਧਨਾ) ਨਹੀਂ ਕਰ ਸਕਦਾ। ॥੪੧॥

ਇਸ ਪ੍ਰਕਾਰ ਸ਼ਰਾਬੀ, ਦੁਰਾਚਾਰੀ ਮਾਣ ਅਚਾਰਿਆ ਬਾਲ, ਬੀਮਾਰ ਆਦਿ ਸਾਧੂ ਦੀ ਸੇਵਾ ਨਹੀਂ ਕਰ ਸਕਦਾ। ਅਜਿਹੇ ਗ੍ਰਹਿਸਥ ਲੋਕਾਂ ਦੀ ਨਿੰਦਾ ਦਾ ਕਾਰਣ ਬੰਦੇ ਹਨ ਕਿਉਂਕਿ ਗ੍ਰਹਿਸਥ ਵੀ ਅਜਿਹੇ ਲੋਕਾਂ ਦੀਆਂ ਭੈੜੀਆਂ ਕਰਤੂਤਾਂ ਜਾਣਦੇ ਹਨ। ॥੪੨॥

ਇਸ ਪ੍ਰਕਾਰ ਅਨੇਕਾਂ ਅਵਗੁਣਾਂ ਨੂੰ ਦੇਖ ਕੇ ਗੁਣਾਂ ਨੂੰ ਨਾ ਧਾਰਨ ਕਰਨ ਵਾਲਾ ਸਾਧੂ ਮੌਤ ਸਮੇਂ ਸੰਬਰ ਰੂਪੀ ਧਰਮ ਦੀ ਅਰਾਧਨਾ ਨਹੀਂ ਕਰ ਸਕਦਾ। ॥੪੩॥

ਇਸ ਤਰ੍ਹਾਂ ਅਵਗੁਣ ਨੂੰ ਵੇਖਣ ਵਾਲਾ, ਗੁਣਾਂ ਨੂੰ ਵਰਜਣ ਵਾਲਾ ਭੇੜੇ ਚਿਤ ਵਾਲੇ ਸਾਧੂ ਨੂੰ ਮਰਨ ਤਕ ਸ਼ਰਾਬ ਰਹਿਤ ਅਤੇ ਚਿਕਨੇ ਪਦਾਰਥਾਂ ਵਾਲੇ ਭੋਜਨ ਦਾ ਅਤੇ ਸ਼ਰਾਬ ਤਿਆਗ ਕੇ ਤਪੱਸਿਆ ਕਰਨੀ ਚਾਹੀਦੀ ਹੈ। ॥੪੪॥

ਉਪਰੋਕਤ ਗੁਣ ਵਾਲੇ ਸੰਪਤੀ ਦੇ ਗੁਣਵਾਣ ਸਾਧੂ ਦੇ ਸੰਜਮ ਨੂੰ ਤੁਸੀਂ ਵੇਖੋ ਜੋ ਅਨੇਕਾਂ ਸਾਧੂਆਂ ਰਾਹੀਂ ਗ੍ਰਹਿਣ ਕਰਨ ਯੋਗ, ਫੈਲਾਉਣ ਰੋਗ, ਮੋਕਸ਼ ਦਾ ਕਾਰਣ ਹੈ । ਇਸਦਾ ਵਰਨਣ ਮੇਰੇ ਤੋਂ ਸੁਣੋ। ॥੪੫॥

ਅਪ੍ਰਮਾਦ (ਸਾਵਧਾਨੀ) ਗੁਣਾਂ ਨੂੰ ਵੇਖਣ ਵਾਲਾ ਅਤੇ ਪ੍ਰਮਾਦ (ਅਸਾਵਧਾਨੀ) ਅਣਗੁਣਾਂ ਦਾ ਤਿਆਗੀ, ਅਜਿਹੇ ਸੁਖ ਆਚਾਰ ਨੂੰ ਪਾਲ ਕੇ ਸੰਬਰ ਦੀ ਅਰਾਧਨਾ ਮਰਨ ਤੱਕ ਕਰਦਾ ਹੈ। ॥੪੬॥

ਅਜਿਹੇ ਗੁਣਾਂ ਵਾਲੇ ਸਾਧੂ ਅਚਾਰਿਆ ਆਦਿ ਸੇਵਾ ਕਰਦਾ ਹੈ ਉਸ ਦੀ ਆਗਿਆ ਦਾ ਪਾਲਣ ਕਰਦਾ ਹੈ ਅਤੇ ਉਸ ਦੇ ਸ਼ੁੱਧ ਆਚਾਰ ਨੂੰ ਵੇਖ ਕੇ ਗ੍ਰਹਿਸਥ ਵੀ ਉਸ ਦੀ ਪੂਜਾ (ਸਨਮਾਨ) ਕਰਦੇ ਹਨ। ॥੪੭॥

ਤਪ, ਬਚਨ, ਰੂਪ, ਆਚਾਰ ਅਤੇ ਭਾਵ ਚੋਰ ਇਹ ਪੰਜ ਚੋਰ ਚਾਰਿਤ ਦਾ ਸ਼ੁੱਧ ਪਾਲਨ ਕਰਦੇ ਹੋਏ ਵੀ ਮਰੇ। ਕਿਲਵਿਸ਼ ਦੇਵਤੇ ਦੀ ਯੋਨੀ ਵਿਚ ਪੈਦਾ ਹੁੰਦੇ ਹਨ ਕਿਲਵਿਸ਼ ਦੇਵ ਦਾ ਜਨਮ ਪਾ ਕੇ ਵੀ ਅਵਧੀ ਗਿਆਨ ਨਾਂ ਪ੍ਰਾਪਤ ਹੋਣ ਤੇ ਸੋਚਦੇ ਹਨ ਸੋ ਅਜਿਹਾ ਕਿਹੜਾ ਅਸ਼ੁੱਭ ਕਰਮ ਕੀਤਾ ਹੈ ਕਿ ਮੈਂ ਕਿਲਵਿਸ਼ ਦੇਵਤਾ ਬਨਿਆ ਹਾਂ। ॥੪੮-੪੯॥

ਉਹ ਸਾਧੂ ਉੱਥੇ ਦੇਵਤੇ ਦਾ ਜਨਮ ਪੂਰਾ ਕਰਦੇ ਮਨੁੱਖ ਦੇ ਜਨਮ ਵਿੱਚ ਗੁੰਗਾ ਪਨ ਪ੍ਰਾਪਤ ਕਰਦੇ ਹਨ ਅਤੇ ਫੇਰ ਪ੍ਰੰਪਰਾ ਅਨੁਸਾਰ ਨਰਕ ਪਸ਼ੂ ਜੂਨਾ ਵਿੱਚ ਭਟਕਦੇ ਹਨ ਜਿੱਥੇ ਜੈਨ ਧਰਮ (ਸ਼ਮਿਅੱਕ ਦਰਸ਼ਨ) ਦੀ ਪ੍ਰਾਪਤੀ ਧਰਮ ਦੁਰਲੱਭ ਹੈ ॥੫੦॥

ਸਾਧੂ ਜੀਵਨ ਦਾ ਪਾਲਨ ਕਰਨ ਤੇ ਇਹ ਕਿ ਲਿਵਿਸ਼ ਦੇਵ ਹੋਣ ਦੇ ਦੋਸ਼ਾਂ ਨੂੰ ਵੇਖ ਕੇ ਗਿਆਤਾ (ਕੁਲ) ਪੁੱਤਰ ਭਗਵਾਨ ਮਹਾਂਵੀਰ ਨੇ ਫ਼ਰਮਾਇਆ ਹੈ ਹੇ ! ਬੁੱਧੀਸ਼ਾਲੀ ਮੇਧਾਵੀ ਸਾਧੂ ! ਤੂੰ ਕਪਟ ਦਾ ਤਿਆਗ ਕਰ। ॥੫੧॥

<u>ਸਾਰ:</u> ਸੂਤਰ ਕਾਰ ਪਿੰਡ ਏਸ਼ਨਾ ਅਧਿਐਨ ਦੀ ਸਮਾਪਤੀ ਤੇ ਆਖਦਾ ਹੈ” ਤੱਤਵ ਦੇ ਜਾਨਕਾਰ ਸੰਜਮੀ ਗੁਰੂ ਦੇ ਕੋਲ ਪਿੰਡ ਏਸ਼ਨਾ (ਭੋਜਨ ਪ੍ਰਾਪਤੀ) ਦੀ ਸ਼ੁਧੀ ਸਿਖਣੇ ਉਸ ਏਸ਼ਨਾ ਸਮਿਤਿ ਵਿੱਚ ਪੰਜ ਇੰਦਰੀਆਂ ਵਿੱਚੋਂ ਉਪਯੋਗੀ ਬਨਕੇ, ਦੁਰਾਚਰਨ ਪ੍ਰਤਿ ਸਾਵਧਾਨ ਹੋ ਕੇ ਪਹਿਲਾ ਆਖੇ ਸਾਧੂ ਗੁਣਾਂ ਨੂੰ ਧਾਰ ਕੇ ਘੁੰਮੇ।

ਅਜਿਹਾ ਮੈਂ ਆਖਦਾ ਹਾਂ। ॥੫੨॥

ਟਿਪਣੀ:

ਆਗਮ ਵਿੱਚ ਤਪ ਨੂੰ ਨਾ ਕਰਕੇ ਆਪਣੇ ਆਪ ਨੂੰ ਤਪਸਵੀ ਮੰਨਣ ਵਾਲਾ ਤੱਪ ਚੋਰ, ਆਗਮ ਦਾ ਗਿਆਨ ਨਾ ਹੋਣ ਤੇ ਆਪਣੇ ਆਪ ਨੂੰ ਸ਼ਾਸਤਰਾਂ ਦਾ ਵਿਦਵਾਨ ਮੰਨਣ ਵਾਲਾ, ਮਨਵਾਉਣ ਵਾਲੇ ਖੁਦ ਰਾਜ ਕੁਮਾਰ ਨਾ ਹੋ ਕੇ ਵੀ ਕਿਸੇ ਦੇ ਪੁੱਛਣ ਤੇ ਚੁੱਪ ਧਾਰਨ ਕਰਨ ਵਾਲਾ ਚੋਰ, ਚਰਿੱਤਰ ਹੀਣ ਹੋਣ ਤੇ ਖੁਦ ਨੂੰ ਚਰਿੱਤਰ ਵਾਨ ਮੰਨਣ ਵਾਲਾ, ਮਨਾਉਣ ਵਾਲਾ ਆਤਮ ਵਿੱਚ ਨਾਂ ਰਮਨ ਕਰਨ ਦੇ ਬਾਵਜੂਦ ਆਪਣੇ ਆਪ ਨੂੰ ਆਤਮਾ ਵਿੱਚ ਰਮਨ ਕਰਨ ਵਾਲਾ ਅਧਿਆਤਮਕ ਪੁਰਸ਼ ਮੰਨਣ ਤੇ ਮਨਾਉਣ ਵਾਲ ਭਾਵ ਚੋਰ । ਇਹ ਪੰਜ ਪ੍ਰਕਾਰ ਦੇ ਚੋਰ ਦੀ ਵਿਆਖਿਆ ਹੈ ਗਿਆਤਾਂ ਪੁੱਤਰ (ਭਗਵਾਨ ਮਹਾਂਵੀਰ) ਦਾ ਕਥਨ ਹੈ ।

# ਛੇਵਾਂ ਧਰਮ ਕਥਾ (ਮਹਾਚਾਰ) ਨਾਂ ਦਾ ਅਧਿਐਨ

ਸਮਿਅਕ ਗਿਆਨ, ਦਰਸ਼ਨ, ਸੰਜਮ ਤੇ ਤਪ ਵਿੱਚ ਲੱਗੇ, ਆਗਮਾ (ਸ਼ਾਸਤਰਾਂ) ਦਾ ਜਾਣਕਾਰ, ਬਾਗ ਆਦਿ ਵਿੱਚ ਪਧਾਰੇ ਅਚਾਰਿਆ ਭਗਵਾਨ ਆਦਿ ਤੋਂ ਰਾਜਾ, ਪ੍ਰਧਾਨ, ਬ੍ਰਾਹਮਣ ਜਾਂ ਖੱਤਰੀ ਹੱਥ ਜੋੜ ਕੇ, ਸੰਕਾ ਰਹਿਤ ਮਨ ਤੋਂ ਪ੍ਰਸ਼ਨ ਕਰਦੇ ਹਨ ਕਿ ਹੇ ਭਗਵਾਨ ! ਆਪਦਾ ਆਚਾਰ ਵਿਚਾਰ ਕਿਸ ਪ੍ਰਕਾਰ ਦਾ ਹੈ ? ਸਾਨੂੰ ਦੱਸੋ। ॥੧-੨॥

"ਭਰਮ ਰਹਿਤ ਇੰਦਰੀਆਂ ਅਤੇ ਮਨ ਨੂੰ ਕਾਬੂ ਰੱਖਣ ਵਾਲੇ, ਸਾਰੇ ਪ੍ਰਾਣੀਆਂ ਦਾ ਭੱਲਾ ਕਰਨ ਵਾਲੇ, ਧਰਮ ਸਿੱਖਿਆ ਦੇ ਮਾਲਿਕ, ਬੁੱਧੀ ਦੇ ਧਨੀ ਆਚਾਰਿਆ ਰਾਜਾ ਆਦਿ ਦੇ ਪ੍ਰਸ਼ਨਾਂ ਦਾ ਉੱਤਰ ਦਿੰਦੇ ਹਨ। ॥੩॥

"ਹੇ ਰਾਜਨ ! ਧਰਮ ਦੇ ਫਲ ਸਵਰੂਪ, ਮੋਕਸ਼ ਦੇ ਇਛੁੱਕ ਨਿਰਗ੍ਰੰਥਾਂ (ਜੈਨ ਸਾਧੂਆਂ) ਦੇ ਆਚਾਰ (ਕ੍ਰਿਆ ਕਾਂਡ) ਨੂੰ ਮੈਂ ਆਖਦਾ ਹਾਂ। ਇਸ ਦਾ ਵਰਨਣ ਮੇਰੇ ਪਾਸੋਂ ਸੁਣੋ। ॥੪॥

ਹੇ ਰਾਜਨ ! ਅਜਿਹਾ ਸ਼ੁੱਧ ਆਚਾਰ ਅਤਿ ਕਠਿਨ ਹੈ ਦੂਸਰੇ ਧਰਮ ਦਰਸ਼ਨਾ ਵਿੱਚ ਅਜਿਹੀ ਪ੍ਰਣਾਲੀ ਨਹੀਂ। ਸੰਜਮ ਧਰਮ ਦੇ ਪਾਲਨ ਕਰਨ ਵਾਲੇ ਮਹਾਪੁਰਸ਼ਾਂ ਨੂੰ ਜੈਨ ਧਰਮ ਤੋਂ ਇਲਾਵਾ ਅਜਿਹਾ ਆਚਾਰ ਵਿਖਾਈ ਨਹੀ ਦੇ ਸਕਦਾ ਹੈ। ॥੫॥

ਇਸ ਆਚਾਰ ਦਾ ਪਾਲਨ, ਬਾਲਕ ਬੁਢਾ ਸ਼੍ਰਮਣ, ਬੀਮਾਰ ਅਤੇ ਦੁੱਖ ਰਹਿਤ, ਗੁਣਾਂ ਨੂੰ ਅੱਗੇ ਦੱਸਿਆ ਜਾਵੇਗਾ। ਅਜਿਹੇ ਆਚਾਰ ਰੂਪ ਗੁਣਾਂ ਦਾ ਪਾਲਨ, ਅੰਸ਼ ਮਾਤਰ ਜਾਂ ਸਮੁੱਚੀ ਉਲੰਘਨਾ ਰਹਿਤ ਪਾਲਨ ਕਰਨਾ। ਅਜਿਹਾ ਆਚਾਰ ਮੈਂ ਆਖਦਾ ਹਾਂ। ਤੁਸੀਂ ਮੇਰੇ ਤੋਂ ਸੁਣੋ। ॥੬॥

ਸੰਜਮ ਦੇ ੧੮ ਸਥਾਨ ਹਨ ਜੋ ਅਗਿਆਕਾਰੀ ਆਤਮਾ ਇਨ੍ਹਾਂ ਸਥਾਨਾਂ ਦੀ ਵਿਰਾਧਨਾ (ਉਲੰਘਨਾ) ਕਰਦਾ ਹੈ, ਉਨ੍ਹਾਂ ਵਿੱਚ ਇੱਕ ਵੀ ਸਥਾਨ ਦੀ ਵਿਰਾਧਨਾ ਕਰਦਾ ਹੈ ਉਹ ਨਿਰਗ੍ਰੰਥ (ਸਾਧੂ) ਪਦ ਤੋਂ ਭ੍ਰਿਸ਼ਟ ਹੋ ਜਾਂਦਾ ਹੈ। ॥੭॥

ਛੇ ਮਹਾਂਵਰਤ, ਛੇ ਕਾਈਆਂ ਦੇ ਜੀਵਾਂ ਦੀ ਰੱਖਿਆ, ਗ੍ਰਹਿਸਥ ਦੇ ਵਰਤਨ ਇਸਤੇਮਾਲ ਕਰਨ ਦਾ ਤਿਆਗ, ੧੪ ਪਲੰਗ ਕੁਰਸੀ ਆਦਿ ਦਾ ਤਿਆਗ, ੧੫ ਸਾਧੂ ਜੀਵਨ ਤੋਂ ਉਲਟ ਆਸ਼ਨ, ਠਿਕਾਣੇ ਦਾ ਤਿਆਗ, ਨਾ ਲੈਣਯੋਗ ਪਦਾਰਥ ਦਾ ਤਿਆਗ, ੧੬ ਅੰਸ਼ ਮਾਤਰ ਜਾਂ ਸੰਪੂਰਨ ਇਸ਼ਨਾਨ ਦਾ ਤਿਆਗ, ੧੭ ਸ਼ਰੀਰ ਸ਼ਿੰਘਾਰ ਦਾ ਤਿਆਗ, ੧੮ ਇਹ ੧੮ ਸੰਜਮ ਦੇ ਸਥਾਨ ਹਨ। ॥੮॥

ਪਹਿਲੇ ਹਿੰਸਾ ਦਾ ਤਿਆਗ: ਨਿਰਗ੍ਰੰਥ ਗਿਆਤਾ ਪੁੱਤਰ ਭਗਵਾਨ ਮਹਾਵੀਰ ਨੇ ਪਹਿਲੇ ਅਹਿੰਸਾ ਮਹਾਵਰਤ ਦੇ ਪਾਲਨ ਵਾਰੇ ਆਖਿਆ ਹੈ ਇਹ ਅਹਿੰਸਾ ਧਰਮ ਦਾ ਪਾਲਨ, ਆਧਾ ਕਰਮੀ ਦੋਸ਼ਾਂ ਦਾ ਤਿਆਗ ਕਰਕੇ, ਸੁਖਮ ਢੰਗ ਨਾਲ ਧਰਮ ਦੇ ਸਾਧਨ ਰੂਪ ਨੂੰ ਭਗਵਾਨ ਨੇ ਖੁਦ ਵੇਖਿਆ ਹੈ ਇਸੇ ਕਾਰਣ ਸਭ ਜੀਵਾਂ ਪ੍ਰਤਿ ਸੰਜਮ ਰੂਪ ਦਿਆ ਰਖਨੀ ਚਾਹੀਦਾ ਹੈ। ॥੯॥

ਇਸ ਲੋਕ ਵਿੱਚ ਜਿੰਨੇ ਵੀ ਤਰੱਸ ਤੇ ਸਥਾਵਰ ਜੀਵ ਹਨ ਉਨ੍ਹਾਂ ਸਭ ਜੀਵਾਂ ਨੂੰ ਜਾਨਦੇ ਹੋਏ ਜਾਂ ਅਣਜਾਨ ਦੇ ਵਿੱਚ ਨਾ ਆਪ ਮਾਰੇ ਨਾਂ ਹੋਰ ਕਿਸੇ ਤੋਂ ਮਰਵਾਵੇ, ਨਾਂ ਮਾਰਨ ਵਾਲੇ ਦੀ ਹਿਮਾਇਤ ਕਰੇ"।

ਕਿਉਂਕਿ ਭਗਵਾਨ ਮਹਾਵੀਰ ਨੇ ਆਖਿਆ ਹੈ "ਸਾਰੇ ਜੀਵ ਜਿਉਣਾ ਚਾਹੁੰਦੇ ਹਨ, ਮਰਨਾ ਕੋਈ ਨਹੀਂ ਚਾਹੁੰਦਾ ਇਸ ਤਰ੍ਹਾਂ ਜਾਨ ਕੇ ਘੋਰ ਨਰਕ ਅਤੇ ਦੁੱਖ ਦਾ ਕਾਰਣ ਜੀਵ ਘਾਤ ਦਾ ਨਿਰਗ੍ਰੰਥ (ਸਾਧੂ) ਤਿਆਗ ਕਰਦਾ ਹੈ ਇਹ ਪਹਿਲਾ ਸਥਾਨ ਹੈ। ॥੧੦-੧੧॥

ਅਪਣੇ ਤੇ ਦੂਸਰੇ ਪ੍ਰਤਿ ਪੀੜਾਂ ਕਾਰਕ ਝੂਠੇ ਬਚਨ ਮੁਨੀ ਕਰੋਧ ਕਾਰਣ, ਡਰ ਕਾਰਣ ਆਪਣੇ ਲਈ ਤੇ ਦੂਸਰੇ ਪ੍ਰਤਿ ਨਾਂ ਬੋਲੇ। ਅਜਿਹਾ ਬੋਲਨ ਵਾਲੇ ਦੀ ਹਿਮਾਇਤ ਨਾਂ ਕਰੇ।

ਕਿਉਂਕਿ ਝੂਠ ਨੂੰ ਮਹਾਂਪੁਰਸ਼ਾਂ ਨੇ ਸੰਸਾਰ ਵਿੱਚ ਨਿੰਦਾ ਯੋਗ ਮੰਨਿਆ ਹੈ। ਪ੍ਰਾਣੀਆਂ ਪ੍ਰਤਿ ਝੂਠ ਬੋਲਨ ਵਾਲਾ ਵਿਸ਼ਵਾਸ਼ ਪਾਤਰ ਨਹੀਂ ਰਹਿੰਦਾ ਇਸ ਲਈ ਸੰਜਮੀ ਝੂਠ ਨਾਂ ਬੋਲੇ। ॥੧੨-੧੩॥

ਮਾਲਿਕ ਤੋਂ ਬਿਨਾ ਮੰਗੇ ਸਚਿਤ ਜਾਂ ਅਚਿੱਤ, ਘਟ ਜਾਂ ਜ਼ਿਆਦਾ ਕੁਝ ਵੀ ਹੋਵੇ ਇੱਥੇ ਤੱਕ ਦੰਦ ਸਾਫ਼ ਕਰਨ ਨਾਲ ਤਿਨਕਾ ਵੀ ਬਿਨਾਂ ਇਜਾਜ਼ਤ ਦੇ ਗ੍ਰਹਿਣ ਕਰੇ, ਨਾਂ ਕਰਨ ਕਰਾਵੇ ਨਾਂ ਅਜਿਹਾ ਕਰਨ ਵਾਲੇ ਦੀ ਹਿਮਾਇਤ ਕਰੇ। ॥੧੪-੧੫॥

ਜੋ ਮੁਨੀ ਸੰਜਮ ਨੂੰ ਨਸ਼ਟ ਕਰਨ ਵਾਲੇ ਕਾਰਨਾ ਦਾ ਤਿਆਗੀ ਹੈ ਉਹ ਸੰਸਾਰ ਵਿਚ ਰਹਿੰਦਾ ਹੋਇਆ ਵੀ ਕਮਜੋਰੀ ਅਤੇ ਅੰਗੇਹਲੀ ਦਾ ਮੂਲ ਕਾਰਨ ਅਤੇ ਅਬ੍ਰਹਮਚਰਜ ਦਾ ਕਦੇ ਸੇਵਨ ਨਹੀਂ ਕਰਦਾ। ਕਿਉਂਕਿ ਭਗਵਾਨ ਨੇ ਇਸ ਨੂੰ ਅਧਰਸ਼ ਦਾ ਮੂਲ ਅਤੇ ਮਹਾਂਦੋਸ਼ਾਂ ਦਾ ਢੇਰ" ਆਖਿਆ ਹੈ। ॥੧੬-੧੭॥

ਗਿਆਤਾ ਪੁਤਰ ਭਗਵਾਨ ਮਹਾਵੀਰ ਦੇ ਬਚਨ ਵਿਚ ਪਿਆਰ ਕਰਨ ਵਾਲਾ ਮੁਨੀ, ਗੋਮੁਤਰ ਵਿੱਚ ਪਕਾਇਆ ਪ੍ਰਾਸ਼ਕ (ਜੀਵ ਰਹਿਤ) ਨਮਕ, ਸਮੁੰਦਰੀ ਸਚਿਤ ਨਮਕ, ਤੇਲ, ਘੀ, ਨਰਮ ਗੁੜ, ਆਦਿ ਕਿਸੇ ਵੀ ਪ੍ਰਕਾਰ ਦੀ ਸਨਿਧੀ ਨੂੰ ਰਾਤ ਭਰ ਨਾਂ ਰੱਖੇ। ਕਿਉਂਕਿ ਭਗਵਾਨ ਮਹਾਵੀਰ ਨੇ ਆਖਿਆ ਹੈ।

"ਸੰਨਿਧੀ ਰੱਖਨ ਨਾਲ ਇਹ ਲੋਭ ਤੋਂ ਕਸ਼ਾਏ ਦਾ ਅਸਰ ਹੈ। ਥੋੜੀ ਮਾਤਰਾ ਵਿੱਚ ਵੀ ਸਨਿਧੀ ਰਖੱਨ ਵਾਲੇ ਨੂੰ ਗ੍ਰਹਿਸਥ ਮਨੰਣਾ ਚਾਹੀਦਾ ਹੈ। ਸਾਧੂ ਨਹੀਂ ਮੰਨਣਾ ਚਾਹੀਦਾ ਹੈ। ਅਜਿਹਾ ਕਰਨਾ ਦੁਰਗਤਿ ਦਾ ਕਾਰਣ ਹੈ ਅਜਿਹਾ ਕਰਨਾ ਤੀਰ (ਥੰਕਰ ) ਮਹਾਂਵੀਰ ਨੇ ਮਨਾ ਕੀਤਾ ਹੈ। ॥੧੮-੧੯॥

ਜੇ ਸਨਿਧੀ ਰੱਖਣ ਵਾਲੇ ਨੂੰ ਗ੍ਰਹਿਸਥ ਆਖਿਆ ਹੈ ਤਾਂ ਵਸਤਰ ਆਦਿ ਰੱਖਣ ਵਾਲੇ ਨੂੰ ਮੁਨੀ ਕਿਵੇਂ ਆਖਿਆ ਜਾ ਸਕਦਾ ਹੈ। ਇਸ ਉੱਤਰ ਦਿੰਦੇ ਸ਼ਾਸਤਰ ਕਾਰ ਆਖਦਾ ਹੈ। ਕਪੱੜੇ, ਭਾਂਡੇ, ਕੰਬਲ, ਪੈਰ ਪੂੰਜਨ ਦਾ ਰਜੋਹਰਨ ਆਦਿ ਜ਼ਰੂਰੀ ਸਮੱਗਰੀ ਜੋ ਸਾਧੂ ਰੱਖਦੇ ਹਨ ਉਹ ਵੀ ਸੰਜਮ ਦੀ ਰੱਖਿਵਾਲੀ ਲਈ ਹੈ। ਸ਼ਰਮ ਦਾ ਪਾਲਨ ਕਰਨ ਲਈ ਹੈ ਇਸ ਦੀ ਵਰਤੋਂ ਮੁਰਛਾ ਰਹਿਤ (ਲਗਾਵ ਭਾਵਨਾ ਤੋਂ ਰਹਿਤ, ਹੋ ਕੇ ਕੀਤੀ ਜਾਂਦੀ ਹੈ)

ਆਪ ਤੇ ਦੂਸਰੇ ਨੇ ਤਾਰਨਵਾਲੇ ਪ੍ਰਭੂ ਮਹਾਵੀਰ ਨੇ, ਜ਼ਰੂਰਤ ਅਨੁਸਾਰ ਮਮਤਾ ਰਹਿਤ ਹੋ ਕੇ, ਜ਼ਰੂਰੀ ਵਸਤਰ ਆਦਿ ਚੀਜ਼ਾਂ ਨੂੰ ਪਰਿਗ੍ਰਹਿ ਨਹੀਂ ਆਖਿਆ। ਇਸ ਲਈ ਵਸਤਰ ਪਾਤਰ ਰੱਖਨਾ ਪਰਿਗ੍ਰਹਿ ਨਹੀਂ। ਜੇ ਇਨ੍ਹਾਂ ਵਸਤਰ, ਪਾਤਰ ਰਖਨਾ ਪਰਿਗ੍ਰਹਿ ਨਹੀਂ। ਜੇ ਇਨ੍ਹਾਂ ਵਸਤਰ ਪਾਤਰ ਪ੍ਰਤਿ ਮੁਰਛਾ ਮਮਤਾ ਹੈ, ਲਗਾਵ ਹੈ ਇਸ ਨੂੰ ਪਰਿਗ੍ਰਹਿ ਆਖਿਆ ਹੈ, (ਭਾਵ ਕੋਈ ਵੀ ਵਸਤੂ ਜਿਸ ਪ੍ਰਤਿ ਜੀਵ ਦਾ ਲਗਾਵ ਹੈ ਤਾਂ ਉਹ ਪਰਿਗ੍ਰਹਿ ਹੈ ਲਗਾਵ ਨਾਂ ਹੋਣਾ ਅਪਰਿਗ੍ਰਹਿ ਹੈ। ॥੨੦-੨੧॥

ਚਰਿੱਤਰ ਦਾ ਜਿੱਥੇ ਨਾਸ਼ ਹੋਵੇ ਅਜਿਹੇ ਥਾਂ ਦਾ ਤਿਆਗੀ, ਚਾਰਿਤ ਰਾਚਾਰ ਦਾ ਪਾਲਕ, ਪਾਸ ਤੋਂ ਡਰਨ ਵਾਲੇ ਗੁੱਸੇ ਨੂੰ ਸਮਾਪਤ ਕਰਨ ਵਾਲਾ, ਸਭ ਪ੍ਰਕਾਰ ਦੇ ਪਰ ਜੋ ਤਤਵ ਦੇ ਜਾਣਕਾਰ ਹਨ ਮੁਨੀ ਹਨ ਉਹ ਛੇ ਜਵਿ ਕਾਈਆਂ ਦੀ ਰੱਖਿਆ ਲਈ ਹਨ, ਸ਼ਰੀਰ ਪ੍ਰਤਿ ਵੀ ਕਿਸੇ ਪ੍ਰਕਾਰ ਦੀ ਮਮਤਾ ਨਹੀਂ ਰਖਦੇ। ॥੨੨॥

ਸੰਜਮ ਪਾਲਨ ਵਿੱਚ ਰੁਕਾਵਟ ਨਾ ਆਵੇ ਉਸ ਤਰ੍ਹਾਂ ਨਾਲ ਸ਼ਰੀਰ ਦੀ ਹਰ ਰੋਜ਼ ਸਾਰ ਸੰਭਾਲ ਤੀਰਥ ਕਰਾਂ ਨੇ ਆਖੀ ਹੈ ਅਤੇ ਇਕ ਵਾਰ ਭੋਜਨ (ਗੋਚਰੀ) ਕਰਨ ਦਾ ਉਪਦੇਸ਼ ਦਿੱਤਾ ਹੈ। ॥੨੩॥

ਪ੍ਰਤੱਖ ਵਿਖਾਈ ਦੇਣ ਵਾਲੇ ਦੋ ਦਿੰਦਰੀ ਵਾਲੇ ਤਰੱਸ ਪ੍ਰਿਥਵੀ ਆਦਿ ਜੋ ਸਥਾਵਰ ਪ੍ਰਾਣੀ ਹਨ ਜੋ ਰਾਤ ਨੂੰ ਅੱਖਾਂ ਨਾਲ ਵਿਖਾਈ ਨਹੀਂ ਦਿੰਦੇ। ਅਜਿਹੀ

ਹਾਲਤ ਵਿੱਚ ਰਾਤ ਨੂੰ ਨਿਰਦੋਸ਼ ਭੋਜਨ ਕਿਵੇਂ ਪ੍ਰਾਪਤ ਹੋਵੇਗਾ ? ਰਾਤ ਨੂੰ ਭੋਜਨ ਪਾਣੀ ਜਾਨ ਵਿੱਚ ਜੀਵਾਂ ਦਾ ਅਤੇ ਘਾਤੇ ਹੁੰਦਾ ਹੈ। ॥੨੪॥

ਰਾਤ ਨੂੰ ਭੋਜਨ ਜਾਂਦੇ ਸਮੇਂ ਭੋਜਨ ਸਚਿਤ ਪਾਣੀ ਨਾਲ ਭਿੱਜਿਆ ਹੋਵੇ ਜਾਂ ਬੀਜ ਆਦਿ ਮਿਲੇ ਹੋਵੇ, ਰਾਹ ਵਿਚ ਜੀਵ ਹੋਣ ਤਾਂ ਦਿਨ ਵਿੱਚ ਉਸ ਦਾ ਤਿਆਗ ਕੀਤਾ ਜਾ ਸਕਦਾ ਹੈ ਪਰ ਰਾਤ ਨੂੰ ਇਸ ਤਰ੍ਹਾਂ ਦਾ ਤਿਆਗ ਕਿਵੇਂ ਚਲ ਸਕਦਾ ਹੈ। ॥੨੫॥

ਇਸ ਪ੍ਰਕਾਰ ਅਨੇਕਾਂ ਦੋਸ਼ਾਂ ਨੂੰ ਵੇਖ ਕੇ ਭਗਵਾਨ ਮਹਾਵੀਰ ਨੇ ਆਖਿਆ ਸ਼੍ਰਮਣਾ ਨੂੰ ਚਾਰੇ ਪ੍ਰਕਾਰ ਦੇ ਭੋਜਨ ਦਾ ਤਿਆਗ ਰਾਤ ਨੂੰ ਸਦਾ ਲਈ ਕਰਨਾ ਚਾਹੀਦਾ ਹੈ। ॥੨੬॥

(ਰਾਤ ਨੂੰ ਭੋਜਨ ਕਰਨ ਤੇ ਜੀਵਾਂ ਦੀ ਹਿੰਸਾ ਹੁੰਦੀ ਹੈ)

ਸਮਾਧੀ ਵਾਲੇ ਸਾਧੂ ਪ੍ਰਿਥਵੀ ਕਾਈਆਂ ਦੇ ਜੀਵਾਂ ਦੀ ਮਨ-ਬਚਨ-ਕਾਇਆ ਤੇ ਹਿੰਸਾ ਨਹੀਂ ਕਰਦੇ ਕਰਵਾਉਂਦੇ ਨਹੀਂ ਨਾ ਕਰਨ ਵਾਲੇ ਨੂੰ ਚੰਗਾ ਸਮਝਦੇ ਹਨ। ਪ੍ਰਿਥਵੀ ਕਾਈਆਂ ਦੀ ਹਿੰਸਾ ਕਰਦੇ ਸਮੇਂ ਉਨ੍ਹਾਂ ਕੋਲ ਰਹੇ ਤਰੱਸ ਤੇ ਹੋਰ ਭਿੰਨ-ਭਿੰਨ ਪ੍ਰਕਾਰ ਦੇ ਦਿੱਖ ਤੇ ਅਦਿੱਖ ਜੀਵਾਂ ਦੀ ਹਿੰਸਾ ਹੋ ਜਾਂਦੀ ਹੈ ਇਸ ਲਈ ਸਾਧੂ ਇਸ ਦੋਸ਼ ਨੂੰ ਦੁਰਗਤਿ ਦਾ ਕਾਰਣ ਸਮਝ ਕੇ, ਪ੍ਰਿਥਵੀ ਕਾਈਆਂ ਦਾ ਸਾਰੇ ਜੀਵਾਂ ਦੀ ਹਿੰਸਾ ਤਿਆਗ ਕਰੇ। ॥੨੭-੨੯॥

ਸਮਾਧੀ ਭਾਵ ਵਿਚ ਰਮਨ ਕਰਨ ਵਾਲਾ ਸਾਲ, ਅਪ (ਪਾਣੀ, ਕਾਈਆਂ ਦੇ ਜੀਵਾਂ ਦੀ ਹਿੰਸਾ ਦਾ ਤਿਆਗ ਤਿਨ ਕਰਨ ਤਿਨ ਯੋਗ ਤੋਂ ਕਰਦਾ ਹੈ। ॥੩੦॥

ਪਾਣੀ ਦੇ ਜੀਵਾਂ ਦੀ ਹਿੰਸਾ ਕਰਨਾ ਮਨੁੱਖ, ਉਸ ਦੇ ਅੱਗੇ ਅਨੇਕਾਂ ਪ੍ਰਕਾਰ ਦੇ ਤਰੱਸ ਅਤੇ ਸਥਾਵਰ ਦਿਖਾਈ ਦੇਣ ਵਾਲੇ ਆਸਰੇ (ਨਾ ਦਿਖਾਈ ਦੇਣ ਵਾਲੇ) ਵਾਲੇ ਜੀਵਾਂ ਦੀ ਹਿੰਸਾ ਕਰਦਾ ਹੈ। ॥੩੧॥

ਪਾਪ ਰੂਪੀ ਤੀਖੀ ਅਤੇ ਚਾਰੇ ਪਾਸੇ ਧਾਰ ਲੱਗੇ ਹਥਿਆਰ ਵਰਗੀ ਹੋਣ ਕਾਰਣ, ਸਭ ਪ੍ਰਕਾਰ ਦੇ ਦੁੱਖ ਦਾ ਆਸਰਾ ਦੇਣ ਵਾਲੀ, ਅਨੇਕਾਂ ਜੀਵਾਂ ਦਾ ਖਾਤਮਾ ਕਰਨ ਵਿੱਚ ਹਥਿਆਰ ਅਜਿਹੀ ਪਾਪਕਾਰੀ ਅੱਗੇ ਦਾ ਆਰੰਭ (ਭਾਵ ਅੱਗ ਨਾ ਬਾਲਨ) ਕਰਨ ਦੀ ਇੱਛਾ ਨਾ ਕਰੇ। ॥੩੨॥

ਪੂਰਵ, ਪੱਛਮ, ਉਰਧਵ, ਅਧੋ, ਉਪਦਿਸ਼ਾਵਾਂ, ਉੱਤਰ ਆਦਿ ਸਭ ਦਿਸ਼ਾਵਾਂ ਵਿੱਚ ਅੱਗ ਜਲਨ ਦਾ ਪਦਾਰਥ ਹੈ ਭਾਵ, ਅੱਗ ਸਭ ਪਦਾਰਥ ਜਾਲ ਦਿੰਦੀ ਹੈ। ॥੩੩॥

ਇਹ ਅੱਗ ਸਭ ਪ੍ਰਾਣੀਆਂ ਦਾ ਘਾਤ ਕਰਨ ਵਾਲੀ ਹੈ ਇਸ ਵਿੱਚ ਕੋਈ ਸ਼ਕ ਨਹੀਂ। ਇਸ ਕਾਰਣ ਸਾਧੂ ਦੀਵਾ ਨਾ ਜਲਾਵੇ ਜਾਂ ਤਾਪ ਦੇ ਲਈ ਥੋੜਾ ਜਿਹਾ ਵੀ ਆਰੰਭ (ਸੁਖਮ ਹਿੰਸਾ) ਨਾ ਕਰੇ। ॥੩੪॥

ਦੁਰਗਤਿ ਵਿੱਚ ਵਾਧਾ ਕਰਨ ਵਾਲੀ ਅੱਗ ਵਿੱਚ ਉਤਪੰਨ ਦੋਸ਼ਾਂ ਨੂੰ ਜਾਨ ਕੇ ਸਾਧੂ ਸਾਰੇ ਜੀਵਨ ਲਈ ਅਗਨੀ ਕਾਈਆਂ ਦੇ ਜੀਵਾਂ ਦੀ ਹਿੰਸਾ ਦਾ ਤਿਆਗ ਕਰੇ। ॥੩੫-੩੬॥

ਤੀਰਥੰਕਰ ਭਗਵਾਨ ਨੇ ਵਾਯੂ ਕਾਈਆ (ਹਵਾ) ਦੇ ਆਰੰਭ ਨੂੰ ਅੱਗ ਦੇ ਆਰੰਭ ਵਰਗਾ ਮੰਨਦੇ ਹਨ ਇਸ ਲਈ ਵਚਨ ਲਈ ਵਾਯੂ ਕਾਈਆਂ ਦਾ ਸਮਾਂ ਅਰੰਭ ਨਾ ਕਰੇ। ॥੩੭॥

ਤਾੜ ਦੇ ਪੱਖੇ ਤੋਂ, ਪੱਤੇ ਤੋਂ, ਸਾਖਾ ਨੂੰ ਹਿਲਾ ਕੇ ਮੁਨੀ ਕਿਸੇ ਵੀ ਤਰ੍ਹਾਂ ਨਾਂ ਹਵਾ ਕਰੇ। ਦੂਸਰੇ ਨੂੰ ਹਵਾ ਕਰਨ ਲਈ ਆਖੇ ਹਨ ਅਤੇ ਨਾ ਅਜਿਹਾ ਕਰਨ ਵਾਲੇ ਦੀ ਹਿਮਾਇਤ ਕਰੇ। ॥੩੮॥

ਸਾਧੂ ਦਾ ਕਰਤੱਵ ਹੈ ਕਿ ਵਾਯੂ ਕਾਈਆਂ ਦੇ ਸੰਜਮ ਸਾਧੂ ਕੋਲ ਵਸਤਰ, ਪਾਤਰ, ਕੰਬਲ, ਅਤੇ ਰਜੋਹਰਨ ਆਦਿ ਨਾਲ ਵੀ ਵਾਯੂ ਕਾਇਆ ਦੇ ਜੀਵਾਂ ਦੀ ਹਿੰਸਾ ਨਾ ਕਰੇ। ॥੩੯॥

ਦੁਰਗਤਿ ਦਾ ਕਾਰਨ ਦੋਸ਼ਾਂ ਨੂੰ ਜਾਨ ਕੇ ਮੁਨੀ ਵਾਯੂ ਕਾਈਆਂ ਦੇ ਜੀਵਾਂ ਦੇ ਹਿੰਸਾ ਦਾ ਸਾਰੀ ਜਿੰਦਗੀ ਲਈ ਤਿਆਗ ਕਰਦੇ ਹਨ। ॥੪੦॥

ਸਮਝਦਾਰ ਸ੍ਰਮਣ ਮਨ, ਬਚਨ, ਕਾਇਆ ਰੂਪ ਤਿੰਨ ਪ੍ਰਕਾਰ ਦੇ (ਯੋਗ ਕਰਨਾ, ਕਰਾਉਣਾ ਅਨੁਮੋਦਨਾਂ ਰੂਪ, ਬਨਸਪਤੀ ਕਾਇਆ ਦੀ ਹਿੰਸਾ ਤਿਆਗ ਕਰਦੇ ਹਨ) ਬਨਸਪਤੀ ਕਾਇਆ ਦਾ ਵਿਰਾਧਨ ਤਰੱਸ ਤੇ ਦੂਸਰੇ ਪ੍ਰਾਣੀਆਂ ਦੀ ਹਿੰਸਾ ਕਰਦੀ ਹੈ, ਇਸ ਆਸਰੇ ਰਹੇ ਹੋਰ ਤਰੱਸ ਅਤੇ ਸਥਾਵਰ ਜੀਵਾਂ ਦੀ ਹਿੰਸਾ ਕਰਦਾ ਹੈ, ਇਸ ਲਈ ਦੁਰਗਤਿ ਨਾਸ਼ਕ ਦੋਸ਼ਾਂ ਨੂੰ ਜਾਨਕੇ ਜੀਵਨ ਭਰ ਲਈ ਬਨਸਪਤੀ ਕਾਇਆ ਦੇ ਜੀਵਾਂ ਦੀ ਵਿਰਾਧਨਾ ਨਾ ਕਰੇ। ॥੪੧-੪੩॥

ਜਿਸ ਦੇ ਕਸ਼ਾਏ (ਕਰੋਧ, ਮਰਨ, ਮਾਇਆ ਤੇ ਲੋਭ) ਸ਼ਾਂਤ ਹਨ ਅਜਿਹੇ ਸਮਝਦਾਰ ਸਾਧੂ ਮਨ, ਬਚਨ, ਕਾਇਆ ਰੂਪ ਤਿੰਨ ਯੋਗ ਨਹੀਂ ਤਿੰਨ ਕਰਨ ਰਾਹੀਂ ਤਰਸ ਕਾਇਆ ਦੇ ਜੀਵਾਂ ਦੀ ਹਿੰਸਾ ਕਰਦਾ ਹੋਇਆ ਉਨ੍ਹਾਂ ਤੇ ਆਸਰੇ ਰਹੇ ਤਰੱਸ-ਸਵਿਕਾਰ ਸੁਖਮ-ਵਾਦਰ ਆਦਿ ਹੋਰ ਜੀਵਾਂ ਦੀ ਹਿੰਸਾ ਕਰਦਾ ਹੈ।

ਦੁਰਗਤਿ ਵਿੱਚ ਵਾਧਾ ਕਰਨ ਵਾਲੀ ਤਰੱਸ ਕਾਇਆ ਦੀ ਹਿੰਸਾ ਤਰੱਸ ਕਾਇਆ ਦੇ ਜੀਵਾਂ ਦਾ ਤਿਆਗ ਨਾ ਗ੍ਰਹਿਨ ਕਰਨਯੋਗ। ॥੪੪ ਤੋਂ ੪੬॥

ਰਿਸ਼ੀ, ਮੁਨੀ ਜੋ ਭੋਜਨ ਆਦਿ ਚਾਰ ਪ੍ਰਕਾਰ ਦਾ ਅਕਲਪ ਕ੍ਰਿਆ ਹੈ ਉਸਦਾ ਤਿਆਗ ਕਰਦੇ ਹੋਏ ਸੰਜਮ ਦਾ ਪਾਲਨ ਕਰੇ। ॥੪੭॥

ਪਿੰਡ (ਰੋਟੀ ਦਾ ਟੁੱਕੜ) ਆਸਨ, ਕਪੱੜੇ ਪਾਤਰ ਇਨ੍ਹਾਂ ਚਾਰ ਪ੍ਰਕਾਰ ਦੇ ਲੈਣਯੋਗ ਹੋਵੇ, ਉਸ ਨੂੰ ਗ੍ਰਹਿਣ ਕਰਕੇ ਨਾਂ ਗ੍ਰਹਿਣ ਕਰਨ ਯੋਗ ਦਾ ਤਿਆਗ ਕਰੇ। ॥੪੮॥

ਜੋ ਸ੍ਰਮਣ ਬੁਲਾਵੇ ਤੇ ਭੋਜਨ, ਸਾਧੂ ਲਈ ਬਨਾਇਆ ਭੋਜਨ, ਉਦੇਸ਼ਿਕ, ਘਰ ਜਾਂ ਪਿੰਡ ਦੇ ਸਾਹਮਣੇ ਲਿਆਇਆ ਭੋਜਨ ਗ੍ਰਹਿਣ ਕਰੇ ਜਾਂ ਬਨਾਉਣ ਲੈ ਆਉਣਾ

ਵਾਲੇ ਦੀ ਵਿਰਾਧਨਾ ਕਰਦਾ ਹੈ ਜਾਂ ਉਸ ਦੀ ਹਿਮਾਇਤ ਕਰਦਾ ਹੈ ਉਹ ਛੇ ਜੀਵ ਨਿਕਾਏ ਦੀ ਹਿੰਸਾ ਕਰਦਾ ਹੈ ਅਜਿਹਾ ਭਗਵਾਨ ਮਹਾਵੀਰ ਨੇ ਕਿਹਾ ਹੈ। ॥੪੯॥

ਇਸ ਕਾਰਣ ਅਸ਼ਨ ਆਦਿ ਚਾਰ ਪ੍ਰਕਾਰ ਦੇ ਭੋਜਨ ਦਾ ਨਿਤ ਉਦੇਸ਼ਿਕ ਅਤੇ ਅਨੁਮੋਦਿਤ ਦਾ ਤਿਆਗ ਸੰਜਮੀ ਮੁਨੀ ਕਰਦਾ ਹੈ। ॥੫੦॥

ਕਾਂਸੀ ਦੇ ਪਿਆਲੇ ਅਤੇ ਥਾਲੀ, ਕਾਂਸੀ ਦੀ ਕੁੰਡੀ ਆਦਿ ਗ੍ਰਹਿਸਥ ਦੇ ਵਰਤਨ ਵਿੱਚ ਅਸ਼ਨ ਪਾਣੀ ਆਦਿ ਲੈ ਕੇ ਭੋਜਨ ਕਰਦਾ ਹੈ ਉਹ ਸਾਧੂ ਦੇ ਆਚਾਰ ਤੋਂ ਭਰਿਸ਼ਟ ਹੁੰਦਾ ਹੈ। ਕਾਰਨ ਇਹ ਹੈ ਸਾਧੂ ਦੇ ਲਈ ਬਨਿਆ ਸਚਿਤ ਪਾਣੀ ਨਾਲ ਭਾਂਡੇ ਧੋਣ ਦਾ ਅਰੰਭ ਅਤੇ ਲੈਣ ਤੋਂ ਬਾਅਦ ਭਾਂਡਾ ਧੋ ਕੇ ਪਾਣੀ ਸੁੱਟ ਦੇਣ ਨਾਲ ਅਨੇਕਾਂ ਪ੍ਰਕਾਰ ਦੇ ਜੀਵਾਂ ਦਾ ਘਾਤ ਹੁੰਦਾ ਹੈ ਗਿਆਨੀਆਂ ਇਸ ਵਿੱਚ ਅਸੰਜਮ ਵੇਖਿਆ ਹੈ।

ਗ੍ਰਹਿਸਥ ਦੇ ਭਾਂਡੇ ਵਿੱਚ ਭੋਜਨ ਕਰਨ ਤੇ ਪਹਿਲਾ ਤੇ ਬਾਅਦ ਪਸਚਾਤਾਪ ਵਿੱਚ ਕਰਮ ਦੀ ਸੰਭਾਵਨਾ ਰਹਿੰਦੀ ਹੈ ਅਜਿਹੇ ਦੋਸ਼ ਦੇ ਕਾਰਣ ਨਿਰਗ੍ਰੰਥ ਰਿਸ਼ੀ, ਮੁਨੀ ਗ੍ਰਹਿਸਥ ਦੇ ਪਾਤਰ ਵਿੱਚ ਭੋਜਨ ਨਹੀਂ ਕਰਦੇ। ॥੫੧-੫੩॥

ਮੇਜ, ਪਲੰਗ, ਆਰਾਮ ਕੁਰਸੀ ਆਸਨ ਤੇ ਬੈਠਣਾ ਤੇ ਸੌਣਾ ਸਾਧੂ ਦੇ ਲਈ ਵਰਜਿਤ ਹੈ ਕਿਉਂਕਿ ਇਨ੍ਹਾਂ ਦੇ ਛੇਦਾਂ ਵਿੱਚ ਰਹੇ ਜੀਵਾਂ ਦੀ ਹਿੰਸਾ ਹੋ ਸਕਦੀ ਹੈ। ਉਸ ਮੁਨੀ ਨੂੰ ਅਨਾਆਚਰਿਤ ਹਿੰਸਾ ਦਾ ਦੋਸ਼ ਲਗਦਾ ਹੈ। ॥੫੪॥

ਜਿਨ (ਤੀਰਥੰਕਰ) ਦੀ ਆਗਿਆ ਦਾ ਪਾਲਨ, ਮੁਨੀ, ਅਚਾਰਿਆ, ਆਦਿ ਨੂੰ ਰਾਜ ਦਰਵਾਰ ਸਥਾਨ ਤੇ ਜਾਨਾ ਪਏ, ਬੈਠਣਾ ਪਵੇ ਤਾਂ ਅਪਵਾਦ (ਮਜਬੂਰੀ) ਮਾਰਗ ਵਿੱਚ ਇਨ੍ਹਾਂ ਆਸਨ ਪਲੰਗ, ਕੁਰਸੀ ਨੂੰ ਰਜੋਹਰਨ ਨਾਲ ਕਰਕੇ ਬੈਠੇ ਬਿਨਾਂ ਪ੍ਰਤਿ ਲੇਖਨਾ (ਸਫ਼ਾਈ) ਦੇ ਨਾ ਬੈਠੇ। ॥੫੫॥

ਮੰਜਾ, ਪਲੰਗ, ਮੰਚ, ਅਰਾਮ ਕੁਰਸੀ, ਆਦਿ ਗਹਿਰੇ ਛੇਦ ਵਾਲੇ, ਅਪ੍ਰਕਾਸ਼ ਹੋਣ ਕਾਰਨ ਪ੍ਰਤੀਲੇਖਨਾ ਮੁਸ਼ਕਲ ਹੈ। ਉਨ੍ਹਾਂ ਵਿੱਚ ਰਹੇ ਸੁਖਮ ਜੀਵ ਨਜ਼ਰ ਨਹੀਂ

ਆਉਂਦੇ ਇਨ੍ਹਾਂ ਜੀਵਾਂ ਦੀ ਵਿਰਾਧਨਾ ਹੁੰਦੀ ਹੈ ਇਸ ਲਈ ਅਜਿਹੇ ਆਸਨ ਦਾ ਤਿਆਗ ਕਰ ਦੇਵੇ। ॥੫੬॥

ਭੋਜਨ ਪਾਣੀ ਨੂੰ ਹਿੰਸਾ ਸਾਹਮਣੇ ਜੇ ਗ੍ਰਹਿਸਥੀ ਦੇ ਘਰ ਬੈਠਦਾ ਹੈ ਤਾਂ ਅੱਗੇ ਆਖੇ ਸਿੱਖਿਆ ਪੈਦਾ ਕਰਨ ਵਾਲੇ ਅਨਾਚਾਰ ਦੀ ਪ੍ਰਾਪਤੀ ਹੁੰਦੀ ਹੈ। ॥੫੭॥

ਬ੍ਰਹਮਚਰਜ ਦਾ ਨਾਸ਼, ਵਾਕਫ਼ੀ ਕਾਰਣ ਆਧਾਕਰਮੀ ਦੋਸ਼ ਕਾਰਣ ਹਿੰਸਾ, ਹੋਰ ਦੂਸਰੇ ਧਰਮਾਂ ਦੇ ਭਿਕਸ਼ੂਆਂ ਦੇ ਭੋਜਨ ਵਿੱਚ ਰੁਕਾਵਟ, ਗ੍ਰਹਿਸਥੀ ਦੇ ਕਰੋਧ ਦੀ ਸੰਭਾਵਨਾ, ਬ੍ਰਹਮਚਰਜ ਵਰਤ ਭੰਗ ਹੋਣ ਦੀ ਸੰਭਾਵਨਾ, ਗ੍ਰਹਿਸਥੀ ਨੂੰ ਆਪਣੀ ਪਤਨੀ ਤੇ ਸ਼ਕ ਪੈਦਾ ਹੋਣਾ । ਇਨ੍ਹਾਂ ਕਾਰਣਾਂ ਦੇ ਮੂਲ ਕੁਸ਼ੀਲ ਵਿੱਚ ਵਾਧਾ ਕਰਨ ਵਾਲੇ ਸਥਾਨਾਂ ਦਾ ਮੁਨੀ ਦੂਰ ਤੋਂ ਹੀ ਤਿਆਗ ਕਰ ਦੇਵੇ। ॥੫੮-੫੯॥

"ਅਪਵਾਦ, ਵਿਸ਼ੇਸ਼ ਕਾਰਣ ਹੋਣ ਤੇ ਸਾਧੂ ਤਿੰਨ ਤਰ੍ਹਾਂ ਨਾਲ ਗ੍ਰਹਿਸਥ ਦੇ ਘਰ ਬੈਠਣਾ ਸਕਦਾ ਹੈ"

(੧) ਬੀਮਾਰੀ ਦਾ ਘਰ ਬੁਢਾਪਾ (੨) ਬੀਮਾਰੀ (੩) ਤਪਸਵੀ ਇਹ ਤਿੰਨੋ ਜੇ ਭੋਜਨ ਲਈ ਗਏ ਹੋਣ ਉਪਰਲੇ ਕਾਰਣਾਂ ਕਰਕੇ ਥੱਕ ਜਾਨ ਕਾਰਣ ਗ੍ਰਹਿਸਥ ਦੇ ਘਰ ਇਜਾਜ਼ਤ ਲੈ ਕੇ ਬੈਠ ਕੇ ਆਰਾਮ ਕਰ ਸਕਦੇ ਹਨ। ॥੬੦॥

ਜੋ ਸਾਧੂ ਬੀਮਾਰੀ ਕਾਰਣ ਰੋਗੀ ਹੋਵੇ ਜਾਂ ਠੀਕ ਹੋਵੇ ਜੇ ਉਹ ਇਸ਼ਨਾਨ ਕਰਨ ਦੀ ਇੱਛਾ ਕਰਦਾ ਹੈ ਤਾਂ ਸਾਧੂ ਦੇ ਆਚਾਰ ਦਾ ਉਲੰਘਨ ਕਰਦਾ ਹੈ ਸੰਜਮ ਤੋਂ ਭਰਿਸ਼ਟ ਹੁੰਦਾ ਹੈ। ਇਸ਼ਨਾਨ ਸਮੇਂ ਪੋਲੀ ਜ਼ਮੀਨ ਤੇ ਦਰਾਰਾਂ ਵਾਲੀਆਂ ਕੰਧਾਂ ਵਿੱਚ ਜੀਵ ਰਹਿੰਦੇ ਹਨ। ਅਚਿੱਤ ਪਾਣੀ ਨਾਲ ਇਸ਼ਨਾਨ ਕਰਨ ਤੇ ਜੀਵ ਪ੍ਰਗਟ ਹੁੰਦੇ ਹਨ। ਉਨ੍ਹਾਂ ਜੀਵਾਂ ਨੂੰ ਕਸ਼ਟ ਹੁੰਦਾ ਹੈ। ਇਸ ਕਾਰਣ ਠੰਡੇ ਜਾਂ ਗਰਮ ਪਾਣੀ ਨਾਲ ਮੁਨੀ ਇਸ਼ਨਾਨ ਨਹੀਂ ਕਰਦੇ ਸਗੋਂ ਜੀਵਨ ਭਰ ਇਸ਼ਨਾਨ ਨਾਂ ਕਰਨ ਦਾ ਔਖੇ ਵਰਤ ਦਾ ਆਸਰ ਲੈਂਦੇ ਹਨ। ਮੁਨੀ ਸ਼ਰੀਰ ਤੇ ਇਸ਼ਨਾਨ, ਚੰਦਨ, ਲੇਪ ਲੋਧਰ, ਕੇਸ਼ਰ

ਆਦਿ ਸੁਗੰਧਿਤ ਪਦਾਰਥਾਂ ਦਾ ਵਟਨਾ ਨਹੀਂ ਮਲਦੇ। ਕਿਉਂਕਿ ਇਸ਼ਨਾਨ ਸਮੇਤ, ਸੁੰਗਧਿ ਪਦਾਰਥ ੧੬ ਸ਼ਿੰਗਾਰਾਂ ਦਾ ਮੂਲ ਕਾਰਣ ਹਨ। ॥੬੧-੬੪॥

ਨੰਗਾ ਸ਼ਰੀਰ, ਸਿਰ ਤੋਂ ਬਾਲ ਰਹਿਤ, ਨੋਹਾਂ ਵਾਲਾ, ਜਿਨ ਕਲਪੀ (ਵਸਤਰ ਰਹਿਤ ਜਾਂ ਨਾਮ ਮਾਤਰ ਵਸਤਰ ਵਾਲਾ) ਮੁਨੀ ਪ੍ਰਮਾਣ ਅਨੁਸਾਰ ਕਪੱੜੇ ਧਾਰਨ ਕਰਨ ਵਾਲਾ ਸਥਵਿਰ ਕਲਪੀ ਮੁਨੀ, ਮੈਥੁਨ (ਕਾਮ) ਦੇ ਸ਼ਾਂਤ ਹੋ ਜਾਣ ਤੇ ਸ਼ਿੰਗਾਰ ਦੀ ਜ਼ਰੂਰਤ ਨਹੀਂ ਕਰਦੇ ਅਜਿਹੇ ਸਾਧੂ ਨੂੰ ਸ਼ਿੰਗਾਰ ਕਰਨ ਦੀ ਕੀ ਲੋੜ ਹੈ? (ਭਾਵ ਕੋਈ ਜ਼ਰੂਰਤ ਨਹੀਂ) ॥੬੫॥

ਜੋ ਲੋਕ ਮੁਨੀ ਭੇਖ ਵਿੱਚ ਸ਼ਿੰਗਾਰ ਕਰਦੇ ਹਨ ਉਹ ਸ਼ਿੰਗਾਰ ਦੇ ਲਈ ਦਾਰੁਣ (ਗਲਤ) ਕਰਮ (ਕੰਮ) ਕਰਦੇ ਹਨ। ਇਸੇ ਕਾਰਣ ਉਹ ਸੰਸਾਰ ਸਮੁੰਦਰ ਵਿੱਚ ਡੁੱਬਦੇ ਹਨ। ॥੬੬॥

ਸ਼ਿੰਗਾਰ ਕਰਨ ਦੇ ਵਿਚਾਰ ਮਾਤਰ ਨੂੰ ਹੀ, ਤੀਰਥੰਕਰ ਭਗਵਾਨ ਨੇ ਸ਼ਿੰਗਾਰ ਕਰਨਾ ਮੰਨਿਆ ਹੈ। ਇਸ ਲਈ ਹਾਰ ਸ਼ਿੰਗਾਰ ਸਾਵਦਯ (ਪਾਪਕਾਰੀ) ਹੋਣ ਕਾਰਨ ਜੀਵ ਕਾਈਆਂ ਦੇ ਰੱਖਿਅਕ ਮੁਨੀਆਂ ਲਈ ਯੋਗ ਨਹੀਂ। ॥੬੭॥

ਅਮੋਹ ਦਰਸ਼ੀ, ਤਪ ਸੰਜਮ, ਰਿਜੁਤਾ (ਸਰਲਤਾ) ਆਦਿ ਗੁਣਾਂ ਵਾਲਾ ਮੁਨੀ, ਆਤਮਾ ਨੂੰ ਸ਼ੁੱਧ ਵਿਸ਼ੁਧ ਕਰਦੇ ਹੋਏ, ਪੁਰਾਣੇ ਇੱਕਠੇ ਕੀਤੇ ਕਰਮਾਂ ਨੂੰ ਖਪਾਉਂਦੇ ਹਨ। ਨਵੇਂ ਕਰਮਾਂ ਦਾ ਬੰਧ (ਸੰਗ੍ਰਹਿ) ਨਹੀ ਕਰਦੇ।

ਨਿੱਤ (ਹਮੇਸ਼ਾ ਰਹਿਣ ਵਾਲੇ) ਉਪਸ਼ਾਂਤ, ਮਮਤਾ ਰਹਿਤ ਪਰਿਗ੍ਰਹਿ ਰਹਿਤ, ਪਰ ਲੋਕ ਉਪਕਾਰੀ ਆਤਮਾ ਵਿਦਿੱਆ ਵਾਲੇ, ਜਸਵਾਲੇ, ਸ਼ਰਦ ਰੁਤ ਦੇ ਚੰਦ ਦੀ ਤਰ੍ਹਾਂ ਨਿਰਮਲ, ਅਤੇ ਆਪਣੇ ਤੇ ਦੂਸਰੇ ਜੀਵਾਂ ਦੇ ਰੱਖਿਅਕ ਹਨ ਉਪਰ ਦਰਸਾਏ ਆਚਾਰ ਪਾਲਕ ਮੁਨੀ ਮੋਕਸ਼ ਵਿੱਚ ਜ਼ਰੂਰ ਜਾਂਦੇ ਹਨ ਜੇ ਕੁਝ ਕਰਮਾਂ ਦੇ ਅੰਸ਼ ਭੁਗਤਨ ਤੋਂ ਬਾਕੀ ਰਹਿ ਜਾਣ ਤਾਂ ਸਵਰਗ ਲੋਕ ਦੇ ਵੈਮਾਨਿਕ ਵਿਮਾਨ ਵਿਚ ਪੈਦਾ ਹੋ ਕੇ ਦੇਵਤਾ ਬਨਦੇ ਹਨ।

ਅਜਿਹਾ ਮੈਂ ਆਖਦਾ ਹਾਂ। ॥੬੮-੬੯॥

# ਸੱਤਵਾਂ ਸਦਵਾਕਯਸ਼ੁਧੀ ਅਧਿਐਨ

ਪ੍ਰਗਿਆਵਾਨ ਮੁਨੀਆਂ ਚਾਰ ਪ੍ਰਕਾਰ ਦੀ ਭਾਸ਼ਾ ਦੇ ਰੂਪ ਨੂੰ ਜਾਨ ਕੇ, ਦੋ ਪ੍ਰਕਾਰ ਦੀ ਭਾਸ਼ਾ ਨੂੰ ਨਿਰਦੇਸ਼ ਜਾਨ ਕੇ ਵਰਤੋਂ ਕਰਨੀ ਸਿੱਖੇ । ਨਿਰਦੋਸ਼ ਭਾਸ਼ਾ ਦੀ ਵਰਤੋਂ ਕਰਕੇ ਦੋਸ਼ ਵਾਲੀ ਦੋ ਭਾਸ਼ਾ ਦਾ ਤਿਆਗ ਕਰੇ। ॥੧॥

ਭਾਸ਼ਾ ਦੇ ਚਾਰ ਭੇਦ ਹਨ

(੧) ਸਤ (੨) ਅਸੱਤ (੩) ਸਤ-ਅਸੱਤ (ਮਿਲੀ ਜੁਲੀ) (੪) ਅਸਤ ਮਿਰਸ਼ਾ ਵਿਵਹਾਰ (ਨਾਂ ਸੱਚ ਨਾਂ ਝੂਠ) । ਇਨ੍ਹਾਂ ਚਾਰ ਪ੍ਰਕਾਰ ਦੀ ਭਾਸ਼ਾ ਵਿੱਚੋਂ ਜੇ ਸਚ ਭਾਸ਼ਾ ਵੀ ਪਾਪਕਾਰੀ ਹਿੰਸਾ ਦਾ ਕਾਰਣ ਹੋਵੇ ਤਾਂ ਨਾਂ ਬੋਲੇ , ਮਿਲੀ ਜੁਲੀ ਅਤੇ ਅਸੱਤ ਭਾਸ਼ਾ ਦਾ ਹਮੇਸ਼ਾ ਹੀ ਤਿਆਗ ਕਰ ਦੇਵੇ, ਕਿਉਂਕਿ ਤੀਰਥਕਰ ਪ੍ਰਮਾਤਮਾ ਨੇ ਇਨ੍ਹਾਂ ਭਾਸ਼ਾਵਾਂ ਨੂੰ ਅਨਾਚਾਰ ਆਖਿਆ ਹੈ। ਚੋਥੀ ਵਿਵਹਾਰ ਭਾਸ਼ਾ ਵੀ ਗਲਤ ਢੰਗ ਨਾਲ ਨਾ ਬੋਲੇ। ਯੋਗ ਢੰਗ ਦਾ ਪ੍ਰਯੋਗ ਕਰੇ। ॥੨॥

ਕਿਹੜੀ ਭਾਸ਼ਾ ਬੋਲਣਯੋਗ ਹੈ ਇਸ ਵਾਰ ਸ਼ਾਸਤਰ ਕਾਰ ਆਖਦੇ ਹਨ ਪ੍ਰਗਿਆਵਾਨ ਮੁਨੀ ਵਿਵਹਾਰ (ਆਮ ਲੋਕਾਂ ਦੀ ਭਾਸ਼ਾ) ਅਤੇ ਭਾਸ਼ਾ ਦਾ ਨਿਰਦੋਸ਼, ਕਠੋਰ ਰਹਿਤ, ਅਪਣੇ ਤੇ ਪਰਉਪਕਾਰੀ। ਸ਼ੰਕਾ ਰਹਿਤ ਭਾਸ਼ਾ ਦਾ ਪ੍ਰਯੋਗ ਕਰੇ। ॥੩॥

ਪਹਿਲਾਂ ਮਨਾਂ ਕੀਤੀ ਭਾਸ਼ਾ ਅਤੇ ਕਠੋਰ ਭਾਸ਼ਾ ਅਤੇ ਅਜਿਹੀ ਭਾਸ਼ਾ ਜੋ ਮੁਕਤੀ ਮਾਰਗ ਦੇ ਉਲਟ ਹੋਵੇ ਅਜਿਹੀ ਵਿਵਹਾਰ ਅਤੇ ਸੱਚੀ ਭਾਸ਼ਾ ਵੀ ਬੁੱਧੀਮਾਨ ਧੀਰਜਵਾਲਾ ਮੁਨੀ ਨਾਂ ਬੋਲੇ। ॥੪॥

ਜੋ ਮੁਨੀ ਸੱਚ ਵਿਖਾਈ ਦੇਣ ਵਾਲੀ ਝੂਠੀ ਵਸਤੂ ਦਾ ਸਹਾਰਾ ਲੈ ਕੇ ਝੂਠ ਬੋਲਦਾ ਹੈ ਉਹ ਮੁਨੀ ਪਾਪ ਵਿੱਚ ਲੱਗਾ ਹੋਇਆ ਹੈ । ਜੋ ਪੁਰਸ਼ ਝੂਠ ਬੋਲਦਾ ਹੈ ਉਸਦੇ ਦੋਸ਼ ਵਾਰੇ ਕਿ ਆਖਿਆ ਨਹੀਂ ਜਾ ਸਕਦਾ। ॥੫॥

ਜੇ ਆਦਮੀ ਕਪੱੜੇ ਪਹਿਨੇ ਇਸਤਰੀ ਨੂੰ ਪੁਰਸ਼ ਆਖਣ ਵਿੱਚ ਪਾਪ ਕਰਮ ਇਕੱਠਾ ਹੁੰਦਾ ਹੈ ਤਾਂ ਹਮੇਸ਼ਾ ਝੂਠ ਬੋਲਣ ਵਾਲਾ ਤਾਂ ਪਾਪਾ ਦੇ ਦਲਦਲ ਵਿੱਚ ਫਸਿਆ ਰਹੇਗਾ। ਇਸ ਵਿੱਚ ਕੋਈ ਸ਼ੱਕ ਨਹੀਂ।

ਜੇ ਝੂਠੀ ਹੁੰਦੇ ਹੋਏ, ਸੱਚੇ ਸ਼ਵਰਪ ਨੂੰ ਪ੍ਰਾਪਤ ਹੋਏ ਪਦਾਰਥ ਦੇ ਵਿਸ਼ੇ ਵਿੱਚ ਬੋਲਨ ਤੇ ਪਾਪ ਕਰਮ ਦਾ ਬੇਸ ਹੁੰਦਾ ਹੈ ਤਾਂ ਅਸੀਂ ਜਾਵਾਂਗੇ " ਆਖਦੇ ਸਾਡਾ ਇਹ ਕੰਮ ਹੋ ਜਾਵੇਗਾ ਆਦਿ ਭਵਿੱਖ ਸਬੰਧੀ ਭਾਸ਼ਾ, ਉਸੇ ਪ੍ਰਕਾਰ ਵਰਤਮਾਨ ਅਤੇ ਭੂਤਕਾਲ ਸਬੰਧੀ ਭਾਸ਼ਾ ਬੁੱਧੀਮਾਨ ਮੁਨੀ ਨੂੰ ਬੋਲਣੀ ਨਹੀਂ ਚਾਹੀਦੀ ਕਿਉਂਕਿ ਆਖੇ ਅਨੁਸਾਰ ਜੇ ਕੰਮ ਨਾ ਹੋਇਆ ਤਾਂ ਝੂਠ ਬੋਲਨ ਦਾ ਦੋਸ਼ ਵੀ ਲੱਗੇਗਾ ਲੋਕਾਂ ਵਿੱਚ ਮੁਨੀ ਦੀ ਬੇਇਜ਼ੱਤੀ ਅਤੇ ਜੱਗ ਹਸਾਈ ਹੋਵੇਗੀ ।

ਭੂਤ, ਵਰਤਮਾਨ ਦੇ ਭਵਿੱਖ ਸਬੰਧੀ ਜਿਸ ਵਸਤੂ ਸਵਰੂਪ ਨੂੰ ਜਿਸ ਕੰਮ ਦੇ ਸਵਰੂਪ ਨੂੰ ਠੀਕ ਤਰ੍ਹਾਂ ਨਾਲ ਨਾ ਜਾਣਿਆ ਹੈ ਉਸ ਵਾਰੇ ਇਹ ਅਜਿਹਾ ਹੀ ਹੈ ਇਸ ਪ੍ਰਕਾਰ ਸੀ । ਅਜਿਹਾ ਨਾ ਬੋਲੇ ॥੬-੮॥

ਭੂਤ, ਭਵਿੱਖ ਤੇ ਵਰਤਮਾਨ ਕਾਲ ਸਬੰਧੀ ਜਿੱਥੇ ਸ਼ਕ ਹੋਵੇ ਉਸ ਵਾਰੇ ਅਜਿਹਾ ਹੀ ਹੈ ਇਸ ਪ੍ਰਕਾਰ ਨਾਂ ਆਖੇ। ॥੯॥

ਭੂਤ, ਭਵਿੱਖ ਅਤੇ ਵਰਤਮਾਨ ਕਾਲ ਵਾਲੇ ਜਿਸ ਪਦਾਰਥ ਵਿੱਚ ਕੰਮ ਦੇ ਵਿਸ਼ੇ ਵਾਰੇ ਸ਼ੰਕਾ ਨਾ ਹੋਵੇ ਅਤੇ ਉਹ ਪਾਪ ਰਹਿਤ ਹੋਵੇ ਤਾਂ ਸਾਧੂ ਇਸ ਪ੍ਰਕਾਰ ਆਖੇ। ॥੧੦॥

ਅਤੇ ਕਠੋਰ ਭਾਵ ਸਨੇਹ ਰਹਿਤ ਅਤੇ ਜਿਸ ਤੋਂ ਪ੍ਰਾਣੀਆਂ ਦਾ ਉਪਘਾਤ ਵਿਸ਼ੇਸ ਹੋਵੇ ਅਜਿਹੀ ਪਾਪਕਾਰੀ ਭਾਸ਼ਾ ਜੇਕਰ ਸੱਚ ਵੀ ਹੋਵੇ ਤਾਂ ਵੀ ਨਾਂ ਬੋਲੇ। ॥੧੧॥

ਇਸੇ ਪ੍ਰਕਾਰ ਕਾਣੇ ਨੂੰ ਕਾਣਾ, ਨਪੁਸੰਕ (ਹਿਜੜੇ) ਨੂੰ ਨਪੁੰਸਕ, ਬੀਮਾਰ ਨੂੰ ਬੀਮਾਰ, ਚੋਰ ਨੂੰ ਚੋਰ ਨਾਂ ਆਖੇ। ਇਸ ਨਾਲ ਨਫ਼ਰਤ, ਸ਼ਰਮ ਦਾ ਖਾਤਮਾ, ਸਥਿਰ ਰੋਗ, ਗਿਆਨ ਵਿੱਚ ਵਿਰਾਧਨਾ ਆਦਿ ਦੋਸ਼ ਉਤਪੰਨ ਹੁੰਦੇ ਹਨ।

ਬਚਨ ਨਿਯਮਾਂ ਸਬੰਧੀ ਆਚਾਰ, ਚਿਤ ਦੇ ਦਵੇਸ਼, ਜਾ ਪ੍ਰਮਾਦ ਸਬੰਧੀ ਭਾਵ ਅਤੇ ਦੋਸ਼ ਦਾ ਜਾਨਕਾਰ ਬੁੱਧੀਮਾਨ ਮੁਨੀ ਉਪਰੋਕਤ ਕਸ਼ਟ ਦੇਣ ਵਾਲੇ ਬੋਲ ਨਾਂ ਬੋਲੇ।

ਬੁੱਧੀਮਾਨ ਮੁਨੀ, ਮੂਰਖ ਯਾਰ, ਪੁੱਤਰ, ਕੁੱਤਾ, ਸ਼ੁਦਰ, ਦਰੀਦਰ ਅਜਿਹੇ ਕਠੋਰ ਸ਼ਬਦ ਨਾਂ ਆਖੇ।

ਹੇ ਆਰਿਆ ! ਦਾਦੀ ਹੇ ਪ੍ਰਾਆਰਿਆ ! ਪਰਦਾਦੀ ਮਾਂ, ਮਾਸੀ, ਭੂਆ, ਭਾਣਜੀ, ਪੁੱਤਰੀ, ਪੋਤੀ, ਹਲੇ, ਅੱਲ ਅਨੇ, ਭਟੇ, ਸਵਾਮੀਨੀ, ਗੋਮਨੀ, ਹੋਲੇ, ਵਸੂਲੇ ਆਦਿ ਸ਼ਬਦਾ ਰਾਹੀਂ ਇਸਤਰੀ ਨੂੰ ਨਾ ਬੁਲਾਏ ਇਨ੍ਹਾਂ ਵਿੱਚੋਂ ਕਿੰਨੇ ਸ਼ਬਦ ਨਿੰਦਾ ਬਾਚਕ ਹਨ ਕਿੰਨੇ ਹੀ ਸ਼ਬਦ ਰਾਗ ਪੈਦਾ ਕਰਨ ਵਾਲੇ ਹਨ ਅਜਿਹੇ ਸ਼ਬਦਾਂ ਵਿੱਚ ਨਿੰਦਾ, ਦਵੇਸ਼ ਅਤੇ ਪ੍ਰਵਚਨ ਵਿੱਚ ਛੋਟਾ ਪਨ ਪੈਦਾ ਹੁੰਦਾ ਹੈ। ॥੧੨-੧੬॥

ਕਾਰਨ ਵਸ ਮੁਨੀ ਨੂੰ ਇਸਤਰੀ ਨੂੰ ਬੁਲਾਉਣਾ ਪਵੇ ਤਾਂ ਉਸ ਦਾ ਨਾਂ ਲੇਕੇ ਬੁਲਾਵੇ, ਨਾਂ ਨਾ ਪਤਾ ਹੋਵੇ ਤਾਂ ਗੋਤ ਤੋਂ ਬੁਲਾਵੇ, ਯੋਗ ਦੇਸ਼ ਕਾਲ ਅਨੁਸਾਰ ਗੁਣ ਦੋਸ਼ ਵਿਚਾਰ ਕੇ ਇਕ ਵਾਰ ਜਾਂ ਵਾਰ-ਵਾਰ ਬੁਲਾਵੇ।

ਪੁਰਸ਼ ਨੂੰ ਇਸ ਪੁਕਾਰ ਨਾਂ ਬੁਲਾਵੇ, “ਹੇ ਆਰਿਅਕ (ਦਾਦਾ), ਪਰਿਆਰਕ (ਪਰਦਾਦਾ), ਪਿਤਾ, ਚਾਚਾ, ਮਾਮਾ, ਭਾਣਜਾ, ਪੁੱਤ, ਪੋਤਰ, ਹੱਲ, ਅਨ, ਭੱਟ, ਸਵਾਮੀ ਗੋਮੀਨ, ਹੋਲ, ਗੋਲ ਵਸੋਲ ਆਦਿ ਨਾਉ ਨਾਲ ਪੁਰਸ਼ ਨੂੰ ਨਾ ਬੁਲਾਏ। ਅਜਿਹੇ ਬੁਲਾਉਣ ਨਾਲ ਰਾਗ ਦਵੇਸ਼ ਆਦਿ ਨਫ਼ਰਤ ਦੋਸ਼ਾਂ ਦੀ ਉਤਪਤਿ ਹੁੰਦੀ ਹੈ।

ਜਿਸ ਪੁਰਸ਼ ਨੂੰ ਬੁਲਾਉਣਾ ਹੋਵੇ ਉਸ ਦਾ ਨਾਂ ਲੈ ਕੇ ਜਾਂ ਗੋਤਰ ਨਾਲ ਜਾਂ ਗੁਣ ਦੋਸ਼ ਵਿਚਾਰ ਕੇ ਇੱਕ ਵਾਰ ਜਾਂ ਵਾਰ ਵਾਰ ਬੁਲਾਵੇ। ॥੧੭-੨੦॥

ਪੰਜ ਇੰਦਰੀਆਂ ਪ੍ਰਾਣੀਆਂ ਵਿੱਚ ਇਹ ਇਸਤਰੀ ਹੈ ਜਾਂ ਪੁਰਸ਼ ਰੂਪ ਹੈ ਜਦ ਤੱਕ ਅਜਿਹਾ ਨਿਸਚੇ ਨਾ ਹੋ ਜਾਵੇ ਸਾਧੂ ਨੂੰ ਜੇ ਕਿਸੇ ਕਾਰਣ ਬੋਲਨਾ ਪਵੇ ਤਾਂ ਕੇਵਲ ਜਾਤ ਅਨੁਸਾਰ ਬੋਲੇ ਜਿਵੇਂ ਗਾਂ ਦੀ ਜਾਤ, ਕੁੱਤੇ ਦੀ ਜਾਤ ਦਾ ਸ਼ਬਦ ਪ੍ਰਯੋਗ ਕਰੇ।

ਇਸ ਪ੍ਰਕਾਰ ਮਨੁੱਖ, ਪਸ਼ੂ-ਪੰਛੀ, ਸੱਪ, ਅਜਗਰ ਆਦਿ ਦੇ ਵਿਸ਼ੇ ਵਿੱਚ ਇਹ ਨਾਂ ਆਖੇ " ਇਹ ਮੋਟਾ ਹੈ, ਬਹੁਤ ਖਾਨ ਵਾਲਾ ਹੈ, ਚਰਬੀ ਵਾਲਾ ਹੈ" ਮਾਰਨ ਯੋਗ ਪਕਿਆ ਹੋਇਆ ਹੈ ਪਕਾਉਣ ਯੋਗ ਹੈ। ਇਸ ਨਾਲ ਅਪ੍ਰਤੀਤੀ-ਬੰਧ ਆਦਿ ਦੀ ਸ਼ੰਕਾ ਤੋਂ ਅਸ਼ੁੱਭ ਕਰਮ ਦਾ ਬੰਧ ਹੁੰਦਾ ਹੈ ।

ਜੇ ਜ਼ਰੂਰਤ ਪੈਣ ਤੇ ਬੋਲਨਾ ਪਵੇ ਤਾਂ ਇਸ ਤਰ੍ਹਾਂ ਆਖੇ ਇਹ ਪਸ਼ੂ ਬਲਵਾਨ ਹੈ, ਚੰਗੇ ਸ਼ਰੀਰ ਵਾਲਾ ਹੈ ਨੌਜਵਾਨ ਹੈ ਤਕੜਾ ਹੈ ਵਿਸ਼ਾਲ ਸ਼ਰੀਰ ਵਾਲਾ ਹੈ ਇਸ ਤਰ੍ਹਾਂ ਦੇ ਵਿਵੇਕ ਪੂਰਨ ਵਚਨ ਬੋਲੇ।

ਪ੍ਰਗਿਆਵਾਨ ਸਾਧੂ ਗਾਂ ਪ੍ਰਤਿ ਇਹਨਾਂ ਆਖੇ ਇਹ ਗਾਂ ਦੁੱਧ ਚੋਣ ਯੋਗ ਹੈ, ਬਲਦ ਹਲ ਦੇ ਨਾਲ ਜੋਤ ਦੇ ਯੋਗ ਹਨ ਭਾਰ ਸਹਿਨ ਕਰਨ ਯੋਗ ਹਨ, ਰਥ ਦੇ ਨਾਲ ਜੋੜਨ ਯੋਗ ਹਨ। ਇਹ ਬਚਨ ਪਾਪਕਾਰੀ ਅਤੇ ਪੀੜਦਾਇਕ ਹੈ।

ਲੋੜ ਵਸ ਜੇ ਆਖਣਾ ਪਵੇ ਤਾਂ ਆਖੇ "ਬਲਦ ਨੋਜਵਾਨ ਹੈ, ਗਾਂ ਦੁੱਧ ਦੇਣ ਵਾਲੀ ਹੈ, ਬਲਦ ਛੋਟਾ ਹੈ, ਸੁੰਦਰ ਬਲਦ ਹੈ , ਬੁੱਢਾ ਬਲਦ ਹੈ ਰਥ ਪੂਰਾ ਸਹਿਨ ਕਰਨ ਵਾਲਾ ਹੈ ਇਸ ਪ੍ਰਕਾਰ ਨਿਰਦੋਸ਼ ਅਤੇ ਪਾਪ ਰਹਿਤ ਭਾਸ਼ਾ ਪ੍ਰਯੋਗ ਕਰੇ। ॥੨੧-੨੫॥

ਬਾਗ, ਪਹਾੜ, ਜੰਗਲ ਵਿੱਚ ਜੇ ਕਦੇ ਪ੍ਰਗਿਆਵਾਨ ਮੁਨੀ ਨੂੰ ਬੜੇ ਦਰਖਤਾਂ ਨੂੰ ਵੇਖ ਕੇ ਆਖਣਾ ਪਵੇ ਤਾਂ ਇਸ ਪ੍ਰਕਾਰ ਦੀ ਪਾਪਕਾਰੀ ਭਾਸ਼ਾ ਨਾਂ ਬੋਲੇ "ਇਹ ਦਰਖਤ ਮਹਿਲ ਬਨਾਉਣ ਦੇ ਯੋਗ, ਖੰਬੇ ਦੇ ਯੋਗ, ਨਗਰ ਦਰਵਾਜ਼ੇ ਦੇ ਯੋਗ, ਘਰ ਬਨਾਉਣ ਦੇ ਯੋਗ, ਪਰਿਯ (ਨਗਰ ਦਰਵਾਜ਼ੇ ਦੀ ਅਰਲ) ਬਨਾਉਣ ਯੋਗ, ਅਰਗਲਾ

(ਘਰ ਦੀ ਅਰਲ ਬਨਾਉਣ ਯੋਗ) ਨੋਕਾ ਬਨਾਉਣ ਯੋਗ, ਉਦਕ ਦਰੇੜੀ (ਪਾਣੀ ਨੂੰ ਧਾਰਣ ਕਰਨ ਵਾਲੀ ਲਕੱੜ) ਦੇ ਯੋਗ ਹੈ"

ਇਸੇ ਪ੍ਰਕਾਰ ਇਹ ਦਰਖਤ ਖਟੜਾ, ਕਾਠ ਦੇ ਭਾਂਡੇ, ਹੱਲ, ਸੁਹਾਗਾ, ਕੋਲਹੂ ਦੀ ਲਕੱੜ, ਪਹਿਆ ਲਈ, ਸੁਨੀਆਰ ਦੀ ਏਰਨ ਦੀ ਗੰਡੀਦਾ ਰੱਖਣ ਯੋਗ ਹੈ।

ਇਨ੍ਹਾਂ ਦਰਖਤਾਂ ਤੋਂ ਕੁਰਸੀ, ਮੰਜਾ, ਪਲੰਗ, ਰੱਥ ਆਦਿ ਸਬਜ਼ੀ ਜਾਂ ਉਪਾਸਰੇ (ਧਰਮ ਸਥਾਨ) ਲਈ ਲਕੱੜ ਯੋਗ ਹੈ ਇਸ ਪ੍ਰਕਾਰ ਸਭ ਪ੍ਰਕਾਰ ਦੀ ਭਾਸ਼ਾ ਬਨਸਪਤਿ ਕਾਇਆ ਅਤੇ ਉਨ੍ਹਾਂ ਦੇ ਆਸਰੇ ਰਹਿਣ ਵਾਲੇ ਅਨੇਕਾਂ ਜੀਵਾਂ ਦਾ ਰਖਿੱਅਕ ਨਾਂ ਬੋਲੇ। ॥੨੬-੨੯॥

ਬਾਗ ਪਰਵਤ ਅਤੇ ਜੰਗਲ ਵਿਚ ਜਾਂ ਜੰਗ ਵਲ ਜਾਂਦੇ ਹੋਏ ਰਾਹ ਵਿੱਚ ਖੜੇ ਦਰਖਤਾਂ ਨੂੰ ਵੇਖ ਕੇ ਪ੍ਰਸਗ ਵਸ ਬੁੱਧੀਮਾਨ ਮੁਨੀ ਇਸ ਪ੍ਰਕਾਰ ਆਖੇ "ਇਹ ਦਰਖਤ ਉੱਤਮ ਜਾਤੀ (ਕਿਸਮ) ਦੇ ਹਨ ਲੰਬੇ, ਗੋਲ ਅਤੇ ਬਹੁਤ ਵਿਸਥਾਰ ਵਾਲੇ ਹਨ ਸ਼ਾਖਾਵਾਂ ਨਾਲ, ਉਪਸ਼ਾਖਾਂਵਾਂ ਨਾਲ ਭਰਪੂਰ ਅਤੇ ਵੇਖਣ ਯੋਗ ਹਨ। ॥੩੦-੩੧॥

(ਅੰਬ ਦੇ ਦਰਖਤ ਸੇਬਧੀ ਆਖੇ) ਇਸ ਅੰਬ ਦੇ ਦਰਖਤ ਦੇ ਫਲ ਪੱਕ ਗਏ ਹਨ, ਪਕਾ ਕੇ ਖਾਣਯੋਗ ਹਨ ਅਜਿਹਾ ਨਾਂ ਆਖੇ । ਇਹ ਫਲ ਹੀ ਪੂਰੀ ਤਰ੍ਹਾਂ ਪਕ ਗਏ ਹਨ ਇਸ ਲਈ ਉਤਾਰ ਲੈਣੇ ਚਾਹੀਦੇ ਹਨ ਇਹ ਕੋਮਲ ਹਨ ਜਾਂ ਇਹ ਦੋ ਭਾਗ ਕਰਨ ਲਾਇਕ ਹਨ ਅਜਿਹਾ ਨਾਂ ਆਖੇ। ॥੩੨॥

ਪ੍ਰਸੰਗ ਵੱਜੋਂ ਆਖਣਾ ਪਵੇ ਤਾਂ ਇਸ ਪ੍ਰਕਾਰ ਆਖੇ " ਇਹ ਅੰਬ ਦਾ ਦਰਖਤ ਫਲ ਨੂੰ ਧਾਰਣ ਯੋਗ ਨਹੀਂ। ਗੁਠਲੀ ਵਾਲੇ ਫਲ ਜ਼ਿਆਦਾ ਹਨ। ਇੱਕੋ ਜ਼ਿਆਦਾ ਫਲ ਉਤਪੰਨ ਹੋਏ ਹਨ। ਇਸ ਪ੍ਰਕਾਰ ਨਿਰਦੋਸ਼ ਭਾਸ਼ਾ ਦਾ ਮੁਨੀ ਪ੍ਰਯੋਗ ਕਰੇ। ॥੩੩॥

ਚੋਲ, ਕਣਕ ਆਦਿ ਔਸ਼ਧੀਆਂ ਦੀਆਂ ਬਲੀਆਂ ਪਕ ਗਈਆਂ ਹਨ । ਛੋਲੇ ਦੀਆਂ ਟਾਟਾਂ ਪਕ ਗਈਆਂ ਹਨ ਇਸ ਲਈ ਕਟਨ ਯੋਗ ਹਨ, ਭੁਨਣ ਯੋਗ ਹਨ ਪਕਾਉਣ ਯੋਗ ਹਨ। ਅਜਿਹੀ ਭਾਸ਼ਾ ਸਾਧੂ ਨਾਂ ਬੋਲੇ। ॥੩੪-੩੫॥

ਸੰਖੜੀ (ਭੋਜਨ ਪਾਰਟੀ, ਮਿਰਤੂ ਭੋਜ) ਕਰਨ ਯੋਗ ਹੈ ਚੋਰ ਮਾਰਨ ਯੋਗ ਹੈ, ਨਦੀ ਅਰਾਮ ਨਾਲ ਪਾਰ ਕਰਨ ਯੋਗ ਹੈ ਅਜਿਹਾ ਸਾਧੂ ਨਾਂ ਆਖੇ। ॥੩੬॥

ਪ੍ਰਸੰਗ ਵਸ ਬੋਲਣਾ ਪਵੇ ਤਾਂ ਮੁਨੀ ਜਿੰਮੇਵਾਰ ਨੂੰ ਇਹ ਸੰਖੜੀ ਹੈ ਚੋਰ ਨੂੰ ਇਹ ਧਨ ਦੇ ਸੰਕਟ ਸਹਿ ਕੇ ਸਵਾਰਥ ਸਿੱਧ ਕਰਨ ਵਾਲੀ ਹੈ। ਨਦੀ ਸਮਤਲ ਤੱਟ ਵਾਲੀ ਹੈ। ਇਸ ਪ੍ਰਕਾਰ ਪਾਪ ਰਹਿਤ ਭਾਸ਼ਾ ਬੋਲੇ। ॥੩੭॥

"ਇਹ ਨਦੀਆਂ ਭਰੀਆਂ ਹੋਈਆਂ ਹਨ, ਹੱਥਾਂ ਨਾਲ ਤੈਰ ਕੇ ਪਾਰ ਕਰਨ ਯੋਗ ਹਨ ਕਿਨਾਰੇ ਤੇ ਰਹਿ ਕੇ ਪਾਣੀ ਪੀਣ ਯੋਗ ਹਨ ਅਜਿਹੀ ਪਾਪਕਾਰੀ ਹਿੰਸਕ ਭਾਸ਼ਾ ਦਾ ਪ੍ਰਯੋਗ ਸਾਧੂ ਨਾਂ ਕਰੇ। ॥੩੮॥

"ਕਾਰਣ ਵਸ ਆਖਣਾ ਪਵੇ ਤਾਂ ਇਸ ਪ੍ਰਕਾਰ ਆਖੇ "ਇਹ ਨਦੀ ਲੱਗਭੱਗ ਭਰੀ ਹੋਈ ਹੈ। ਲਗਭਗ ਡੂੰਘੀ ਹੈ। ਪਾਣੀ ਨਾਲ ਭਰਪੂਰ ਹੈ। ਦੂਸਰੀਆਂ ਨਦੀਆਂ ਰਾਹੀਂ ਇਸ ਦੇ ਪਾਣੀ ਦੇ ਵਹਾ ਤੇਜ਼ ਹੋ ਰਿਹਾ ਹੈ। ਨਦੀ ਦੇ ਕਿਨਾਰੇ ਜੇ ਸੁੱਖ ਜਾਨ ਤਾਂ ਇਸ ਨਦੀ ਵਿਸਥਾਰ ਵਾਲੀ ਹੈ। ਫੈਲੇ ਪਾਣੀ ਪਾਣੀ ਹੈ । ਬੁੱਧੀਮਾਨ ਸ਼੍ਰਮਣ ਇਸ ਪ੍ਰਕਾਰ ਬੋਲੇ। ॥੩੯॥

ਦੂਸਰੇ ਦੇ ਲਈ ਹੋ ਰਹੇ ਪਾਪਕਾਰੀ (ਸਾਵਦੇਯ) ਕੰਮਾਂ ਸਬੰਧੀ ਮੁਨੀ ਪਾਪਕਾਰੀ ਵਚਨ ਨਾ ਆਖੇ। ॥੪੦॥

ਸਭਾ ਭਵਨ ਚੰਗਾ ਬਨਿਆ ਹੈ, ਭੋਜਨ ਚੰਗਾ ਬਨਿਆ ਹੈ, ਸਹਿਸ਼ਤਰ ਪਾਕ ਤੇਲ ਜਾਂ ਘੀ ਵਿੱਚ ਪਕਾਇਆ ਹੈ ਜੰਗਲ, ਬਨ, ਚੰਗੀ ਤਰ੍ਹਾਂ ਛਾਗੀਆਂ ਹੈ। ਸਾਗ ਦਾ ਤਿੱਖਾ ਪੁਨ ਚੰਗਾ ਹੈ, ਲੋਭੀ ਦਾ ਧਨ ਚੋਰੀ ਹੋ ਗਿਆ, ਚੰਗਾ ਹੋਇਆ ਨਿਦਕ ਮਰ ਗਿਆ ਜਾਂ ਇਹ ਚੰਗਾ ਹੋਇਆ ਕਿ ਦਾਲ ਜਾਂ ਸਤੂ ਵਿੱਚ ਘੀ ਜ਼ਿਆਦਾ ਮਿਲਾਇਆ

ਹੈ ਅਭਿਮਾਨੀ ਦਾ ਧਨ ਖਤਮ ਹੋ ਗਿਆ। ਇਹ ਲੜਕੀ ਸੁੰਦਰ ਹੈ ਜਾਂ ਚੋਲ ਚੰਗੇ ਹਨ। ਅਜਿਹੀ ਹਿੰਸਾ (ਪਾਪਕਾਰੀ) ਭਾਸ਼ਾ ਸਾਧੂ ਨਾਂ ਬੋਲੇ। ॥੪੧॥

ਕਾਰਨ ਵਸ ਜੇ ਆਖਣ ਪਵੇ ਤਾਂ ਇਸ ਪ੍ਰਕਾਰ ਆਖੇ "ਇਹ ਪਕਿਆ ਭੋਜਨ ਮਿਹਨਤ ਨਾਲ ਪਕਾਇਆ ਗਿਆ ਹੈ ਭਾਂਡੇ ਨੂੰ ਕੋਸ਼ਿਸ਼ ਨਾਲ ਠੀਕ ਕੀਤਾ ਗਿਆ ਹੈ। ਇਹ ਸੁੰਦਰ ਲੜਕੀ ਦੀਖਿਆ (ਸਾਧਵੀ ਬਨਣ) ਦੇ ਯੋਗ ਹੈ ਸਰਵ ਕਿਤ ਆਦਿ ਕ੍ਰਿਆ ਕਰਮ ਹੇਤੁ ਹੈ। ਡੂੰਗੇ ਪ੍ਰਹਾਰ ਵਾਲੇ ਮਨੁੱਖ ਨੂੰ ਵੇਖ ਕੇ ਆਖੇ ਇਸ ਨੂੰ ਡੂੰਗਾ ਪ੍ਰਹਾਰ ਲਗਿਆ ਹੈ, ਇਸ ਪ੍ਰਕਾਰ ਸਾਵਧਾਨੀ ਪੂਰਵਕ ਭਾਸ਼ਾ ਦਾ ਪ੍ਰਯੋਗ ਸਾਧੂ ਕਰੇ ਜਿਸ ਨਾਲ ਜੀਵਾਂ ਪ੍ਰਤਿ ਨਫ਼ਰਤ ਨਾ ਪੈਦਾ ਹੋਵੇ। ॥੪੨॥

ਖਰੀਦ, ਵੇਚ ਆਦਿ ਸਮਾਜਿਕ ਕੰਮਾਂ ਪ੍ਰਤਿ ਜੇ ਕੋਈ ਪੁੱਛੇ ਜਾਂ ਬਿਨਾ ਪੁੱਛੇ ਸਾਧੂ ਪ੍ਰਕਾਰ ਨਾਂ ਆਖੇ ਇਹ ਪਦਾਰਥ ਉੱਤਮ ਹੈ ਸੁੰਦਰ ਹੈ, ਮੁਲਵਾਨ ਹੈ, ਦੁਰਲਭ ਪਦਾਰਥ ਹੈ, ਅਤੇ ਗੁਣਾ ਵਾਲਾ ਹੈ ਨਫ਼ਰਤ ਦਾ ਕਾਰਣ ਅਜਿਹੀ ਭਾਸ਼ਾ ਸਾਧੂ ਨਾ ਬੋਲੇ। ਅਜਿਹੀ ਭਾਸ਼ਾ ਕਾਰਣ ਅਧਿਕਰਨ, ਅੰਤਰਾਏ ਆਦਿ ਦੋਸ਼ਾਂ ਦੀ ਉਤਪਤਿ ਹੁੰਦੀ ਹੈ। ॥੪੩॥

ਸੁਨੇਹੇ ਆਦਿ ਨੂੰ ਪ੍ਰਾਪਤ ਕਰਕੇ ਇਸ ਪ੍ਰਕਾਰ ਨਾਂ ਆਖੇ "ਕਿ ਮੈਂ ਇਹ ਸਭ ਕੁਝ ਆਖਾਗਾ" ਸਭ ਥਾਵਾਂ ਤੋਂ ਝੂਠ ਦੇ ਦੋਸ਼ ਨਾ ਲੱਗੇ ਇਸ ਪ੍ਰਕਾਰ ਦਾ ਵਿਚਾਰ ਕਰਕੇ ਬੁੱਧੀਮਾਨ ਸਾਧੂ ਭਾਸ਼ਾ ਦਾ ਪ੍ਰਯੋਗ ਕਰੇ। ॥੪੪॥

ਖਰੀਦ-ਵੇਚ ਦੇ ਵਾਰੇ ਇਹ ਨਾ ਆਖੇ ਚੰਗਾ ਖਰੀਦਿਆ, ਚੰਗਾ ਵੇਚਿਆ, ਇਹ ਖਰੀਦ ਯੋਗ ਨਹੀਂ ਇਹ ਖਰੀਦ ਯੋਗ ਹੈ , ਇਹ ਲਵੋ ਇਸ ਨੂੰ ਵੇਚ ਦੇਵੋ ਇਸ ਪ੍ਰਕਾਰ ਸਾਧੂ ਨਾ ਬੋਲੇ ਅਜਿਹੇ ਬੋਲਨਾ ਨਫ਼ਰਤ ਦਾ ਕਾਰਨ ਅਤੇ ਅਧਿਕਰਣ ਆਦਿ ਦੋਸ਼ ਦਾ ਕਾਰਣ ਹੈ। ॥੪੫॥

ਘੱਟ ਮੁਲ ਵਾਲੇ ਅਤੇ ਜ਼ਿਆਦਾ ਮੁਲ ਵਾਲੇ ਪਦਾਰਥਾਂ ਦੀ ਖਰੀਦ ਵੇਚ ਵਾਰੇ ਗ੍ਰਹਿਸਥ ਦੇ ਪੁਛੱਣ ਤੇ ਸਾਧੂ ਪਾਪ ਰਹਿਤ ਤੇ ਦੋਸ਼ ਰਹਿਤ ਉੱਤਰ ਦੇਵੇ ਕਿ ਇਸ

ਖਰਦੀ-ਵੇਚ ਦੇ ਸਬੰਧ ਵਿੱਚ ਸਾਧੂਆਂ ਨੂੰ ਕੁੱਝ ਵੀ ਬੋਲਨ ਦਾ ਅਧਿਕਾਰ ਨਹੀਂ। ॥੪੬॥

ਧੀਰ ਤੇ ਬੁੱਧੀਮਾਨ ਸਾਧੂਆਂ ਨੂੰ ਗ੍ਰਹਿਸਥ ਨੂੰ ਇਸ ਪ੍ਰਕਾਰ ਨਹੀਂ ਆਖਣਾ ਚਾਹੀਦਾ" ਬੈਠੋ ਆਵੋ ! ਇਹ ਕੰਮ ਕਰੋ। ਸੋ ਜਾਵੋ, ਖੜੇ ਹੋ ਜਾਵੋ ਇਹ ਸਭ ਜੀਵ ਉਪਘਾਤ ਦੇ ਕਾਰਨ ਹਨ, ਇਹ ਪਾਪਕਾਰੀ ਭਾਸ਼ਾ ਹੈ। ॥੪੭॥

ਸੰਸਾਰ ਦੀ ਭੀੜ ਅੰਦਰ ਬਹੁਤ ਸਾਰੇ ਅਸਾਧੂ ਸਾਧੂ ਨਾਂਉ ਹੇਠ ਬੁਲਾਏ ਜਾਂਦੇ ਹਨ ਅਜਿਹੇ ਅਸਾਧੂ ਨੂੰ ਸਾਧੂ ਨਾਂ ਆਖੇ ਪਰ ਮੋਕਸ਼ ਮਾਰਗ ਦੇ ਸਾਧਕ ਨੂੰ ਸਾਧੂ ਆਖੇ। ॥੪੮॥

ਗਿਆਨ ਦਰਸ਼ਨ ਸਹਿਤ ਸੰਜਮ ਤੇ ਤਪ ਵਿੱਚ ਲੱਗੇ ਅਜਿਹੇ ਸੰਜਮ ਸਾਧੂ ਨੂੰ ਸਾਧੂ ਆਖੇ ਪਰ ਭੇਖ ਧਾਰੀ ਨੇ ਸਾਧੂ ਨਾਂ ਆਖੇ। ॥੪੯॥

ਦੇਵ, ਮਨੁੱਖਾਂ ਜਾਂ ਪਸ਼ੂਆਂ ਦੇ ਯੁੱਧ ਵਿੱਚ ਕਿਸ ਦੀ ਜਿੱਤ ਹੋਵੇ ਅਤੇ ਕਿਸ ਦੀ ਹਾਰ ਹੋਵੇ" ਅਜਿਹੀ ਭਾਸ਼ਾ ਦਾ ਸਾਧੂ ਪ੍ਰਯੋਗ ਨਾਂ ਕਰੇ। ॥੫੦॥

ਗਰਮੀ ਦੀ ਮੌਸਮ ਵਿੱਚ ਹਵਾ, ਵਰਖਾ ਰੂਪ ਵਿੱਚ ਵਰਖਾ ਸਰਦੀ ਵਿੱਚ ਠੰਡ, ਤਾਪ, ਰਕਸਨ, ਸਕਾਲ, ਉਪਦਰਵ ਰਹਿਤ ਸਮਾਂ ਕਦ ਆਵੇਗਾ ਜਾਂ ਇਹ ਸਮਾਂ ਕਦ ਬੰਦ ਹੋਵੇਗਾ' ਅਜਿਹਾ ਨਾ ਆਖੇ। ਅਜਿਹਾ ਆਖਣ ਨਾਲ ਅਧਿਕਰਨ ਆਦਿ ਦੋਸ਼, ਪ੍ਰਾਣੀ ਪੀੜਾਂ ਅਤੇ ਆਰਤ ਧਿਆਨ ਦੇ ਦੋਸ਼ ਲੱਗਦੇ ਹਨ। ॥੫੧॥

ਇਸੇ ਪ੍ਰਕਾਰ ਬੱਦਲ, ਅਕਾਸ਼ ਅਤੇ ਰਾਜਾ ਆਦਿ ਨੂੰ ਵੇਖ ਕੇ ਇਹ ਨਾਂ ਆਖੇ "ਇਹ ਦੇਵਤਾ ਹੈ, ਇਹ ਬੱਦਲ ਚਲ ਰਿਹਾ ਹੈ, ਵਰਖਾ ਹੋਈ ਹੈ ਮੇਘ, ਅਕਾਸ਼ ਅਤੇ ਰਾਜਾ ਨੂੰ ਦੇਵਤਾ ਆਖਣ" ਮਿੱਥਿਆ ਅਤੇ ਤਲਘਤ ਆਦਿ ਦੋਸ਼ ਹੁੰਦੇ ਹਨ। ॥੫੨॥

ਅਕਾਸ਼ ਨੂੰ ਅਤੰਰਿਕਸ਼, ਬੱਦਲ ਨੂੰ ਗੁਹਾਚਰਿਤ ਦੇਵਤੀਆਂ ਰਾਹੀਂ ਸੇਵਾ ਕਰਾਉਣ ਵਾਲਾ ਆਖੇ। ਇਹ ਦੋ ਸ਼ਬਦ ਵਰਖਾ ਦੇ ਲਈ ਆਖਣਾ ਚਾਹੀਦਾ ਹੈ ਰਿਧੀ ਵਾਲੇ ਮਨੁੱਖ ਨੂੰ ਵੇਖ ਕੇ ਰਿਧੀਮਾਨ ਆਖਣਾ ਚਾਹੀਦਾ ਹੈ। ॥੫੩॥

ਮੁਨੀ ਸਾਵਦਯ (ਪਾਪਕਾਰੀ) ਕੰਮ ਦੀ ਅਨੁਮੋਦਨੀ, ਅਵਧਾਰਨੀ (ਸ਼ਕ ਵਾਰੇ ਸ਼ਕ ਰਹਿਤ) ਨਿਸ਼ਤਾਸ਼ਕ ਜਾਂ ਸ਼ੰਕਾਕਾਰੀ, ਪਰਉਪ ਘਾਤਕਾਰੀ ਭਾਸ਼ਾ ਦਾ ਪ੍ਰਯੋਗ ਨਾ ਕਰੇ, ਕਰੋਧ ਵਸ਼, ਲੋਭ ਵਸ, ਡਰ ਵਸ, ਹਾਸੇ ਵਸ, ਅਤੇ ਕਿਸੇ ਹੋਰ ਨਾਲ ਹਾਸੇ ਮਜ਼ਾਕ ਵਸ ਨਾ ਬੋਲੇ। ਅਜਿਹਾ ਬੋਲ ਅਸ਼ੁੱਭ ਕਰਮ ਦਾ ਬੰਧਨ ਦਾ ਕਾਰਣ ਹੈ। ॥੫੪॥

ਇਸ ਪ੍ਰਕਾਰ ਮੁਨੀਆਂ ਨੂੰ ਉੱਤਮ ਵਾਕ ਸੁਧੀ ਨੂੰ ਜਾਨ ਕੇ ਦੁਸ਼ਟ, ਦੋਸ਼ ਵਾਲੀ ਭਾਸ਼ਾ ਨਾਂ ਬੋਲੇ ਪਰ ਮਿਤ ਭਾਸ਼ਾ, ਨਿਰਦੋਸ਼ ਭਾਸ਼ਾ ਵਿਚਾਰ ਪੂਰਵਕ ਬੋਲੇ। ਅਜਿਹਾ ਬੋਲਨ ਵਾਲਾ ਮੁਨੀ-ਸਜਨਾ ਵਿੱਚ ਪ੍ਰਸੰਸਾ ਪਾਉਂਦਾ ਹੈ। ॥੫੫॥

ਭਾਸ਼ਾ ਦੇ ਦੋਸ਼ ਤੇ ਗੁਣਾਂ ਨੂੰ ਸਹੀ ਜਾਨ ਕੇ, ਦੁਸ਼ਟ ਭਾਸ਼ਾ ਦਾ ਤਿਆਗੀ, ਛੇ ਜੀਵ ਨਿਕਾਏ ਦੇ ਜੀਵਾਂ ਪ੍ਰਤਿ ਸੰਜਮੀ ਅਤੇ ਚਰਿੱਤਰ ਪਾਸਨ ਵਿੱਚ ਉਦਮੀ ਗਿਆਨੀ ਮੁਨੀ ਦੋਸ਼ ਭਰਪੂਰ ਭਾਸ਼ਾ ਦਾ ਲਗਾਤਾਰ ਤਿਆਗ ਕਰੇ ਅਤੇ ਹਿੱਤਕਾਰੀ, ਸੁੰਦਰ ਫਲ ਦੇਨ ਵਾਲੀ, ਅਨੁਕੂਲ ਅਤੇ ਮਿੱਠੀ ਭਾਸ਼ਾਂ ਦੇ ਦਾ ਪ੍ਰਯੋਗ ਕਰੇ। ॥੫੬॥

ਗੁਣ ਦੋਸ਼ ਦੀ ਪਰੀਖਿਆ ਦੇ ਭਾਸ਼ਨ ਇੰਦਰੀਆਂ ਨੂੰ ਵਸ ਰੱਖਣ ਵਾਲੇ, ਕਰੋਧ ਆਦਿ ਕਸ਼ਾਏ ਕਾਬੂ ਕਰਨ ਵਾਲੇ, ਦਰਵ, ਭਾਵ ਨਿਸ਼ਚਾ ਰਹਿਤ (ਮਮਤਾ ਦੇ ਬੰਧਨਾ ਤੋਂ ਰਹਿਤ) ਮਹਾਤਮਾ ਜਨਮ-ਜਨਮ ਦੀ ਪਿਛਲੀ ਪਾਪ ਮੈਲ ਨਸ਼ਟ ਕਰਕੇ ਬਾਣੀ ਸੰਜਮ ਨਾਲ ਵਰਤਮਾਨ ਤੋਂ ਚੰਗੇ ਭਵਿੱਖ ਦੀ ਅਰਾਧਨਾ (ਪ੍ਰਾਪਤੀ) ਕਰਦੇ ਹਨ। ॥੫੭॥

ਅਜਿਹਾ ਮੈਂ ਆਖਦਾ ਹਾਂ ।

ਟਿਪਨੀ:

੧੨-੧੬ ਮਹਾਂਰਾਸ਼ਟਰ ਵਿੱਚ ਤੇ ਅਨੇ ਨੌਜਵਾਨ ਇਸਤਰੀ ਲਈ ਆਖੇ ਜਾਂਦੇ ਹਨ। ਲਾਟ ਦੇਸ਼ ਵਿੱਚ ਹੱਲਾ ਸ਼ਬਦ ਪ੍ਰਯੋਗ ਹੁੰਦਾ ਹੈ। ਭੱਟੇ ਤੋਂ ਭਾਵ ਪੁੱਤਰ ਹੀਣ ਇਸਤਰੀ ਹੈ । ਹੋਲੇ, ਗੋਲ, ਵਸ਼ਲੇ ਗੋਲ ਦੇਸ਼ ਦੇ ਪਿਆਰੇ ਬੁਲਾਵੇ ਦੇ ਸ਼ਬਦ ਹਨ।

# ਅੱਠਵਾਂ ਪ੍ਰਣਿਧੀ ਨਾਮਕ ਅਧਿਐਨ

ਸ੍ਰਮਣ ਭਗਵਾਨ ਮਹਾਂਵੀਰ ਤੋਂ ਸੁਣੇ ਆਚਾਰ ਪ੍ਰਣਿਧੀ ਨਾਉ ਅਧਿਐਨ ਵਿੱਚ ਆਰਿਆ ਸੁਧਰਮਾ ਸਵਾਮੀ ਆਪਣੇ ਚੇਲੇ ਆਰਿਆ ਜੰਬੂ ਸਵਾਮੀ ਨੂੰ ਆਖਦੇ ਹਨ। ਮੈਨੂੰ ਜੋ ਆਚਾਰ ਪ੍ਰਣਿਧੀ ਪ੍ਰਾਪਤ ਹੋਈ ਹੈ ਉਸ ਨੂੰ ਮੇਰੇ ਤੋਂ ਸਿਲਸਿਲੇ ਵਾਰ ਸੁਣੋ। ਉਸ ਆਚਾਰ ਨਿਧੀ ਨੂੰ ਪਾ ਕੇ ਜਾਣ ਕੇ, ਮੁਨੀਆਂ ਨੂੰ ਉਸ ਅਨੁਮਾਨ ਪੂਰਨ ਰੂਪ ਨਾਲ ਅਤੇ ਸਾਵਧਾਨੀ ਨਾਲ ਕ੍ਰਿਆ ਕਰਨੀ ਚਾਹੀਦੀ ਹੈ। ॥੧॥

ਪ੍ਰਿਥਵੀ, ਪਾਣੀ, ਅੱਗ, ਹਵਾ, ਮੂਲ ਤੋਂ ਬੀਜ ਤਕ ਤਿਨਕੇ, ਦਰਖਤ ਅਤੇ ਦੋ ਇੰਦਰੀਆਂ ਤਰੱਸ ਪ੍ਰਾਣੀ ਜੋ ਜੀਵ (ਚੇਤਨਾ) ਹਨ ਇਨ੍ਹਾਂ ਸਭ ਵਿੱਚ ਜੀਵ ਹੈ "ਅਜਿਹਾ ਭਗਵਾਨ ਮਹਾਵੀਰ ਨੇ ਫਰਮਾਇਆ ਹੈ।

ਇਸ ਕਾਰਣ ਤੋਂ ਭਿਖਸ਼ੂ ਮਨ, ਬਚਨ ਤੇ ਸ਼ਰੀਰ ਤੋਂ ਪ੍ਰਿਥਵੀ ਆਦਿ ਜੀਵਾਂ ਦੀ ਰੱਖਿਆ ਕਰਨ ਵਾਲਾ ਹੋਣਾ ਚਾਹੀਦਾ ਹੈ ਇਨ੍ਹਾਂ ਜੀਵਾਂ ਦੀ ਰੱਖਿਆ ਕਰਣ ਵਾਲਾ ਹੀ ਸੰਜਮੀ ਜਾਂ ਸੰਯਤੀ ਹੁੰਦਾ ਹੈ। ॥੨-੩॥

ਬੁੱਧੀਮਾਨ ਮੁਨੀ ਸੁਧ ਪ੍ਰਿਥਵੀ, ਨਦੀ ਦੇ ਕਿਨਾਰੇ ਦੀ ਕੰਧ ਦੇ ਤਰੇੜ, ਸਿਲ, ਅਤੇ ਪੱਥਰ ਦੇ ਟੁਕੜੇ, ਜੋ ਸਚਿਤ ਹੋਣ ਉਨ੍ਹਾਂ ਨੂੰ ਤਿੰਨ ਕਰਨ ਅਤੇ ਤਿਨ ਯੋਗ ਨਾਲ ਨਾਂ ਛੇਦਨ ਕਰੇ ਨਾਂ ਭੇਦਨ ਕਰੇ, ਨਾਂ ਕੁਰੇਦੇ। ॥੪॥

ਮੁਨੀ ਸਚਿਤ ਪ੍ਰਿਥਵੀ, ਸਚਿਤ ਕਣ ਵਾਲੇ ਆਸਨ ਤੇ ਨਾਂ ਬੈਠੇ ਪਰ ਜੋ ਅਚਿਤ ਪ੍ਰਿਥਵੀ ਆਸਨ ਹੈ ਉਸ ਜ਼ਮੀਨ ਆਸਨ ਦੇ ਮਾਲਕ ਦੀ ਇਜਾਜ਼ਤ ਲੈ ਕੇ, ਪ੍ਰਮਾਜਨ (ਸਾਫ਼) ਕਰਕੇ ਬੈਠੇ।॥੫॥

ਮੁਨੀ ਸਤਿਦੋਕ ਜਲ, ਕੱਚਾ ਬਰਸਾਤ ਦਾ ਪਾਣੀ, ਔਲੇ, ਬਰਫ਼ ਦੇ ਸਚਿਤ ਪਾਣੀ ਦੀ ਵਰਤੋਂ ਨਾ ਕਰੇ ਪਰ ਗਰਮ ਕੀਤਾ ਤੇ ਉਬਲਿਆ ਪਾਣੀ ਜੋ ਅਚਿਤ ਹੋਵੇ ਉਸ ਦੀ ਵਰਤੋਂ ਕਰੇ। ॥੬॥

ਸਚਿਤ ਜਲ ਨਾਲ (ਭਿਜੇ ਵਸਤਰ) ਆਪਣੇ ਸਰੀਰ ਨੂੰ ਨਾ ਪੂੰਜੇ ਅਤੇ ਹੱਥ ਨੂੰ ਮਲੇ। ਅਜਿਹੇ ਪਾਣੀ ਨਾਲ ਭਿੱਜੇ ਸ਼ਰੀਰ ਦੇ ਕਿਸੇ ਹੋਰ ਹਿੱਸੇ ਨੂੰ ਵੀ ਨਾ ਸਪਰਸ਼ ਕਰੇ। ॥੭॥

ਭਿੱਜੇ ਸ਼ਰੀਰ ਨਾਲ ਉਪਾਸਰੇ ਤੇ ਆਕੇ ਇਕ ਪਾਸੇ ਖੜਾ ਹੋ ਜਾਵੇ। ਕੁਦਰਤੀ ਤੌਰ ਤੇ ਸ਼ਰੀਰ ਸੁਕ ਜਾਨ ਤੇ ਹੋਰ ਕੰਮ ਕਰੇ। ਭਿੱਜੇ ਕਪੱੜੇ ਇਕ ਪਾਸੇ ਰੱਖ ਦੇਵੇ । ਸੁਕ ਜਾਣ ਤੇ ਬਾਅਦ ਉਨ੍ਹਾਂ ਨੂੰ ਹੱਥ ਲਗਾਵੇ।

ਬਿਨ੍ਹਾਂ ਜਵਾਲਾ ਦੇ, ਅੰਗਾਰੇ, ਅੱਗ, ਲੋਹੇ ਦੇ ਟੁਕੜੇ, ਜਵਾਲਾ ਵਾਲੀ ਅੱਗ, ਜਲਦੀ ਲਕੱੜ ਆਦਿ ਨੂੰ ਨਾ ਖੁਦ ਵਾਲੇ, ਨਾ ਛੂਏ ਨਾ ਬੁਝਾਵੇ । ਕਿਸੇ ਵੀ ਪ੍ਰਕਾਰ ਨਾਲ ਅੱਗ ਦਾ ਵਰਤੋਂ ਨਾ ਕਰੇ। ॥੮॥

ਗਰਮੀ ਦੇ ਕਾਰਣ ਮੁਨੀ ਤਾੜ ਪਤੱਰ, ਕਮਲ ਦੇ ਪੱਤ, ਦਰਖਤ ਦੀ ਸਾਖ, ਮੋਰ ਪਿਛੀ ਨਾਲ ਆਪਣੇ ਸ਼ਰੀਰ ਨੂੰ ਹਵਾ ਨਾ ਕਰੇ। ਬਾਹਰ ਦੇ ਹੋਰ ਖਾਣ-ਪੀਣ ਯੋਗ ਪਦਾਰਥ ਵੀ ਠੰਡਾ ਕਰਨ ਲਈ ਹਵਾ ਨਾ ਕਰੇ। ॥੯॥

ਮੁਨੀ ਤਿਨਕੇ, ਘਾਹ ਅਤੇ ਕਿਸੇ ਵੀ ਪ੍ਰਕਾਰ ਦੇ ਫਲ ਅਤੇ ਮੁਲ ਦਾ ਆਪ ਛੇਦਨ ਭੇਦਨ ਨਾ ਕਰੇ ਅਤੇ ਭਿੰਨ-ਭਿੰਨ ਪ੍ਰਕਾਰ ਦੇ ਕੱਚੇ ਬੀਜਾਂ ਨੂੰ ਗ੍ਰਹਿਣ ਕਰਨ ਦਾ ਮਨ ਵਿੱਚ ਵਿਚਾਰ ਨਾ ਲੈ ਆਵੇ। ॥੧੦॥

ਮੁਨੀ ਨੂੰ ਜਿੱਥੇ ਖੜੇ ਰਹਿਨ ਤੇ ਬਨਸਪਤੀ ਦਾ (ਸਪਰਸ਼) ਹੁੰਦਾ ਹੋਵੇ ਅਜਿਹੇ ਬਨ ਝਾੜੀਆਂ ਵਿੱਚ ਖੜਾ ਨਾ ਹੋਵੇ, ਬੀਜ, ਹਰੀ ਬਨਸਪਤੀ, ਉਦਿਕ (ਪਾਣੀ) ਉਤੰਗ ਕੁਕਰਮੁਤਾ ਜਾਂ ਕੀੜੀਆਂ ਦੀ ਖੁਡ ਜਾਂ ਪਨਕ ਬਨਸਪਤੀ (ਹਰੀ ਕਾਈ) ਤੇ ਉਪੱਰ ਖੜਾ ਨਾ ਹੋਵੇ। ॥੧੧॥

ਮੁਨੀ ਬਚਨ ਤੇ ਕਾਈਆਂ ਜਾਂ ਹਰ ਤੌਰ ਤੇ ਮਨ ਤੋਂ ਅੰਦਰਲੇ ਭਾਵ ਨਾਲ ਤਰੱਸ ਜੀਵਾਂ ਦੀ ਹਿੰਸਾ ਨਾਂ ਕਰੇ। ਸਭ ਪ੍ਰਾਣੀ ਦੀ ਹਿੰਸਾ ਤੋਂ ਉਪਰ ਹੋ ਕੇ, ਨਿਰਵੇਦ

ਦੇ ਵਾਧੇ ਲਈ ਅਹਿੰਸਾ ਵਰਤ ਦਾ ਪ੍ਰਤਿਦਿਨ ਦ੍ਰਿੜ ਹੋ ਕੇ ਚੱਲੇ ਆਪਣੀ ਆਤਮਾ ਦੀ ਤਰ੍ਹਾਂ ਹੋਰ ਜੀਵਾਂ ਨੂੰ ਗਹਿਰਾਈ ਨਾਲ ਵੇਖੇ। ॥੧੨॥

ਮੁਨੀ ਨੂੰ ਅੱਗੇ ਆਖੀ ਜਾਣ ਵਾਲੀ ਅਠ ਜਾਤੀ ਦੇ ਸੁਖਮ ਜੀਵਾਂ ਨੂੰ ਜਾਨਣਾ ਚਾਹੀਦਾ ਹੈ । ਇਨ੍ਹਾਂ ਸੂਖਮ ਜੀਵਾਂ ਨੂੰ ਜਾਨਣ ਵਾਲਾ ਜੀਵ ਕ੍ਰਿਆ ਦਾ ਅਧਿਕਾਰੀ ਮੁਨੀ ਬਨਦਾ ਹੈ । ਇਨ੍ਹਾਂ ਸੂਖਮ ਜੀਵਾਂ ਦਾ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਬੈਠਣਾ, ਉੱਠਣਾ, ਖੜੇ ਹੋਣਾ, ਸੋਣਾ ਆਦਿ ਕ੍ਰਿਆ ਨਿਰਦੋਸ਼ ਰੂਪ ਵਿਚ ਚਲਦੀ ਹੈ ॥੧੩॥

ਇਹ ਅੱਠ ਸੂਖਮ ਕਿਹੜੇ ਹਨ।

ਸੰਜਮੀ ਮੁਨੀ ਦੇ ਪ੍ਰਸ਼ਨ ਦੇ ਉੱਤਰ ਵਿੱਚ ਮੇਧਾਵੀ, ਅਚਾਰਿਆ ਇਸ ਪ੍ਰਕਾਰ ਸਪਸ਼ਟੀਕਰਨ ਕਰਦੇ ਹਨ।

(੧) ਸਨੇਹ ਸੂਖਮ (ਹਿਮਕਣ) (੨) ਪੁਸ਼ਮ ਸੂਖਮ-ਬੜ ਆਦਿ ਦੇ ਫਲ (੩) ਪ੍ਰਾਣੀ ਸੂਖਮ-ਚਲਨ ਤੇ ਵਿਖਾਈ ਦੇਣ (੪) ਉਤਿਗ ਸੁਖਮ-ਕੀੜੀਆਂ ਦੇ ਨਗਰ ਵਿੱਚ ਰਹੀਆਂ ਕੀੜੀਆਂ ਆਦਿ ਰਹਿਨ ਦੀ ਖੁਡ (੫) ਪਨਕ ਸੂਖਮ-ਪੰਜ ਰੰਗ ਦੀ ਕਾਈ (੬) ਬੀਜ ਸੂਖਮ ਮਧੂ (੭) ਹਰਿਤ ਸੂਖਮ ਫੋਰਨ ਪੈਦਾ ਹੁੰਦੇ ਜ਼ਮੀਨ ਦੇ ਰੰਗ ਵਾਲੀ ਬਨਸਪਤੀ ਦੇ ਜੀਵ (੮) ਸ਼ਾਲ ਆਦਿ ਦੇ ਉਪਰਲੇ ਭਾਗ ਤੇ ਰਹਿਨ ਵਾਲੇ ਕਨੀਕਾ ਮਧੂ ਮੱਖੀ ਦੇ ਸੂਖਮ ਅੰਡੇ। ॥੧੪-੧੫॥

ਸਭ ਇੰਦਰੀਆਂ ਵਿੱਚ ਰਾਗ ਵਵੇਸ਼ ਰਹਿਤ ਹੋ ਕੇ ਮੁਨੀ ਉਪਰੋਕਤ ੮ ਪ੍ਰਕਾਰ ਦੇ ਜੀਵਾਂ ਨੂੰ ਜਾਨ ਕੇ ਅਪ੍ਰਮਾਦ ਭਾਵਨਾ ਇਨ੍ਹਾਂ ਦੀ ਰਾਖੀ ਦੀ ਕੋਸ਼ਿਸ਼ ਕਰੇ। ॥੧੬॥

ਆਪਣੀ ਤਾਕਤ ਹੁੰਦੇ ਮੁਨੀ ਨੂੰ ਪ੍ਰਤਿ ਲੇਖਨਾ (ਤਾੜ ਪੁੰਜ) ਕੇ ਸਮੇਂ ਵਸਤਰ ਪਾਤਰ, ਕੰਬਲ, ਉਪਾਸਰੇ, ਸੰਥਡਿਲ (ਮਲ ਮੁਤਰ ਤਿਆਗ ਭੂਮੀ) ਫੱਟਾ ਅਤੇ

ਆਦਿ ਆਸਨ ਦੀ ਸ਼ਾਸਤਰ ਵਿੱਚ ਦਸੇ ਤਰੀਕੇ ਪ੍ਰਤਿਲੇਖਨਾ ਕਰਕੇ, ਅਹਿੰਸਾ ਧਰਮ ਦਾ ਪਾਲਨ ਕਰਨਾ ਚਾਹੀਦਾ ਹੈ। ॥੧੭॥

ਮੁਨੀ ਭੂਮੀ ਦਾ ਪ੍ਰਤਿਲੇਖਨ ਕਰਕੇ, ਜਿੱਥੇ ਮਲ ਮੂਤਰ ਤਿਆਗ ਯੋਗ ਰਹਿਤ ਭੂਮੀ ਹੋਵੇ ਉੱਥੇ ਟੱਟੀ, ਪਿਸ਼ਾਬ, ਕੱਫ, ਕੰਨ ਅਤੇ ਨੱਕ ਦੀ ਮੈਲ ਅਤੇ ਹੋਰ ਸੁਟਣ ਯੋਗ, ਪਦਾਰਥ ਤਿਆਗ ਕੇ ਸਾਧੂ ਨਿਯਮਾਂ ਦਾ ਪਾਲਨ ਕਰੇ। ॥੧੮॥

ਭੋਜਨ ਪਾਣੀ ਦੇ ਲਈ ਗ੍ਰਹਿਸਥ ਦੇ ਘਰ ਗਿਆ ਸ਼ਾਸਤਰ ਦਾ ਜਾਣਕਾਰ ਮੁਨੀ, ਸਾਵਧਾਨੀ ਨਾਲ ਖੜਾ ਹੋਵੇ ਸਾਵਧਾਨੀ ਨਾਲ ਘਟ ਬੋਲੇ, ਭੋਜਨ-ਪਾਣੀ ਦੇਣ ਵਾਲੀ ਇਸਤਰੀ ਪ੍ਰਤਿ ਮਨ ਨੂੰ ਨਾ ਲਾਵੇ। ਰੂਪ ਰੰਗ ਨਾ ਵੇਖੇ। ਇਸ ਪ੍ਰਕਾਰ ਸੰਜਮ ਦਾ ਪਾਲਨ ਕਰੇ। ॥੧੯॥

ਗਿਆਨ-ਦਰਸਨ ਤੇ ਚਰਿੱਤਰ ਦੇ ਧਾਰਕ ਮੁਨੀ ਆਪਣੇ ਠਿਕਾਣੇ ਤੋਂ ਬਾਹਰ ਗਏ ਜਾਂ ਆਪਣੇ ਠਿਕਾਣੇ ਤੇ ਕੰਨਾ ਨਾਲ ਬਹੁਤ ਸੁਣਿਆ, ਅੱਖਾਂ ਨਾਲ ਵੇਖਿਆ ਸਭ ਕੁਝ ਅਹਿਤਕਾਰੀ ਹੋਵੇ ਤਾਂ ਦੂਸਰੇ ਨੂੰ ਨਾ ਆਖੇ। ॥੨੦॥

ਮੁਨੀ ਰਾਹੀਂ ਸੁਣਿਆ ਤੇ ਵੇਖਿਆ ਹੋਇਆ ਜੋ ਵੀ ਪਰ ਉਪਘਾਤੀ ਹਿੰਸਾ ਹੋਵੇ ਉਸ ਨੂੰ ਨਾਂ ਆਖੇ ਅਤੇ ਕਿਸੇ ਵੀ ਤਰ੍ਹਾਂ ਨਾਲ ਗ੍ਰਹਿਸਥ ਵਾਲੇ ਕੰਮ ਨਾਂ ਕਰੇ। ॥੨੧॥

ਕਿਸੇ ਦੇ ਪੁਛਣ ਜਾਂ ਨਾਂ ਪੁਛਣ ਤੇ ਮੁਨੀ ਭੋਜਨ ਪ੍ਰਤਿ ਇਹ ਨਾ ਆਖੇ "ਇਹ ਭੋਜਨ ਰਸ ਭਰਪੂਰ ਹੈ, ਸੁੰਦਰ ਹੈ, ਰਸ ਰਹਿਤ ਖਰਾਬ ਭੋਜਨ ਮਿਲਣ ਤੇ ਇਹ ਨਾਂ ਆਖੇ" ਇਹ ਰਸ ਰਹਿਤ ਹੈ ਜਾਂ ਖਰਾਬ ਹੈ ਅਤੇ ਰਸ ਅਤੇ ਰਸ ਰਹਿਤ ਦੋਹਾਂ ਪ੍ਰਕਾਰ ਦੇ ਭੋਜਨ ਦੀ ਪ੍ਰਾਪਤੀ ਇਹ ਨਾਂ ਸੋਚੇ "ਇਹ ਭੋਜਨ ਨਾਂ ਮਿਲੇ ਤਾਂ ਚੰਗਾ ਹੈ ਜਾਂ ਇਹ ਸ਼ਹਿਰ ਚੰਗਾ ਹੈ ਜਾਂ ਬੁਰਾ ਹੈ ਦਾਨੀ ਚੰਗਾ ਹੈ ਜਾਂ ਬੂਰਾ ਹੈ"। ॥੨੨॥

ਭੋਜਨ ਪ੍ਰਤਿ ਲਗਾਵ ਰਖ ਕੇ ਅਮੀਰਾਂ ਜਾਂ ਖਾਸ ਘਰ ਵਿਚ ਨਾ ਜਾਵੇ। ਪਹ ਚੁਪ ਕਰ ਕੇ ਸਭ ਘਰਾਂ ਵਿੱਚ ਜਾਵੇ ਅਤੇ ਅਨੇਕਾਂ ਘਰਾਂ ਵਿੱਚੋਂ ਥੋੜਾ-ਥੋੜਾ ਭੋਜਨ

ਗ੍ਰਹਿਣ ਕਰੇ ਅਪ੍ਰਾਸੁਕ, ਕ੍ਰਿਤ, ਉਦੇਸਿਕ ਸਾਹਮਣੇ ਲੈ ਕੇ ਆਉਣਾ ਭੋਜਨ ਭੋਜਨ, ਜੇ ਪ੍ਰਮਾਦ ਵਸ ਵੀ ਆ ਜਾਵੇ ਤਾਂ ਨਾ ਖਾਵੇ। ॥੨੩॥

ਮੁਨੀ ਲੇਸ਼ ਮਾਤਰ ਭੋਜਨ ਦਾ ਸੰਗ੍ਰਹਿ ਨਾ ਕਰੇ। ਨਿਸ਼ਕਾਮੀ ਬਲ ਜੀਵ, ਲਗਾਵ ਰਹਿਤ ਮੁਨੀ, ਪਿੰਡ, ਕੁਲ ਆਦਿ ਦੇ ਆਸਰੇ ਨਾਂ ਰਹਿ ਕੇ ਸਾਰੇ ਜਨਪਦ ਵਿੱਚ ਸੰਸਾਰ ਦੇ ਜੀਵ ਦੀ ਜਨਤਾ ਦਾ ਧਿਆਨ ਰੱਖੇ। ॥੨੪॥

ਮੁਨੀ ਰੁਖੀ ਵਿਰਤੀ ਵਾਲਾ, ਸੰਤੋਖੀ, ਥੋੜੀ ਇਛਾਵਾਂ ਵਾਲਾ, ਥੋੜੇ ਭੋਜਨ ਕਰਨ ਵਾਲਾ ਬਣੇ। ਕਰੋਧ ਦਾ ਖਾਤਮਾ ਕਰਨ ਵਾਲੇ ਜਿੰਨੇ ਦੇਰ ਭਗਵਾਨ ਦੇ ਬਚਨ ਸੁਣੇ । ਮੁਨੀ ਕਦੇ ਵੀ ਕਰੋਧ ਨਾਂ ਕਰੇ। ॥੨੫॥

ਮੁਨੀ ਕੰਨ ਨਾਲ ਬੀਣ, ਬਾਜਿਤਰ, ਆਦਿ ਸ਼ਬਦ ਸੁਣ ਕੇ ਉਨ੍ਹਾਂ ਪ੍ਰਤਿ ਪਿਆਰ ਨਾ ਕਰੇ ਅਤੇ ਨਾ ਹੀ ਦਵੇਸ਼ ਕਰੇ ਕਠੋਰ ਅਤੇ ਕਰਕਸ਼ ਸ਼ਰੀਰ ਨਾਲ, ਸਾਂਤੀਪੂਰਵਕ ਸਹਿਨ ਕਰੇ। ॥੨੬॥

ਮੁਨੀ ਭੁੱਖ, ਪਿਆਸ, ਕੱਸਟ ਦੇਣ ਵਾਲਾ ਆਸਨ, ਠੰਡ, ਗਰਮੀ, ਅਰਤਿ ਦੇ ਡਰ ਨੂੰ ਅਦੀਨ ਮਨ ਨਾਲ, ਦੁੱਖ ਰਹਿਤ ਹੋ ਕੇ ਸਹਿਨ ਕਰੇ ਕਿਉਂਕਿ ਵੀਤਰਾਗ ਪ੍ਰਮਾਤਮਾ ਨੇ ਕਿਹਾ ਹੈ "ਦੇਹ ਤੋਂ ਉਤਪੰਨ ਹੋਣ ਵਾਲੇ ਕਸ਼ਟਾਂ ਨੂੰ ਸਹੀ ਪ੍ਰਕਾਰ ਨਾਲ ਸਹਿਨ ਕਰਨਾ ਮਹਾਨ ਫਲ ਦਾਇਕ ਹੈ। ॥੨੭॥

ਸੂਰਜ ਛਿਪਣ ਤੋਂ ਲੈ ਕੇ ਸੂਰਜ ਨਿਕਲਣ ਤਕ ਚਾਰੇ ਪ੍ਰਕਾਰ ਦੇ ਭੋਜਨ ਵਿੱਚੋਂ ਕਿਸੇ ਦੀ ਇੱਛਾ ਨਾਂ ਕਰੇ। ॥੨੮॥

ਗ੍ਰਹਿਸਥ ਦੇ ਘਰ ਤੋਂ ਭੋਜਨ ਨਾ ਮਿਲਨ ਜਾਂ ਰਸ ਰਹਿਤ ਭੋਜਨ ਮਿਲਨ ਤੋਂ ਵਿਰਲਾਪ ਨਾ ਕਰੇ ਨਾ ਚੰਚਲਤਾ ਦਿਖਾਵੇ, ਸਗੋਂ ਸਥਿਰ ਰਾਸ਼ੀ, ਘੱਟ ਬੋਲਣ ਵਾਲਾ, ਮਿਤ (ਘਟ) ਭੋਜਨ ਕਰਨ ਵਾਲਾ ਅਤੇ ਪੇਟ ਦੀ ਭੁੱਖ ਦੇ ਕਾਬੂ ਕਰਨ ਵਾਲਾ ਬਨੇ। ਘੱਟ ਮਿਲਨ ਤੇ ਸ਼ਹਿਰ ਜਾਂ ਪਿੰਡ ਵਿੱਚ ਨਿੰਦਾ ਕਰਨ ਵਾਲਾ ਨਾ ਬਣੇ। ॥੨੯॥

ਇਸ ਪ੍ਰਕਾਰ ਮੁਨੀ ਕਿਸੇ ਦਾ ਤਿਰਸਕਾਰ ਨਾਂ ਕਰੇ, ਆਪਣੀ ਮਹਾਨਤਾ ਪ੍ਰਗਟ ਨਾਂ ਕਰੇ । ਗਿਆਨ, ਲਾਭ, ਜਾਤੀ, ਤਪ ਅਤੇ ਵਿਦਿਆ ਦਾ ਅਭਿਮਾਨ ਨਾ ਕਰੇ। ॥੩੦॥

ਮੁਨੀ ਰਾਗ ਦਵੇਸ਼ ਦੇ ਕਾਰਣ ਜਾਨ ਅਨਜਾਨ ਵਿੱਚ ਮੂਲ-ਉਤਰ ਗੁਣਾਂ ਦੀ ਉਲੰਘਣਾ ਜੇਕਰ ਕਰ ਲਵੇ ਤਾਂ ਛੇਤੀ ਹੀ ਉਸ ਦੀ ਆਲੋਚਨਾ ਕਰਕੇ ਉਸਨੂੰ ਫੇਰ ਨਾ ਕਰਨ ਦਾ ਪ੍ਰਣ ਕਰੇ। ॥੩੧॥

ਲਗਾਤਾਰ ਪਵਿੱਤਰ ਬੁੱਧੀ ਵਾਲਾ, ਸਪੱਸ਼ਟ ਭਾਵ ਵਾਲਾ, ਬਿਨਾ ਰੁਕਾਵਟ ਘੁੰਮਨ ਵਾਲਾ, ਇੰਦਰੀਆਂ ਦਾ ਜੇਤੂ ਮੁਨੀ ਪਹਿਲਾਂ ਕੀਤੇ ਅਸ਼ੁੱਭ ਕਰਮ ਦੇ ਸਿੱਟੇ ਵੱਜੋ ਜੇ ਅਨਾਚਾਰ ਦਾ ਸੇਵਨ ਕਰ ਲਵੇ ਤਾਂ ਛੇਤੀ ਹੀ ਗੁਰੂ ਕੋਲ ਜਾ ਕੇ ਉਸ ਦੀ ਆਲੋਚਨਾ ਕਰ ਲਵੇ ਉਸ ਨੂੰ ਨਾ ਛਿਪਾਵੇ ਨਾ ਇਹ ਆਖੇ ਕਿ ਇਹ ਕੰਮ ਮੈਂ ਨਹੀਂ ਕੀਤਾ। ॥੩੨॥

ਮੁਨੀ ਮਹਾਤਮਾ, ਅਚਾਰਿਆ ਭਗਵਾਨ ਦੇ ਬਚਨ ਆਗਿਆ ਨੂੰ ਸੱਚ ਕਰਨਾ ਚਾਹੀਦਾ ਹੈ। ਅਚਾਰਿਆ ਦੇ ਬਚਨ ਨੂੰ ਮਨ ਨਾਲ ਸਵਿਕਾਰ ਕਰੇ ਫੇਰ ਆਦਰਪੂਰਵਕ ਉਸ ਕੰਮ ਨੂੰ ਆਚਰਣ ਰਾਹੀਂ ਸਫਲ ਕਰੇ। ॥੩੩॥

ਮੁਨੀ ਇਸ ਜੀਵਨ ਨੂੰ ਅਨਿੱਤ ਸਮਝ ਕੇ ਆਪਣੀ ਉਮਰ ਨੂੰ ਗਿਆਨ ਨਾਲ ਸਮਝ ਕੇ ਗਿਆਨ, ਦਰਸ਼ਨ, ਚਰਿੱਤਰ ਰੂਪ, ਮੋਕਸ਼ ਮਾਰਗ ਨੂੰ ਲਗਾਤਾਰ ਸੁਖ ਮਾਰਗ ਕੇ ਵਿਚਾਰ ਕੇ ਬੰਧਨ ਦੇ ਵਿਸ਼ਿਆਂ ਬਾਰੇ ਪਿੱਛੇ ਹੱਟੇ। ॥੩੪॥

ਮੁਨੀ ਆਪਣੀ ਸ਼ਕਤੀ, ਮਾਨਸਿਕ ਸ਼ਕਤੀ, ਸ਼ਰੀਰਕ ਸ਼ਕਤੀ, ਸ਼ਰਧਾ ਅਤੇ ਨਿਰੋਗਤਾ ਵੇਖ ਕੇ ਖੇਤਰ ਕਾਲ ਜਾਨ ਕੇ ਉਸ ਅਨੁਸਾਰ ਆਪਣੀ ਆਤਾ ਨੂੰ ਧਰਮ ਕੰਮ ਵਿੱਚ ਲਗਾਵੇ। ॥੩੫॥

ਜਦ ਤਕ ਬੁਢਾਪਾ ਤੰਗ ਨਹੀਂ ਕਰਦਾ, ਰੋਗ ਨਹੀਂ ਸਤਾਉਂਦੇ ਇੰਦਰੀਆਂ (ਕੰਨ, ਅੱਖ ਆਦਿ) ਧੋਖਾ ਨਹੀਂ ਦਿੰਦੀਆਂ, ਉਦੋਂ ਤਕ ਸ਼ਕਤੀ ਨੂੰ ਬਿਨਾ ਛਿਪਾਏ ਧਰਮ ਦਾ ਆਚਰਨ ਕਰੇ। ॥੩੬॥

ਕਰੋਧ, ਮਾਨ, ਮਾਇਆ ਅਤੇ ਲੋਕ ਇਹ ਪਾਪ ਵਿੱਚ ਪਾਪਾ ਕਰਨ ਵਾਲੇ ਹਨ ਜੋ ਮੁਨੀ ਆਪਣਾ ਹਿੱਤ ਚਾਹਨ ਵਾਲਾ ਹੈ ਇਸ ਲਈ ਇਨ੍ਹਾਂ ਚਾਰ ਕਸ਼ਾਏ ਨੂੰ ਛੱਡ ਦੇਵੇ, ਇਨ੍ਹਾਂ ਦਾ ਸੇਵਨ ਨਾ ਕਰੇ। ॥੩੭॥

ਕਰੋਧ ਪ੍ਰੇਮ ਦਾ ਨਾਸ਼ਕ ਹੈ, ਮਾਨ ਵਿਨੈ ਦਾ ਨਾਸ਼ਕ ਹੈ, ਮਾਇਆ (ਧੋਖਾ) ਮਿੱਤਰਤਾ ਦਾ ਨਾਸ਼ਕ, ਲੋਕ ਸਰਵ ਵਿਨਾਸ਼ਕ ਹੈ। ॥੩੮॥

ਉਪਸ਼ਮ (ਨਿਮਰਤਾ) ਨਾਲ ਕਰੋਧ ਤੇ ਦਾ ਨਾਸ਼ ਕਰੇ, ਮਿਠਾਸ ਨਾਲ ਅਤੇ ਆਹੰਕਾਰ ਦਾ ਨਾਸ਼ ਕਰੇ, ਸਰਲਤਾ ਨਾਲ ਮਾਇਆ ਨਾਸ਼ ਕਰੇ। ਸੰਤੋਖ ਨਾਲ ਲੋਭ ਦਾ ਨਾਸ਼ ਕਰੇ। ॥੩੯॥

ਜਿਸ ਪਰ ਕਾਬੂ ਨਹੀਂ ਪਾਈਆ ਜਾ ਸਕਦਾ ਅਜਿਹੇ ਕਰੋਧ ਅਤੇ ਮਾਨ ਨੂੰ ਅਤੇ ਵਧਦੀ ਹੋਈ ਮਾਈਆ ਅਤੇ ਲੋਭ ਇਹਨਾ ਚਾਰਾ ਕੁਸਾਈਆਂ ਨੂੰ ਜਨਮ ਮਰਨ ਰੂਪੀ ਜਹਿਰ ਦਾ ਦਰਖਤ ਜਾਨਕੇ ਇਹਨਾਂ ਦੀਆ ਜੜ੍ਹਾ ਨੂੰ ਸਿੰਜਣ ਵਾਲੇ ਹੁੰਦੇ ਹਨ। ॥੪੦॥

ਮੁਨੀ, ਆਚਾਰਿਆ, ਉਪਾਧਿਆ, ਮਹਾਵਰਤਾਂ ਦੇ ਪਖ ਤੋਂ ਜੇਠੇ (ਬੜੇ ਸਾਧੂ ਦੀ ਵਿਨੈ ਭਗਤੀ ਕਰੇ, ਧਰੁਵ ਸ਼ੀਲਤਾ ਪ੍ਰਤੀ ਹਾਨੀ ਨਾ ਹੋਣ ਦੇਵੇ, ਕੱਛੂ ਦੀ ਤਰ੍ਹਾਂ ਆਪਣੇ ਅੰਗ ਉਪੰਗ ਨੂੰ ਸ਼ਰੀਰ ਰਾਹੀਂ ਰੋਕ ਕੇ, ਗੁਪਤੀ ਪੂਰਵਕ ਤਪ ਤੇ ਸੰਜਮ ਵਿੱਚ ਲਗਿਆ ਰਹੇ। ॥੪੧॥

ਮੁਨੀ ਨਿੰਦਾ ਨੂੰ ਜ਼ਿਆਦਾ ਮਹੱਤਵ ਨਾ ਦੇਵੇ, ਕਿਸੇ ਨਾਲ ਹਾਸ, ਮਜ਼ਾਕ, ਠੱਠਾ ਨਾਂ ਕਰੇ, ਮੇਥੁਨ (ਕਾਮ ਭੋਗ) ਦੀ ਕਥਾ ਨਾ ਕਰੇ ਮੁਨੀ ਨਾਲ ਵੀ ਅਜਿਹੀ ਗਲ ਨਾ

ਕਰੇ ਸਗੋਂ ਲਗਾਤਾਰ ਸਵਾਧਿਆਏ ਪ੍ਰਤਿ ਲਗਾਵ ਅਤੇ ਧਿਆਨ ਵਿੱਚ ਘੁੰਮੇ। ॥੪੨॥

ਮੁਨੀ ਪ੍ਰਮਾਦ ਰਹਿਤ ਹੋ ਕੇ ਤਿੰਨ ਯੋਗ ਰਾਹੀਂ ਸ੍ਰਮਣ (ਸਾਧੂ) ਧਰਮ ਦਾ ਪਾਲਨ ਕਰੇ । ਕਿਉਂਕਿ ਦਸ ਪ੍ਰਕਾਰ ਦੇ ਸ੍ਰਮਣ ਧਰਮ ਦਾ ਪਾਲਨ ਕਰਨ ਨਾਲ ਮੁਨੀ ਅਨੁਤਰ-ਅਰਥ (ਕੇਵਲ ਗਿਆਨ) ਨੂੰ ਪ੍ਰਾਪਤ ਕਰਦਾ ਹੈ। ॥੪੩॥

ਜਿਸ ਸ੍ਰਮਣ ਧਰਮ ਦੇ ਪਾਲਨ ਨਾਲ ਇਸ ਲੋਕ ਤੇ ਪਰਲੋਕ ਦਾ ਭਲਾ ਹੁੰਦਾ ਹੈ ਜਿਸ ਰਾਹੀਂ ਚੰਗੀ ਗਤਿ ਵਿੱਚ ਜਾਇਆ ਜਾਂਦਾ ਹੈ ਉਸ ਧਰਮ ਦਾ ਪਾਲਨ ਕਰਨ ਵਿੱਚ ਜ਼ਰੂਰੀ ਗਿਆਨ ਆਦਿ ਦੀ ਪ੍ਰਾਪਤ ਲਈ ਬਹੁਸ਼ਰੁਤ ਆਗਮ ਦੇ ਜਾਨਕਾਰ, ਗਿਆਨੀ ਆਚਾਰਿਆ ਭਗਵਾਨ ਦੀ ਸੇਵਾ ਕਰੇ ਅਤੇ ਉਨ੍ਹਾਂ ਤੋਂ ਵਿਨੈ ਪੂਰਵਕ ਸ਼ਾਸਤਰਾਂ ਦੇ ਅਰਥ ਤੇ ਪ੍ਰਸ਼ਨ ਪੁੱਛੇ। ॥੪੪॥

ਇੰਦਰੀਆਂ ਦਾ ਜੇਤੂ ਮੁਨੀ ਹੱਥ, ਪੈਰ ਅਤੇ ਸ਼ਰੀਰ ਨੂੰ ਕਾਬੂ ਕਰੇ, ਨਾਂ ਜ਼ਿਆਦਾ ਦੂਰ, ਆਲੀਨ (ਮਨ ਬਚਨ ਅਤੇ ਕਾਈਆ) ਹੋ ਕੇ ਉਪਯੋਗ (ਆਤਮ ਪ੍ਰਤਿ ਜਾਗਰੁਕ) ਪੂਰਵਕ ਗੁਰੂ ਦੇ ਦੇ ਕਰੀਬ ਬੈਠੇ। ॥੪੫॥

ਗੁਰੂ ਦੇ ਬਰਾਬਰ, ਗੁਰੂ ਵੱਲ ਪਿੱਠ ਕਰਕੇ ਨਾ ਬੈਠੇ, ਗੁਰੂ ਦੇ ਸਾਹਮਣੇ ਪਟ ਤੇ ਪਟ ਚੜਾ ਕੇ, ਪੈਰ ਤੇ ਪੈਰ ਚੜਾ ਕੇ ਨਾ ਬੈਠੇ। ਸਗੋਂ ਗੁਰੂ ਦੇ ਸਾਹਮਣੇ ਹੱਥ ਜੋੜ ਕੇ ਮਰਿਆਦਾ ਅਨੁਸਾਰ ਬੈਠੇ। ॥੪੬॥

ਗੁਰੂ ਆਦਿ ਦੇ ਬਿਨਾਂ ਪੁੱਛੇ ਨਾ ਬੋਲੇ, ਵਿਚਕਾਰ ਨਾ ਬੋਲੇ, ਗੁਰੂ ਦੀ ਪਿੱਠ ਪੀਛੇ ਗੁਰੂ ਦੇ ਦੋਸ਼ਾਂ ਦਾ ਕਥਨ ਨਾਂ ਕਰੇ, ਧੋਖਾ ਝੂਠ ਦਾ ਹਮੇਸ਼ਾ ਤਿਆਗ ਕਰੇ। ॥੪੭॥

ਨਫ਼ਰਤ ਪੈਦਾ ਕਰਨ ਵਾਲੀ, ਕਰੋਧ ਉਤਪੰਨ ਕਰਨ ਵਾਲੀ, ਆਪਣੇ ਤੇ ਹੋਰ ਦੇ ਹਿੱਤ ਨਾਂ ਕਰਨ ਵਾਲੀ ਅਤੇ ਦੋ ਗਲੀ ਲੋਕ ਵਿਰੁੱਧ ਭਾਸ਼ਾ ਨਾ ਬੋਲੇ। ॥੪੮॥

ਆਤਮਾ ਵਿੱਚ ਘੁੰਮਨ ਵਾਲਾ ਮੁਨੀ, ਨਜ਼ਰ ਆਉਂਦੇ ਵਿਸ਼ੇ ਖੁਦ ਵੇਖੇ ਹੋਏ ਪਦਾਰਥ ਸਬੰਧੀ ਮਿਤ. ਸ਼ੰਕਾ ਰਹਿਤ, ਸੰਪੂਰਨ ਪ੍ਰਗਟ, ਜਾਨਣ ਵਾਲਾ, ਉੱਚੀ ਅਵਾਜ਼ ਰਹਿਤ, ਜਲਦਬਾਜ਼ੀ ਰਹਿਤ ਭਾਸ਼ਾ ਬੋਲੇ। ॥੪੯॥

ਆਚਾਰ ਦਾ ਧਾਰਕ (ਆਚਾਰੰਗ ਜਾਂ ਭਗਵਤੀ ਅਤੇ ਦਰਿਸ਼ਟੀ ਵਾਦ ਪੂਰਬ ਦਾ ਪੜ੍ਹਨ ਵਾਲੇ ਮੁਨੀ ਤੋਂ ਜੇ ਪ੍ਰਕ੍ਰਿਤੀ, ਪ੍ਰਤਯ, ਲਿੰਗ, ਕਾਲ ਕਾਰਕ, ਵਰਨ ਟੁੱਟ ਜਾਨ, ਬੋਲਨ ਪੱਖੋਂ ਰਹਿ ਜਾਨ ਤਾਂ ਅਜਿਹੀ ਭੁੱਲ ਤੇ ਪੜ੍ਹਨ ਵਾਲੇ ਦਾ ਹਾਸਾ ਮਜ਼ਾਕ ਨਾ ਕਰੇ। ॥੫੦॥

ਮੁਨੀ ਨਛੱਤਰ, ਸੁਪਨ, ਵਸ਼ੀਕਰਨ ਯੋਗ, ਨਮਿਤ, ਮੰਤਰ, ਦਵਾਈ ਆਦਿ ਗ੍ਰਹਿਸਥਾ ਨੂੰ ਨਾ ਦੱਸੇ। ਇਸ ਕਾਰਣ ਇਕ ਇੰਦਰੀਆਂ ਵਾਲੇ ਜੀਵਾਂ ਦੀ ਹਿੰਸਾ ਹੁੰਦੀ ਹੈ ਗ੍ਰਹਿਸਥਾਂ ਦੀ ਨਫ਼ਰਤ ਦੂਰ ਕਰਨ ਲਈ ਆਖੇ ਕਿ ਇਨ੍ਹਾਂ ਕੰਮਾਂ ਵਿੱਚ ਮੁਨੀਆਂ ਨੂੰ ਬੋਲਨ ਦਾ ਅਧਿਕਾਰ ਨਹੀਂ। ॥੫੧॥

ਦੂਸਰੇ ਦੇ ਲਈ ਬਨੀ ਹੋਈ, ਮਲ ਮੂਤਰ ਭੂਮੀ ਸਹਿਤ, ਪਸ਼ੂ ਰਹਿਤ ਸਥਾਨ ਤੇ ਮੁਨੀ ਰਹੇ ਅਤੇ ਫਟਾ ਤੇ ਆਸਨ ਜੋ ਹੋਰਾਂ ਲਈ ਬਨਿਆ ਹੋਵੇ ਉਹ ਹੀ ਪ੍ਰਯੋਗ ਵਿੱਚ ਲਿਆਵੇ। ॥੫੨॥

ਇਕੱਲੇ ਸਥਾਨ ਤੇ ਇਕੱਲੀ ਇਸਤਰੀ ਨਾਲ ਮੁਨੀ ਧਰਮ ਕਥਾ ਨਾਂ ਕਰੇ ਇਸ ਨਾਲ ਸ਼ੱਕ ਪੈਦਾ ਹੋਣ ਦੀ ਸੰਭਾਵਨਾ ਰਹਿੰਦੀ ਹੈ। ਗ੍ਰਹਿਸਥੀ ਨਾਲ ਜ਼ਿਆਦਾ ਜਾਣਕਾਰੀ ਨਾ ਵਧਾਵੇ ਸਗੋਂ ਮੁਨੀ ਜਾਂ ਸੱਜਣਾ ਨਾਲ ਜਾਣਕਾਰੀ ਵਧਾਵੇ। ॥੫੩॥

ਕਿਵੇਂ ਮੁਰਗੀ ਦੇ ਬੱਚੇ ਨੂੰ ਬਿੱਲੀ ਤੋਂ ਹਮੇਸ਼ਾ ਡਰ ਰਹਿੰਦਾ ਹੈ ਉਸ ਤਰ੍ਹਾਂ ਇਸਤਰੀ ਸ਼ਰੀਰ ਤੋਂ ਬ੍ਰਹਮਚਾਰੀ ਮੁਨੀ ਨੂੰ ਇਸਤਰੀ ਤੋਂ ਡਰ ਰਹਿੰਦਾ ਹੈ। ਇਸ ਲਈ ਮੁਨੀ ਇਸਤਰੀ ਜਾਣਕਾਰੀ ਤੋਂ ਦੂਰ ਰਹੇ। ॥੫੪॥

ਕੰਧ ਤੇ ਲਟਕੇ ਜਾਂ ਉਤਰੇ ਇਸਤਰੀ ਦੇ ਚਿੱਤਰ ਨਾ ਵੇਖੇ, ਗਹਿਣੇ ਕਪੱੜਿਆਂ ਵਾਲੀ ਜਾਂ ਫਟੇ ਪੁਰਾਣੇ, ਭੈ ਵਾਲੀ ਇਸਤਰੀ ਨੂੰ ਨਾ ਵੇਖੇ। ਜੇ ਸਹਿਜ ਨਜ਼ਰ ਆ

ਜਾਵੇ, ਤਾਂ ਆਪਣੇ ਅੱਖ ਇਸ ਤਰ੍ਹਾਂ ਬਚਾ ਲਵੇ ਜਿਵੇਂ ਕਿਸੇ ਦੀ ਸਹਿਜ ਅੱਖ ਸੂਰਜ ਵਲ ਜਾਂਦੀ ਹੈ ਅਤੇ ਆਪ ਹੀ ਹੇਠਾਂ ਨੂੰ ਹੋ ਜਾਂਦੀ ਹੈ ਉਸੇ ਤਰ੍ਹਾਂ ਸਾਧੂ ਨਜ਼ਰ ਪੈਣ ਤੇ ਅੱਖ ਹੇਠਾਂ ਕਰ ਲਵੇ। ॥੫੫॥

ਬ੍ਰਹਮਚਾਰੀ ਮੁਨੀ ਹੱਥ, ਪੈਰ ਤੇ ਕਟੀ ਹੋਈ, ਕੰਨ ਤੋਂ ਰਹਿਤ, ਅਜਿਹੀ ੧੦੦ ਸਾਲ ਦੀ ਬੁੱਢੀ ਇਸਤਰੀ ਨਾਲ ਵੀ ਜਾਣਕਾਰੀ ਪੈਦਾ ਨਾ ਕਰੇ । ਨੌਜਵਾਨ ਇਸਤਰੀ ਦੀ ਜਾਣਕਾਰੀ ਤਾਂ ਹਰ ਸਮੇਂ ਮਨਾਂ ਹੈ ॥੫੬॥

ਆਤਮਾ ਦੇ ਭਲਾ ਚਾਹੁਣ ਵਾਲੇ ਮੁਨੀ ਲਈ ਹਾਰ ਸ਼ਿੰਗਾਰ, ਇਸਤਰੀਆਂ ਦੀ ਜਾਣਕਾਰੀ, ਵਾਸਨਾ ਵਾਲਾ ਤਾਲਪੁਟ ਜ਼ਹਿਰ ਦੀ ਤਰ੍ਹਾਂ ਹੈ। ਇਹ ਬ੍ਰਹਮਚਰਜ ਘਾਤਕ ਹੈ। ॥੫੭॥

ਆਤਮਾ ਦਾ ਭਲਾ ਚਾਹੁਣ ਵਾਲਾ ਮੁਨੀ ਇਸਤਰੀ ਦੇ ਮੱਥਾ ਆਦਿ ਅੰਗ, ਅੱਖ ਆਦਿ ਉਪ ਅੰਗ ਦੇ ਆਕਾਰ, ਮਿਠੀ ਬੋਲੀ, ਤਾਨੇ (ਇਸ਼ਾਰੇ) ਅਤੇ ਸੁੰਦਰ ਸ਼ਰੀਰ ਨੂੰ, ਉਸ ਦੀ ਸੁੰਦਰ ਅੱਖਾਂ ਨੂੰ ਨਾਂ ਵੇਖੇ। ਕਿਉਂਕਿ ਇਹ ਸਭ ਵਿਸ਼ੇ ਭੋਗ ਵਿਲਾਸ਼ ਵਿੱਚ ਵਾਧਾ ਕਰਨ ਵਾਲੇ ਹਨ। ॥੫੮॥

ਜਿੰਨੇ ਦੇਰ ਭਗਵਾਨ ਦੇ ਆਖੇ ਅਨੁਸਾਰ ਸ਼ਬਦ ਆਦਿ ਪਰਿਣਾਮ (ਬਦਲਾਓ) ਰੂਪ ਵਿੱਚ ਬਦਲਦੇ ਪੁਦਗਲ ਦੇ ਪਰਿਣਾਮ ਨੂੰ ਅਨਿੱਤ ਜਾਨ ਕੇ ਮਨ ਨੂੰ ਚੰਗੇ ਲਗਨ ਵਾਲੇ ਵਿਸ਼ੇ ਪ੍ਰਤਿ ਰਾਗ ਨਾਂ ਕਰੇ। ਚੰਗੇ ਨਾ ਲਗਣ ਵਾਲੇ ਵਿਸ਼ੇਆ ਪ੍ਰਤਿ ਦਵੇਸ਼ ਨਾਂ ਕਰੇ ਕਿਉਂਕਿ ਸੁੰਦਰ ਪੁਦਗਲ ਪ੍ਰਗਟ ਹੋਣ ਤੇ ਅਸੁੰਦਰ, ਸੁੰਦਰ ਪੁਦਗਲ ਕਾਰਣ ਅਸੁੰਦਰ ਹੋ ਜਾਂਦੇ ਹਨ ਇਸ ਲਈ ਪੁਦਗਲ ਪਰਿਨਾਮਾਂ ਪ੍ਰਤਿ ਰਾਗ ਦਵੇਸ ਨਾਂ ਕਰੇ। ॥੫੯॥

ਆਤਮਾ ਦਾ ਭਲਾ ਚਾਹੁਣ ਵਾਲਾ ਮੁਨੀ ਪੁਦਗਲਾ ਦੀ ਸ਼ੁਭ ਅਸ਼ੁਭ ਪਰਿਨਮਨ ਕ੍ਰਿਆ ਨੂੰ ਵੇਖ ਕੇ, ਉਸ ਦੀ ਵਰਤੋਂ ਪ੍ਰਤਿ ਪਿਆਸ ਰਹਿਤ ਹੋ ਕੇ ਅਤੇ ਕਰੋਧ ਆਦਿ ਅਗਨੀ ਦੇ ਨਾਂ ਹੋਣ ਕਾਰਣ ਠੰਡਾ ਹੋ ਕੇ ਵਿਚਰੇ। ॥੬੦॥

ਉੱਤਮ ਚਰਿੱਤਰ (ਸਾਧੂ ਜੀਵਨ) ਗ੍ਰਹਿਣ ਕਰਦੇ ਸਮੇਂ ਜੋ ਸ਼ਰਧਾ ਸੀ, ਜੋ ਭਾਵ ਮਨ, ਉਸੇ ਸ਼ਰਧਾ ਨੂੰ ਪਹਿਲਾਂ ਦੀ ਤਰ੍ਹਾਂ ਅਖੰਡ ਰੱਖਕੇ ਚਰਿੱਤਰ ਦਾ ਪਾਲਨ ਕਰੇ। ਅਚਾਰਿਆ ਰਾਜ ਤੀਰਥੰਕਰ ਪ੍ਰਮਾਤਮਾ ਆਦਿ ਦੱਸੇ ਮੂਲ ਗੁਣਾਂ ਨੂੰ ਅਪ੍ਰਤਿਪਾਤੀ ਸ਼ਰਧਾ ਪ੍ਰਗਟ ਚੜ੍ਹਦੇ ਵੇਖ ਕੇ ਪਾਲਨ ਕਰੇ। ॥੬੧॥

੧੨ ਪ੍ਰਕਾਰ ਦੇ ਤਪ, ਛੇ ਕਾਇਆ ਦੇ ਜੀਵਾਂ ਦਾ ਰੱਖਿਅਕ ਰੂਪ ਸੰਜਮ, ਯੋਗ, ਸਵਾਧਿਆਏ, ਬਚਨ ਆਦਿ ਰੂਪ ਸੰਜਮ ਵਿਉਪਾਰ ਵਿਚ ਲਗਾਤਾਰ ਸਥਿਤ ਮੁਨੀ, ਆਪਣੀ ਅਤੇ ਦੂਸਰੇ ਦੀ ਰੱਖਿਆ ਕਰਨ ਵਿੱਚ ਉਸੇ ਪ੍ਰਕਾਰ ਸਮਰੱਥ ਹੈ ਜਿਸ ਪ੍ਰਕਾਰ ਦੁਸ਼ਮਣ ਦੀ ਫੋਜ ਵਿੱਚ ਹਥਿਆਰਾਂ ਤੇ ਸੈਨਿਕਾਂ ਨਾਲ ਘਿਰੀਆਂ ਬਹਾਦਰ ਸੈਨਿਕ ਫੋਜਾਂ। ॥੬੨॥ (ਭਾਵ ਤਪ, ਸੰਜਮ ਸਵਾਧਿਆਏ ਰੂਪੀ ਸ਼ਸਤਰ ਵਾਲਾ ਸਾਧ ਆਪਣੇ ਤੇ ਦੂਸਰੇ ਦੀ ਮੋਹਰੂਪੀ ਸੇਨਾ ਤੋਂ ਮੁਕਤ ਕਰਾਉਣ ਵਿੱਚ ਸਮਰੱਥ ਹੈ।

ਸਵਾਧਿਆਏ ਰੂਪ ਸ਼ੁਭ ਧਿਆਨ ਵਿੱਚ ਲੱਗਿਆ, ਆਪਣੇ ਤੇ ਪਰਾਏ ਦਾ ਰੱਖਿਅਕ, ਸ਼ੁੱਧ ਭਾਵਾਂ ਵਾਲਾ, ਤਪਸਿਆ ਵਾਲਾ, ਮੁਨੀ ਪਹਿਲਾ ਕੀਤੇ ਪਾਪਾਂ ਤੋਂ ਸ਼ੁੱਧ ਹੁੰਦਾ ਹੈ ਜਿਵੇਂ ਅੱਗ ਤਪਾਉਨਾ ਤੇ ਚਾਂਦੀ ਦਾ ਮੇਲ ਸ਼ੁੱਧ ਹੁੰਦਾ ਹੈ ਭਾਵ ਕਰਮ ਨਿਰਜਲਾ ਹੁੰਦੀ ਹੈ। ॥੬੩॥

ਉਪਰ ਆਖੇ ਗੁਣਾਂ ਵਾਲਾ ਅਤੇ ਦੁੱਖ ਸਹਿਨ ਕਰਨ ਵਾਲਾ ਪਰਿਸ਼ੈ ਸਹਿਨ ਵਾਲਾ, ਇੰਦਰੀਆਂ ਦਾ ਜੇਤੂ, ਸੁਰੁਤ ਗਿਆਨ ਵਾਲਾ, ਮਮਤਾ ਰਹਿਤ, ਪਰਿਗ੍ਰਹਿ ਰਹਿਤ ਸਾਧੂ ਸੰਸਾਰ ਵਿੱਚ ਉਸੇ ਪ੍ਰਕਾਰ ਸੋਭਾ ਪਾਉਂਦਾ ਹੈ ਜਿਵੇਂ ਬਦਲ ਰਹਿਤ ਅਸਮਾਨ ਵਿੱਚ ਚੰਦਰਮਾ ਸ਼ੋਭਾ ਪਾਉਂਦਾ ਹੈ ।

ਸਾਧੂ ਦੇ ਆਚਾਰ ਪ੍ਰਣਿਧਿ ਅਧਿਐਨ ਵਿੱਚ ਆਖੇ ਆਚਰਨ ਅਨੁਸਾਰ ਜੀਵਨ ਗੁਜਾਰਨ ਨਾਲ ਕਰਮ ਰੂਪੀ ਬਦਲਾ ਉੜ ਜਾਂਦੇ ਹਨ ਸਾਧੂ ਕੇਵਲ ਗਿਆਨ ਰੂਪੀ ਪ੍ਰਕਾਸ਼ ਦੀ ਜੋਤ ਨਾਲ ਸੋਭਾਏ ਮਾਨ ਹੁੰਦਾ ਹੈ। ॥੬੪॥

ਇਸ ਪ੍ਰਕਾਰ ਮੈਂ ਆਖਦਾ ਹਾਂ ।

# ਅੱਠਵਾਂ ਪ੍ਰਣਿਧੀ ਨਾਮਕ ਅਧਿਐਨ

ਸ੍ਰਮਣ ਭਗਵਾਨ ਮਹਾਂਵੀਰ ਤੋਂ ਸੁਣੇ ਆਚਾਰ ਪ੍ਰਣਿਧੀ ਨਾਉ ਅਧਿਐਨ ਵਿੱਚ ਆਰਿਆ ਸੁਧਰਮਾ ਸਵਾਮੀ ਆਪਣੇ ਚੇਲੇ ਆਰਿਆ ਜੰਬੂ ਸਵਾਮੀ ਨੂੰ ਆਖਦੇ ਹਨ। ਮੈਨੂੰ ਜੋ ਆਚਾਰ ਪ੍ਰਣਿਧੀ ਪ੍ਰਾਪਤ ਹੋਈ ਹੈ ਉਸ ਨੂੰ ਮੇਰੇ ਤੋਂ ਸਿਲਸਿਲੇ ਵਾਰ ਸੁਣੋ। ਉਸ ਆਚਾਰ ਨਿਧੀ ਨੂੰ ਪਾ ਕੇ ਜਾਣ ਕੇ, ਮੁਨੀਆਂ ਨੂੰ ਉਸ ਅਨੁਮਾਨ ਪੂਰਨ ਰੂਪ ਨਾਲ ਅਤੇ ਸਾਵਧਾਨੀ ਨਾਲ ਕ੍ਰਿਆ ਕਰਨੀ ਚਾਹੀਦੀ ਹੈ। ॥੧॥

ਪ੍ਰਿਥਵੀ, ਪਾਣੀ, ਅੱਗ, ਹਵਾ, ਮੁਲ ਤੋਂ ਬੀਜ ਤਕ ਤਿਨਕੇ, ਦਰਖਤ ਅਤੇ ਦੋ ਇੰਦਰੀਆਂ ਤਰੱਸ ਪ੍ਰਾਣੀ ਜੋ ਜੀਵ (ਚੇਤਨਾ) ਹਨ ਇਨ੍ਹਾਂ ਸਭ ਵਿੱਚ ਜੀਵ ਹੈ “ਅਜਿਹਾ ਭਗਵਾਨ ਮਹਾਵੀਰ ਨੇ ਫਰਮਾਇਆ ਹੈ।

ਇਸ ਕਾਰਣ ਤੋਂ ਭਿਖਸ਼ੂ ਮਨ, ਬਚਨ ਤੇ ਸ਼ਰੀਰ ਤੋਂ ਪ੍ਰਿਥਵੀ ਆਦਿ ਜੀਵਾਂ ਦੀ ਰੱਖਿਆ ਕਰਨ ਵਾਲਾ ਹੋਣਾ ਚਾਹੀਦਾ ਹੈ ਇਨ੍ਹਾਂ ਜੀਵਾਂ ਦੀ ਰੱਖਿਆ ਕਰਣ ਵਾਲਾ ਹੀ ਸੰਜਮੀ ਜਾਂ ਸੰਯਤੀ ਹੁੰਦਾ ਹੈ। ॥੨-੩॥

ਬੁੱਧੀਮਾਨ ਮੁਨੀ ਸੁਧ ਪ੍ਰਿਥਵੀ, ਨਦੀ ਦੇ ਕਿਨਾਰੇ ਦੀ ਕੰਧ ਦੇ ਤਰੇੜ, ਸਿਲ, ਅਤੇ ਪੱਥਰ ਦੇ ਟੁਕੜੇ, ਜੋ ਸਚਿਤ ਹੋਣ ਉਨ੍ਹਾਂ ਨੂੰ ਤਿੰਨ ਕਰਨ ਅਤੇ ਤਿਨ ਯੋਗ ਨਾਲ ਨਾਂ ਛੇਦਨ ਕਰੇ ਨਾਂ ਭੇਦਨ ਕਰੇ, ਨਾਂ ਕੁਰੇਦੇ। ॥੪॥

ਮੁਨੀ ਸਚਿਤ ਪ੍ਰਿਥਵੀ, ਸਚਿਤ ਕਣ ਵਾਲੇ ਆਸਨ ਤੇ ਨਾਂ ਬੈਠੇ ਪਰ ਜੋ ਅਚਿਤ ਪ੍ਰਿਥਵੀ ਆਸਨ ਹੈ ਉਸ ਜ਼ਮੀਨ ਆਸਨ ਦੇ ਮਾਲਕ ਦੀ ਇਜਾਜ਼ਤ ਲੈ ਕੇ, ਪ੍ਰਮਾਜਨ (ਸਾਫ਼) ਕਰਕੇ ਬੈਠੇ।॥੫॥

ਮੁਨੀ ਸਤਿਦੋਕ ਜਲ, ਕੱਚਾ ਬਰਸਾਤ ਦਾ ਪਾਣੀ, ਔਲੇ, ਬਰਫ਼ ਦੇ ਸਚਿਤ ਪਾਣੀ ਦੀ ਵਰਤੋਂ ਨਾ ਕਰੇ ਪਰ ਗਰਮ ਕੀਤਾ ਤੇ ਉਬਲਿਆ ਪਾਣੀ ਜੋ ਅਚਿਤ ਹੋਵੇ ਉਸ ਦੀ ਵਰਤੋਂ ਕਰੇ। ॥੬॥

ਸਚਿਤ ਜਲ ਨਾਲ (ਭਿਜੇ ਵਸਤਰ) ਆਪਣੇ ਸਰੀਰ ਨੂੰ ਨਾ ਪੂੰਜੇ ਅਤੇ ਹੱਥ ਨੂੰ ਮਲੇ। ਅਜਿਹੇ ਪਾਣੀ ਨਾਲ ਭਿੱਜੇ ਸ਼ਰੀਰ ਦੇ ਕਿਸੇ ਹੋਰ ਹਿੱਸੇ ਨੂੰ ਵੀ ਨਾ ਸਪਰਸ਼ ਕਰੇ। ॥੭॥

ਭਿੱਜੇ ਸ਼ਰੀਰ ਨਾਲ ਉਪਾਸਰੇ ਤੇ ਆਕੇ ਇਕ ਪਾਸੇ ਖੜਾ ਹੋ ਜਾਵੇ। ਕੁਦਰਤੀ ਤੌਰ ਤੇ ਸ਼ਰੀਰ ਸੁਕ ਜਾਨ ਤੇ ਹੋਰ ਕੰਮ ਕਰੇ। ਭਿੱਜੇ ਕਪੱੜੇ ਇਕ ਪਾਸੇ ਰੱਖ ਦੇਵੇ । ਸੁਕ ਜਾਣ ਤੇ ਬਾਅਦ ਉਨ੍ਹਾਂ ਨੂੰ ਹੱਥ ਲਗਾਵੇ।

ਬਿਨ੍ਹਾਂ ਜਵਾਲਾ ਦੇ, ਅੰਗਾਰੇ, ਅੱਗ, ਲੋਹੇ ਦੇ ਟੁਕੜੇ, ਜਵਾਲਾ ਵਾਲੀ ਅੱਗ, ਜਲਦੀ ਲਕੱੜ ਆਦਿ ਨੂੰ ਨਾ ਖੁਦ ਵਾਲੇ, ਨਾ ਛੂਏ ਨਾ ਬੁਝਾਵੇ । ਕਿਸੇ ਵੀ ਪ੍ਰਕਾਰ ਨਾਲ ਅੱਗ ਦਾ ਵਰਤੋਂ ਨਾ ਕਰੇ। ॥੮॥

ਗਰਮੀ ਦੇ ਕਾਰਣ ਮੁਨੀ ਤਾੜ ਪਤੱਰ, ਕਮਲ ਦੇ ਪੱਤ, ਦਰਖਤ ਦੀ ਸਾਖ, ਮੋਰ ਪਿਛੀ ਨਾਲ ਆਪਣੇ ਸ਼ਰੀਰ ਨੂੰ ਹਵਾ ਨਾ ਕਰੇ। ਬਾਹਰ ਦੇ ਹੋਰ ਖਾਣ-ਪੀਣ ਯੋਗ ਪਦਾਰਥ ਵੀ ਠੰਡਾ ਕਰਨ ਲਈ ਹਵਾ ਨਾ ਕਰੇ। ॥੯॥

ਮੁਨੀ ਤਿਨਕੇ, ਘਾਹ ਅਤੇ ਕਿਸੇ ਵੀ ਪ੍ਰਕਾਰ ਦੇ ਫਲ ਅਤੇ ਮੂਲ ਦਾ ਆਪ ਛੇਦਨ ਭੇਦਨ ਨਾ ਕਰੇ ਅਤੇ ਭਿੰਨ-ਭਿੰਨ ਪ੍ਰਕਾਰ ਦੇ ਕੱਚੇ ਬੀਜਾਂ ਨੂੰ ਗ੍ਰਹਿਣ ਕਰਨ ਦਾ ਮਨ ਵਿੱਚ ਵਿਚਾਰ ਨਾ ਲੈ ਆਵੇ। ॥੧੦॥

ਮੁਨੀ ਨੂੰ ਜਿੱਥੇ ਖੜੇ ਰਹਿਨ ਤੇ ਬਨਸਪਤੀ ਦਾ (ਸਪਰਸ਼) ਹੁੰਦਾ ਹੋਵੇ ਅਜਿਹੇ ਬਨ ਝਾੜੀਆਂ ਵਿੱਚ ਖੜਾ ਨਾ ਹੋਵੇ, ਬੀਜ, ਹਰੀ ਬਨਸਪਤੀ, ਉਦਿਕ (ਪਾਣੀ) ਉਤੰਗ ਕੁਕਰਮੁਤਾ ਜਾਂ ਕੀੜੀਆਂ ਦੀ ਖੁਡ ਜਾਂ ਪਨਕ ਬਨਸਪਤੀ (ਹਰੀ ਕਾਈ) ਤੇ ਉਪੱਰ ਖੜਾ ਨਾ ਹੋਵੇ। ॥੧੧॥

ਮੁਨੀ ਬਚਨ ਤੇ ਕਾਈਆਂ ਜਾਂ ਹਰ ਤੌਰ ਤੇ ਮਨ ਤੋਂ ਅੰਦਰਲੇ ਭਾਵ ਨਾਲ ਤਰੱਸ ਜੀਵਾਂ ਦੀ ਹਿੰਸਾ ਨਾਂ ਕਰੇ। ਸਭ ਪ੍ਰਾਣੀ ਦੀ ਹਿੰਸਾ ਤੋਂ ਉਪਰ ਹੋ ਕੇ, ਨਿਰਵੇਦ

ਦੇ ਵਾਧੇ ਲਈ ਅਹਿੰਸਾ ਵਰਤ ਦਾ ਪ੍ਰਤਿਦਿਨ ਦ੍ਰਿੜ ਹੋ ਕੇ ਚੱਲੇ ਆਪਣੀ ਆਤਮਾ ਦੀ ਤਰ੍ਹਾਂ ਹੋਰ ਜੀਵਾਂ ਨੂੰ ਗਹਿਰਾਈ ਨਾਲ ਵੇਖੇ। ॥੧੨॥

ਮੁਨੀ ਨੂੰ ਅੱਗੇ ਆਖੀ ਜਾਣ ਵਾਲੀ ਅਠ ਜਾਤੀ ਦੇ ਸੁਖਮ ਜੀਵਾਂ ਨੂੰ ਜਾਨਣਾ ਚਾਹੀਦਾ ਹੈ । ਇਨ੍ਹਾਂ ਸੂਖਮ ਜੀਵਾਂ ਨੂੰ ਜਾਨਣ ਵਾਲਾ ਜੀਵ ਕ੍ਰਿਆ ਦਾ ਅਧਿਕਾਰੀ ਮੁਨੀ ਬਨਦਾ ਹੈ । ਇਨ੍ਹਾਂ ਸੂਖਮ ਜੀਵਾਂ ਦਾ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਬੈਠਣਾ, ਉੱਠਣਾ, ਖੜੇ ਹੋਣਾ, ਸੋਣਾ ਆਦਿ ਕ੍ਰਿਆ ਨਿਰਦੋਸ਼ ਰੂਪ ਵਿਚ ਚਲਦੀ ਹੈ ॥੧੩॥

ਇਹ ਅੱਠ ਸੂਖਮ ਕਿਹੜੇ ਹਨ।

ਸੰਜਮੀ ਮੁਨੀ ਦੇ ਪ੍ਰਸ਼ਨ ਦੇ ਉੱਤਰ ਵਿੱਚ ਮੇਧਾਵੀ, ਅਚਾਰਿਆ ਇਸ ਪ੍ਰਕਾਰ ਸਪਸ਼ਟੀਕਰਨ ਕਰਦੇ ਹਨ।

(੧) ਸਨੇਹ ਸੂਖਮ (ਹਿਮਕਣ) (੨) ਪੁਸ਼ਮ ਸੂਖਮ-ਬੜ ਆਦਿ ਦੇ ਫਲ (੩) ਪ੍ਰਾਣੀ ਸੂਖਮ-ਚਲਨ ਤੇ ਵਿਖਾਈ ਦੇਣ (੪) ਉਤਿਗ ਸੁਖਮ-ਕੀੜੀਆਂ ਦੇ ਨਗਰ ਵਿੱਚ ਰਹੀਆਂ ਕੀੜੀਆਂ ਆਦਿ ਰਹਿਨ ਦੀ ਖੁਡ (੫) ਪਨਕ ਸੂਖਮ-ਪੰਜ ਰੰਗ ਦੀ ਕਾਈ (੬) ਬੀਜ ਸੂਖਮ ਮਧੂ (੭) ਹਰਿਤ ਸੂਖਮ ਫੋਰਨ ਪੈਦਾ ਹੁੰਦੇ ਜ਼ਮੀਨ ਦੇ ਰੰਗ ਵਾਲੀ ਬਨਸਪਤੀ ਦੇ ਜੀਵ (੮) ਸ਼ਾਲ ਆਦਿ ਦੇ ਉਪਰਲੇ ਭਾਗ ਤੇ ਰਹਿਨ ਵਾਲੇ ਕਨੀਕਾ ਮਧੂ ਮੱਖੀ ਦੇ ਸੂਖਮ ਅੰਡੇ। ॥੧੪-੧੫॥

ਸਭ ਇੰਦਰੀਆਂ ਵਿੱਚ ਰਾਗ ਦਵੇਸ਼ ਰਹਿਤ ਹੋ ਕੇ ਮੁਨੀ ਉਪਰੋਕਤ ੮ ਪ੍ਰਕਾਰ ਦੇ ਜੀਵਾਂ ਨੂੰ ਜਾਨ ਕੇ ਅਪ੍ਰਮਾਦ ਭਾਵਨਾ ਇਨ੍ਹਾਂ ਦੀ ਰਾਖੀ ਦੀ ਕੋਸ਼ਿਸ਼ ਕਰੇ। ॥੧੬॥

ਆਪਣੀ ਤਾਕਤ ਹੁੰਦੇ ਮੁਨੀ ਨੂੰ ਪ੍ਰਤਿ ਲੇਖਨਾ (ਤਾੜ ਪੂੰਜ) ਕੇ ਸਮੇਂ ਵਸਤਰ ਪਾਤਰ, ਕੰਬਲ, ਉਪਾਸਰੇ, ਸੰਥਡਿਲ (ਮਲ ਮੁਤਰ ਤਿਆਗ ਭੂਮੀ) ਫੱਟਾ ਅਤੇ

ਆਦਿ ਆਸਨ ਦੀ ਸ਼ਾਸਤਰ ਵਿੱਚ ਦਸੇ ਤਰੀਕੇ ਪ੍ਰਤਿਲੇਖਨਾ ਕਰਕੇ, ਅਹਿੰਸਾ ਧਰਮ ਦਾ ਪਾਲਨ ਕਰਨਾ ਚਾਹੀਦਾ ਹੈ। ॥੧੭॥

ਮੁਨੀ ਭੂਮੀ ਦਾ ਪ੍ਰਤਿਲੇਖਨ ਕਰਕੇ, ਜਿੱਥੇ ਮਲ ਮੂਤਰ ਤਿਆਗ ਯੋਗ ਰਹਿਤ ਭੂਮੀ ਹੋਵੇ ਉੱਥੇ ਟੱਟੀ, ਪਿਸ਼ਾਬ, ਕੱਫ, ਕੰਨ ਅਤੇ ਨੱਕ ਦੀ ਮੈਲ ਅਤੇ ਹੋਰ ਸੁਟਣ ਯੋਗ, ਪਦਾਰਥ ਤਿਆਗ ਕੇ ਸਾਧੂ ਨਿਯਮਾਂ ਦਾ ਪਾਲਨ ਕਰੇ। ॥੧੮॥

ਭੋਜਨ ਪਾਣੀ ਦੇ ਲਈ ਗ੍ਰਹਿਸਥ ਦੇ ਘਰ ਗਿਆ ਸ਼ਾਸਤਰ ਦਾ ਜਾਣਕਾਰ ਮੁਨੀ, ਸਾਵਧਾਨੀ ਨਾਲ ਖੜਾ ਹੋਵੇ ਸਾਵਧਾਨੀ ਨਾਲ ਘਟ ਬੋਲੇ, ਭੋਜਨ-ਪਾਣੀ ਦੇਣ ਵਾਲੀ ਇਸਤਰੀ ਪ੍ਰਤਿ ਮਨ ਨੂੰ ਨਾ ਲਾਵੇ। ਰੂਪ ਰੰਗ ਨਾ ਵੇਖੇ। ਇਸ ਪ੍ਰਕਾਰ ਸੰਜਮ ਦਾ ਪਾਲਨ ਕਰੇ। ॥੧੯॥

ਗਿਆਨ-ਦਰਸਨ ਤੇ ਚਰਿੱਤਰ ਦੇ ਧਾਰਕ ਮੁਨੀ ਆਪਣੇ ਠਿਕਾਣੇ ਤੋਂ ਬਾਹਰ ਗਏ ਜਾਂ ਆਪਣੇ ਠਿਕਾਨੇ ਤੇ ਕੰਨਾ ਨਾਲ ਬਹੁਤ ਸੁਣਿਆ, ਅੱਖਾਂ ਨਾਲ ਵੇਖਿਆ ਸਭ ਕੁਝ ਅਹਿਤਕਾਰੀ ਹੋਵੇ ਤਾਂ ਦੂਸਰੇ ਨੂੰ ਨਾ ਆਖੇ। ॥੨੦॥

ਮੁਨੀ ਰਾਹੀਂ ਸੁਣਿਆ ਤੇ ਵੇਖਿਆ ਹੋਇਆ ਜੋ ਵੀ ਪਰ ਉਪਘਾਤੀ ਹਿੰਸਾ ਹੋਵੇ ਉਸ ਨੂੰ ਨਾਂ ਆਖੇ ਅਤੇ ਕਿਸੇ ਵੀ ਤਰ੍ਹਾਂ ਨਾਲ ਗ੍ਰਹਿਸਥ ਵਾਲੇ ਕੰਮ ਨਾਂ ਕਰੇ। ॥੨੧॥

ਕਿਸੇ ਦੇ ਪੁਛਣ ਜਾਂ ਨਾਂ ਪੁਛਣ ਤੇ ਮੁਨੀ ਭੋਜਨ ਪ੍ਰਤਿ ਇਹ ਨਾ ਆਖੇ "ਇਹ ਭੋਜਨ ਰਸ ਭਰਪੂਰ ਹੈ, ਸੁੰਦਰ ਹੈ, ਰਸ ਰਹਿਤ ਖਰਾਬ ਭੋਜਨ ਮਿਲਣ ਤੇ ਇਹ ਨਾਂ ਆਖੇ" ਇਹ ਰਸ ਰਹਿਤ ਹੈ ਜਾਂ ਖਰਾਬ ਹੈ ਅਤੇ ਰਸ ਅਤੇ ਰਸ ਰਹਿਤ ਦੋਹਾਂ ਪ੍ਰਕਾਰ ਦੇ ਭੋਜਨ ਦੀ ਪ੍ਰਾਪਤੀ ਇਹ ਨਾਂ ਸੋਚੇ "ਇਹ ਭੋਜਨ ਨਾਂ ਮਿਲੇ ਤਾਂ ਚੰਗਾ ਹੈ ਜਾਂ ਇਹ ਸ਼ਹਿਰ ਚੰਗਾ ਹੈ ਜਾਂ ਬੁਰਾ ਹੈ ਦਾਨੀ ਚੰਗਾ ਹੈ ਜਾਂ ਬੂਰਾ ਹੈ"। ॥੨੨॥

ਭੋਜਨ ਪ੍ਰਤਿ ਲਗਾਵ ਰਖ ਕੇ ਅਮੀਰਾਂ ਜਾਂ ਖਾਸ ਘਰ ਵਿਚ ਨਾ ਜਾਵੇ। ਪਹ ਚੁਪ ਕਰ ਕੇ ਸਭ ਘਰਾਂ ਵਿੱਚ ਜਾਵੇ ਅਤੇ ਅਨੇਕਾਂ ਘਰਾਂ ਵਿੱਚੋਂ ਥੋੜਾ-ਥੋੜਾ ਭੋਜਨ

ਗ੍ਰਹਿਣ ਕਰੇ ਅਪ੍ਰਾਸੁਕ, ਕ੍ਰਿਤ, ਉਦੇਸਿਕ ਸਾਹਮਣੇ ਲੈ ਕੇ ਆਉਣਾ ਭੋਜਨ ਭੋਜਨ, ਜੇ ਪ੍ਰਮਾਦ ਵਸ ਵੀ ਆ ਜਾਵੇ ਤਾਂ ਨਾ ਖਾਵੇ। ॥੨੩॥

ਮੁਨੀ ਲੇਸ਼ ਮਾਤਰ ਭੋਜਨ ਦਾ ਸੰਗ੍ਰਹਿ ਨਾ ਕਰੇ। ਨਿਸ਼ਕਾਮੀ ਬਲ ਜੀਵ, ਲਗਾਵ ਰਹਿਤ ਮੁਨੀ, ਪਿੰਡ, ਕੁਲ ਆਦਿ ਦੇ ਆਸਰੇ ਨਾਂ ਰਹਿ ਕੇ ਸਾਰੇ ਜਨਪਦ ਵਿੱਚ ਸੰਸਾਰ ਦੇ ਜੀਵ ਦੀ ਜਨਤਾ ਦਾ ਧਿਆਨ ਰੱਖੇ। ॥੨੪॥

ਮੁਨੀ ਰੁਖੀ ਵਿਰਤੀ ਵਾਲਾ, ਸੰਤੋਖੀ, ਥੋੜੀ ਇਛਾਵਾਂ ਵਾਲਾ, ਥੋੜੇ ਭੋਜਨ ਕਰਨ ਵਾਲਾ ਬਣੇ। ਕਰੋਧ ਦਾ ਖਾਤਮਾ ਕਰਨ ਵਾਲੇ ਜਿੰਨੇ ਦੇਰ ਭਗਵਾਨ ਦੇ ਬਚਨ ਸੁਣੇ । ਮੁਨੀ ਕਦੇ ਵੀ ਕਰੋਧ ਨਾਂ ਕਰੇ। ॥੨੫॥

ਮੁਨੀ ਕੰਨ ਨਾਲ ਬੀਣ, ਬਾਜਿਤਰ, ਆਦਿ ਸ਼ਬਦ ਸੁਣ ਕੇ ਉਨ੍ਹਾਂ ਪ੍ਰਤਿ ਪਿਆਰ ਨਾ ਕਰੇ ਅਤੇ ਨਾ ਹੀ ਦਵੇਸ਼ ਕਰੇ ਕਠੋਰ ਅਤੇ ਕਰਕਸ਼ ਸ਼ਰੀਰ ਨਾਲ, ਸਾਂਤੀਪੂਰਵਕ ਸਹਿਨ ਕਰੇ। ॥੨੬॥

ਮੁਨੀ ਭੁੱਖ, ਪਿਆਸ, ਕੱਸਟ ਦੇਣ ਵਾਲਾ ਆਸਨ, ਠੰਡ, ਗਰਮੀ, ਅਰਤਿ ਦੇ ਡਰ ਨੂੰ ਅਦੀਨ ਮਨ ਨਾਲ, ਦੁੱਖ ਰਹਿਤ ਹੋ ਕੇ ਸਹਿਨ ਕਰੇ ਕਿਉਂਕਿ ਵੀਤਰਾਗ ਪ੍ਰਮਾਤਮਾ ਨੇ ਕਿਹਾ ਹੈ “ਦੇਹ ਤੋਂ ਉਤਪੰਨ ਹੋਣ ਵਾਲੇ ਕਸ਼ਟਾਂ ਨੂੰ ਸਹੀ ਪ੍ਰਕਾਰ ਨਾਲ ਸਹਿਨ ਕਰਨਾ ਮਹਾਨ ਫਲ ਦਾਇਕ ਹੈ। ॥੨੭॥

ਸੂਰਜ ਛਿਪਣ ਤੋਂ ਲੈ ਕੇ ਸੂਰਜ ਨਿਕਲਣ ਤਕ ਚਾਰੇ ਪ੍ਰਕਾਰ ਦੇ ਭੋਜਨ ਵਿੱਚੋਂ ਕਿਸੇ ਦੀ ਇੱਛਾ ਨਾਂ ਕਰੇ। ॥੨੮॥

ਗ੍ਰਹਿਸਥ ਦੇ ਘਰ ਤੋਂ ਭੋਜਨ ਨਾ ਮਿਲਨ ਜਾਂ ਰਸ ਰਹਿਤ ਭੋਜਨ ਮਿਲਨ ਤੋਂ ਵਿਰਲਾਪ ਨਾ ਕਰੇ ਨਾ ਚੰਚਲਤਾ ਦਿਖਾਵੇ, ਸਗੋਂ ਸਥਿਰ ਰਾਸ਼ੀ, ਘੱਟ ਬੋਲਣ ਵਾਲਾ, ਮਿਤ (ਘਟ) ਭੋਜਨ ਕਰਨ ਵਾਲਾ ਅਤੇ ਪੇਟ ਦੀ ਭੁੱਖ ਦੇ ਕਾਬੂ ਕਰਨ ਵਾਲਾ ਬਨੇ। ਘੱਟ ਮਿਲਨ ਤੇ ਸ਼ਹਿਰ ਜਾਂ ਪਿੰਡ ਵਿੱਚ ਨਿੰਦਾ ਕਰਨ ਵਾਲਾ ਨਾ ਬਣੇ। ॥੨੯॥

ਇਸ ਪ੍ਰਕਾਰ ਮੁਨੀ ਕਿਸੇ ਦਾ ਤਿਰਸਕਾਰ ਨਾਂ ਕਰੇ, ਆਪਣੀ ਮਹਾਨਤਾ ਪ੍ਰਗਟ ਨਾਂ ਕਰੇ । ਗਿਆਨ, ਲਾਭ, ਜਾਤੀ, ਤਪ ਅਤੇ ਵਿਦਿਆ ਦਾ ਅਭਿਮਾਨ ਨਾ ਕਰੇ। ॥੩੦॥

ਮੁਨੀ ਰਾਗ ਦਵੇਸ਼ ਦੇ ਕਾਰਣ ਜਾਨ ਅਨਜਾਨ ਵਿੱਚ ਮੁਲ-ਉਤਰ ਗੁਣਾਂ ਦੀ ਉਲੰਘਣਾ ਜੇਕਰ ਕਰ ਲਵੇ ਤਾਂ ਛੇਤੀ ਹੀ ਉਸ ਦੀ ਆਲੋਚਨਾ ਕਰਕੇ ਉਸਨੂੰ ਫੇਰ ਨਾ ਕਰਨ ਦਾ ਪ੍ਰਣ ਕਰੇ। ॥੩੧॥

ਲਗਾਤਾਰ ਪਵਿੱਤਰ ਬੁੱਧੀ ਵਾਲਾ, ਸਪੱਸ਼ਟ ਭਾਵ ਵਾਲਾ, ਬਿਨਾ ਰੁਕਾਵਟ ਘੁੰਮਨ ਵਾਲਾ, ਇੰਦਰੀਆਂ ਦਾ ਜੇਤੂ ਮੁਨੀ ਪਹਿਲਾਂ ਕੀਤੇ ਅਸ਼ੁੱਭ ਕਰਮ ਦੇ ਸਿੱਟੇ ਵੱਜੋ ਜੇ ਅਨਾਚਾਰ ਦਾ ਸੇਵਨ ਕਰ ਲਵੇ ਤਾਂ ਛੇਤੀ ਹੀ ਗੁਰੂ ਕੋਲ ਜਾ ਕੇ ਉਸ ਦੀ ਆਲੋਚਨਾ ਕਰ ਲਵੇ ਉਸ ਨੂੰ ਨਾ ਛਿਪਾਵੇ ਨਾ ਇਹ ਆਖੇ ਕਿ ਇਹ ਕੰਮ ਮੈਂ ਨਹੀਂ ਕੀਤਾ। ॥੩੨॥

ਮੁਨੀ ਮਹਾਤਮਾ, ਅਚਾਰਿਆ ਭਗਵਾਨ ਦੇ ਬਚਨ ਆਗਿਆ ਨੂੰ ਸੱਚ ਕਰਨਾ ਚਾਹੀਦਾ ਹੈ। ਅਚਾਰਿਆ ਦੇ ਬਚਨ ਨੂੰ ਮਨ ਨਾਲ ਸਵਿਕਾਰ ਕਰੇ ਫੇਰ ਆਦਰਪੂਰਵਕ ਉਸ ਕੰਮ ਨੂੰ ਆਚਰਣ ਰਾਹੀਂ ਸਫਲ ਕਰੇ। ॥੩੩॥

ਮੁਨੀ ਇਸ ਜੀਵਨ ਨੂੰ ਅਨਿੱਤ ਸਮਝ ਕੇ ਆਪਣੀ ਉਮਰ ਨੂੰ ਗਿਆਨ ਨਾਲ ਸਮਝ ਕੇ ਗਿਆਨ, ਦਰਸ਼ਨ, ਚਰਿੱਤਰ ਰੂਪ, ਮੋਕਸ਼ ਮਾਰਗ ਨੂੰ ਲਗਾਤਾਰ ਸੁਖ ਮਾਰਗ ਕੇ ਵਿਚਾਰ ਕੇ ਬੰਧਨ ਦੇ ਵਿਸ਼ਿਆਂ ਬਾਰੇ ਪਿੱਛੇ ਹੱਟੇ। ॥੩੪॥

ਮੁਨੀ ਆਪਣੀ ਸ਼ਕਤੀ, ਮਾਨਸਿਕ ਸ਼ਕਤੀ, ਸ਼ਰੀਰਕ ਸ਼ਕਤੀ, ਸ਼ਰਧਾ ਅਤੇ ਨਿਰੋਗਤਾ ਵੇਖ ਕੇ ਖੇਤਰ ਕਾਲ ਜਾਨ ਕੇ ਉਸ ਅਨੁਸਾਰ ਆਪਣੀ ਆਤਾ ਨੂੰ ਧਰਮ ਕੰਮ ਵਿੱਚ ਲਗਾਵੇ। ॥੩੫॥

ਜਦ ਤਕ ਬੁਢਾਪਾ ਤੰਗ ਨਹੀਂ ਕਰਦਾ, ਰੋਗ ਨਹੀਂ ਸਤਾਉਂਦੇ ਇੰਦਰੀਆਂ (ਕੰਨ, ਅੱਖ ਆਦਿ) ਧੋਖਾ ਨਹੀਂ ਦਿੰਦੀਆਂ, ਉਦੋਂ ਤਕ ਸ਼ਕਤੀ ਨੂੰ ਬਿਨਾ ਛਿਪਾਏ ਧਰਮ ਦਾ ਆਚਰਨ ਕਰੇ। ॥੩੬॥

ਕਰੋਧ, ਮਾਨ, ਮਾਇਆ ਅਤੇ ਲੋਭ ਇਹ ਪਾਪ ਵਿੱਚ ਪਾਪਾ ਕਰਨ ਵਾਲੇ ਹਨ ਜੋ ਮੁਨੀ ਆਪਣਾ ਹਿੱਤ ਚਾਹਨ ਵਾਲਾ ਹੈ ਇਸ ਲਈ ਇਨ੍ਹਾਂ ਚਾਰ ਕਸ਼ਾਏ ਨੂੰ ਛੱਡ ਦੇਵੇ, ਇਨ੍ਹਾਂ ਦਾ ਸੇਵਨ ਨਾ ਕਰੇ। ॥੩੭॥

ਕਰੋਧ ਪ੍ਰੇਮ ਦਾ ਨਾਸ਼ਕ ਹੈ, ਮਾਨ ਵਿਨੈ ਦਾ ਨਾਸ਼ਕ ਹੈ, ਮਾਇਆ (ਧੋਖਾ) ਮਿੱਤਰਤਾ ਦਾ ਨਾਸ਼ਕ, ਲੋਭ ਸਰਵ ਵਿਨਾਸ਼ਕ ਹੈ। ॥੩੮॥

ਉਪਸ਼ਮ (ਨਿਮਰਤਾ) ਨਾਲ ਕਰੋਧ ਤੇ ਦਾ ਨਾਸ਼ ਕਰੇ, ਮਿਠਾਸ ਨਾਲ ਅਤੇ ਆਹੰਕਾਰ ਦਾ ਨਾਸ਼ ਕਰੇ, ਸਰਲਤਾ ਨਾਲ ਮਾਇਆ ਨਾਸ਼ ਕਰੇ। ਸੰਤੋਖ ਨਾਲ ਲੋਭ ਦਾ ਨਾਸ਼ ਕਰੇ। ॥੩੯॥

ਜਿਸ ਪਰ ਕਾਬੂ ਨਹੀਂ ਪਾਈਆ ਜਾ ਸਕਦਾ ਅਜਿਹੇ ਕਰੋਧ ਅਤੇ ਮਾਨ ਨੂੰ ਅਤੇ ਵਧਦੀ ਹੋਈ ਮਾਈਆ ਅਤੇ ਲੋਭ ਇਹਨਾ ਚਾਰਾ ਕੁਸਾਈਆਂ ਨੂੰ ਜਨਮ ਮਰਨ ਰੂਪੀ ਜਹਿਰ ਦਾ ਦਰਖਤ ਜਾਨਕੇ ਇਹਨਾਂ ਦੀਆ ਜੜ੍ਹਾ ਨੂੰ ਸਿੰਜਣ ਵਾਲੇ ਹੁੰਦੇ ਹਨ। ॥੪੦॥

ਮੁਨੀ, ਆਚਾਰਿਆ, ਉਪਾਧਿਆ, ਮਹਾਵਰਤਾਂ ਦੇ ਪਖ ਤੋਂ ਜੇਠੇ (ਬੜੇ ਸਾਧੂ ਦੀ ਵਿਨੈ ਭਗਤੀ ਕਰੇ, ਧਰੁਵ ਸ਼ੀਲਤਾ ਪ੍ਰਤੀ ਹਾਨੀ ਨਾ ਹੋਣ ਦੇਵੇ, ਕੱਛੂ ਦੀ ਤਰ੍ਹਾਂ ਆਪਣੇ ਅੰਗ ਉਪੰਗ ਨੂੰ ਸ਼ਰੀਰ ਰਾਹੀਂ ਰੋਕ ਕੇ, ਗੁਪਤੀ ਪੂਰਵਕ ਤਪ ਤੇ ਸੰਜਮ ਵਿੱਚ ਲਗਿਆ ਰਹੇ। ॥੪੧॥

ਮੁਨੀ ਨਿੰਦਾ ਨੂੰ ਜ਼ਿਆਦਾ ਮਹੱਤਵ ਨਾ ਦੇਵੇ, ਕਿਸੇ ਨਾਲ ਹਾਸ, ਮਜ਼ਾਕ, ਠੱਠਾ ਨਾਂ ਕਰੇ, ਮੇਥੁਨ (ਕਾਮ ਭੋਗ) ਦੀ ਕਥਾ ਨਾ ਕਰੇ ਮੁਨੀ ਨਾਲ ਵੀ ਅਜਿਹੀ ਗਲ ਨਾ

ਕਰੇ ਸਗੋਂ ਲਗਾਤਾਰ ਸਵਾਧਿਆਏ ਪ੍ਰਤਿ ਲਗਾਵ ਅਤੇ ਧਿਆਨ ਵਿੱਚ ਘੁੰਮੇ। ॥੪੨॥

ਮੁਨੀ ਪ੍ਰਮਾਦ ਰਹਿਤ ਹੋ ਕੇ ਤਿੰਨ ਯੋਗ ਰਾਹੀਂ ਸ੍ਰਮਣ (ਸਾਧੂ) ਧਰਮ ਦਾ ਪਾਲਨ ਕਰੇ । ਕਿਉਂਕਿ ਦਸ ਪ੍ਰਕਾਰ ਦੇ ਸ੍ਰਮਣ ਧਰਮ ਦਾ ਪਾਲਨ ਕਰਨ ਨਾਲ ਮੁਨੀ ਅਨੁਤਰ-ਅਰਥ (ਕੇਵਲ ਗਿਆਨ) ਨੂੰ ਪ੍ਰਾਪਤ ਕਰਦਾ ਹੈ। ॥੪੩॥

ਜਿਸ ਸ੍ਰਮਣ ਧਰਮ ਦੇ ਪਾਲਨ ਨਾਲ ਇਸ ਲੋਕ ਤੇ ਪਰਲੋਕ ਦਾ ਭਲਾ ਹੁੰਦਾ ਹੈ ਜਿਸ ਰਾਹੀਂ ਚੰਗੀ ਗਤਿ ਵਿੱਚ ਜਾਇਆ ਜਾਂਦਾ ਹੈ ਉਸ ਧਰਮ ਦਾ ਪਾਲਨ ਕਰਨ ਵਿੱਚ ਜ਼ਰੂਰੀ ਗਿਆਨ ਆਦਿ ਦੀ ਪ੍ਰਾਪਤ ਲਈ ਬਹੁਸ਼ਰੁਤ ਆਗਮ ਦੇ ਜਾਨਕਾਰ, ਗਿਆਨੀ ਆਚਾਰਿਆ ਭਗਵਾਨ ਦੀ ਸੇਵਾ ਕਰੇ ਅਤੇ ਉਨ੍ਹਾਂ ਤੋਂ ਵਿਨੈ ਪੂਰਵਕ ਸ਼ਾਸਤਰਾਂ ਦੇ ਅਰਥ ਤੇ ਪ੍ਰਸ਼ਨ ਪੁੱਛੇ। ॥੪੪॥

ਇੰਦਰੀਆਂ ਦਾ ਜੇਤੂ ਮੁਨੀ ਹੱਥ, ਪੈਰ ਅਤੇ ਸ਼ਰੀਰ ਨੂੰ ਕਾਬੂ ਕਰੇ, ਨਾਂ ਜ਼ਿਆਦਾ ਦੂਰ, ਆਲੀਨ (ਮਨ ਬਚਨ ਅਤੇ ਕਾਈਆ) ਹੋ ਕੇ ਉਪਯੋਗ (ਆਤਮ ਪ੍ਰਤਿ ਜਾਗਰੁਕ) ਪੂਰਵਕ ਗੁਰੂ ਦੇ ਦੇ ਕਰੀਬ ਬੈਠੇ। ॥੪੫॥

ਗੁਰੂ ਦੇ ਬਰਾਬਰ, ਗੁਰੂ ਵੱਲ ਪਿੱਠ ਕਰਕੇ ਨਾ ਬੈਠੇ, ਗੁਰੂ ਦੇ ਸਾਹਮਣੇ ਪਟ ਤੇ ਪਟ ਚੜ੍ਹਾ ਕੇ, ਪੈਰ ਤੇ ਪੈਰ ਚੜ੍ਹਾ ਕੇ ਨਾ ਬੈਠੇ। ਸਗੋਂ ਗੁਰੂ ਦੇ ਸਾਹਮਣੇ ਹੱਥ ਜੋੜ ਕੇ ਮਰਿਆਦਾ ਅਨੁਸਾਰ ਬੈਠੇ। ॥੪੬॥

ਗੁਰੂ ਆਦਿ ਦੇ ਬਿਨਾਂ ਪੁੱਛੇ ਨਾ ਬੋਲੇ, ਵਿਚਕਾਰ ਨਾ ਬੋਲੇ, ਗੁਰੂ ਦੀ ਪਿੱਠ ਪੀਛੇ ਗੁਰੂ ਦੇ ਦੋਸ਼ਾਂ ਦਾ ਕਥਨ ਨਾਂ ਕਰੇ, ਧੋਖਾ ਝੂਠ ਦਾ ਹਮੇਸ਼ਾ ਤਿਆਗ ਕਰੇ। ॥੪੭॥

ਨਫ਼ਰਤ ਪੈਦਾ ਕਰਨ ਵਾਲੀ, ਕਰੋਧ ਉਤਪੰਨ ਕਰਨ ਵਾਲੀ, ਆਪਣੇ ਤੇ ਹੋਰ ਦੇ ਹਿੱਤ ਨਾਂ ਕਰਨ ਵਾਲੀ ਅਤੇ ਦੋ ਗਲੀ ਲੋਕ ਵਿਰੁੱਧ ਭਾਸ਼ਾ ਨਾ ਬੋਲੇ। ॥੪੮॥

ਆਤਮਾ ਵਿੱਚ ਘੁੰਮਨ ਵਾਲਾ ਮੁਨੀ, ਨਜ਼ਰ ਆਉਂਦੇ ਵਿਸ਼ੇ ਖੁਦ ਵੇਖੇ ਹੋਏ ਪਦਾਰਥ ਸਬੰਧੀ ਮਿਤ. ਸ਼ੰਕਾ ਰਹਿਤ, ਸੰਪੂਰਨ ਪ੍ਰਗਟ, ਜਾਨਣ ਵਾਲਾ, ਉੱਚੀ ਅਵਾਜ਼ ਰਹਿਤ, ਜਲਦਬਾਜ਼ੀ ਰਹਿਤ ਭਾਸ਼ਾ ਬੋਲੇ। ॥੪੯॥

ਆਚਾਰ ਦਾ ਧਾਰਕ (ਆਚਾਰੰਗ ਜਾਂ ਭਗਵਤੀ ਅਤੇ ਦਰਿਸ਼ਟੀ ਵਾਦ ਪੂਰਬ ਦਾ ਪੜ੍ਹਨ ਵਾਲੇ ਮੁਨੀ ਤੋਂ ਜੇ ਪ੍ਰਕ੍ਰਿਤੀ, ਪ੍ਰਤਯ, ਲਿੰਗ, ਕਾਲ ਕਾਰਕ, ਵਰਨ ਟੁੱਟ ਜਾਨ, ਬੋਲਨ ਪੱਖੋਂ ਰਹਿ ਜਾਨ ਤਾਂ ਅਜਿਹੀ ਭੁੱਲ ਤੇ ਪੜ੍ਹਨ ਵਾਲੇ ਦਾ ਹਾਸਾ ਮਜ਼ਾਕ ਨਾ ਕਰੇ। ॥੫੦॥

ਮੁਨੀ ਨਛੱਤਰ, ਸੁਪਨ, ਵਸ਼ੀਕਰਨ ਯੋਗ, ਨਮਿਤ, ਮੰਤਰ, ਦਵਾਈ ਆਦਿ ਗ੍ਰਹਿਸਥਾ ਨੂੰ ਨਾ ਦੱਸੇ। ਇਸ ਕਾਰਣ ਇਕ ਇੰਦਰੀਆਂ ਵਾਲੇ ਜੀਵਾਂ ਦੀ ਹਿੰਸਾ ਹੁੰਦੀ ਹੈ ਗ੍ਰਹਿਸਥਾਂ ਦੀ ਨਫ਼ਰਤ ਦੂਰ ਕਰਨ ਲਈ ਆਖੇ ਕਿ ਇਨ੍ਹਾਂ ਕੰਮਾਂ ਵਿੱਚ ਮੁਨੀਆਂ ਨੂੰ ਬੋਲਨ ਦਾ ਅਧਿਕਾਰ ਨਹੀਂ। ॥੫੧॥

ਦੂਸਰੇ ਦੇ ਲਈ ਬਨੀ ਹੋਈ, ਮਲ ਮੂਤਰ ਭੂਮੀ ਸਹਿਤ, ਪਸ਼ੂ ਰਹਿਤ ਸਥਾਨ ਤੇ ਮੁਨੀ ਰਹੇ ਅਤੇ ਫਟਾ ਤੇ ਆਸਨ ਜੋ ਹੋਰਾਂ ਲਈ ਬਨਿਆ ਹੋਵੇ ਉਹ ਹੀ ਪ੍ਰਯੋਗ ਵਿੱਚ ਲਿਆਵੇ। ॥੫੨॥

ਇਕੱਲੇ ਸਥਾਨ ਤੇ ਇਕੱਲੀ ਇਸਤਰੀ ਨਾਲ ਮੁਨੀ ਧਰਮ ਕਥਾ ਨਾਂ ਕਰੇ ਇਸ ਨਾਲ ਸ਼ੱਕ ਪੈਦਾ ਹੋਣ ਦੀ ਸੰਭਾਵਨਾ ਰਹਿੰਦੀ ਹੈ। ਗ੍ਰਹਿਸਥੀ ਨਾਲ ਜ਼ਿਆਦਾ ਜਾਣਕਾਰੀ ਨਾ ਵਧਾਵੇ ਸਗੋਂ ਮੁਨੀ ਜਾਂ ਸੱਜਣਾ ਨਾਲ ਜਾਣਕਾਰੀ ਵਧਾਵੇ। ॥੫੩॥

ਕਿਵੇਂ ਮੁਰਗੀ ਦੇ ਬੱਚੇ ਨੂੰ ਬਿੱਲੀ ਤੋਂ ਹਮੇਸ਼ਾ ਡਰ ਰਹਿੰਦਾ ਹੈ ਉਸ ਤਰ੍ਹਾਂ ਇਸਤਰੀ ਸ਼ਰੀਰ ਤੋਂ ਬ੍ਰਹਮਚਾਰੀ ਮੁਨੀ ਨੂੰ ਇਸਤਰੀ ਤੋਂ ਡਰ ਰਹਿੰਦਾ ਹੈ। ਇਸ ਲਈ ਮੁਨੀ ਇਸਤਰੀ ਜਾਣਕਾਰੀ ਤੋਂ ਦੂਰ ਰਹੇ। ॥੫੪॥

ਕੰਧ ਤੇ ਲਟਕੇ ਜਾਂ ਉਤਰੇ ਇਸਤਰੀ ਦੇ ਚਿੱਤਰ ਨਾ ਵੇਖੇ, ਗਹਿਣੇ ਕਪੱੜਿਆਂ ਵਾਲੀ ਜਾਂ ਫਟੇ ਪੁਰਾਣੇ, ਭੈ ਵਾਲੀ ਇਸਤਰੀ ਨੂੰ ਨਾ ਵੇਖੇ। ਜੇ ਸਹਿਜ ਨਜ਼ਰ ਆ

ਜਾਵੇ, ਤਾਂ ਆਪਣੇ ਅੱਖ ਇਸ ਤਰ੍ਹਾਂ ਬਚਾ ਲਵੇ ਜਿਵੇਂ ਕਿਸੇ ਦੀ ਸਹਿਜ ਅੱਖ ਸੂਰਜ ਵਲ ਜਾਂਦੀ ਹੈ ਅਤੇ ਆਪ ਹੀ ਹੇਠਾਂ ਨੂੰ ਹੋ ਜਾਂਦੀ ਹੈ ਉਸੇ ਤਰ੍ਹਾਂ ਸਾਧੂ ਨਜ਼ਰ ਪੈਣ ਤੇ ਅੱਖ ਹੇਠਾਂ ਕਰ ਲਵੇ। ॥੫੫॥

ਬ੍ਰਹਮਚਾਰੀ ਮੁਨੀ ਹੱਥ, ਪੈਰ ਤੇ ਕਟੀ ਹੋਈ, ਕੰਨ ਤੋਂ ਰਹਿਤ, ਅਜਿਹੀ ੧੦੦ ਸਾਲ ਦੀ ਬੁੱਢੀ ਇਸਤਰੀ ਨਾਲ ਵੀ ਜਾਣਕਾਰੀ ਪੈਦਾ ਨਾ ਕਰੇ । ਨੌਜਵਾਨ ਇਸਤਰੀ ਦੀ ਜਾਣਕਾਰੀ ਤਾਂ ਹਰ ਸਮੇਂ ਮਨਾਂ ਹੈ ॥੫੬॥

ਆਤਮਾ ਦੇ ਭਲਾ ਚਾਹੁਣ ਵਾਲੇ ਮੁਨੀ ਲਈ ਹਾਰ ਸ਼ਿੰਗਾਰ, ਇਸਤਰੀਆਂ ਦੀ ਜਾਣਕਾਰੀ, ਵਾਸਨਾ ਵਾਲਾ ਤਾਲਪੁਟ ਜ਼ਹਿਰ ਦੀ ਤਰ੍ਹਾਂ ਹੈ। ਇਹ ਬ੍ਰਹਮਚਰਜ ਘਾਤਕ ਹੈ। ॥੫੭॥

ਆਤਮਾ ਦਾ ਭਲਾ ਚਾਹੁਣ ਵਾਲਾ ਮੁਨੀ ਇਸਤਰੀ ਦੇ ਮੱਥਾ ਆਦਿ ਅੰਗ, ਅੱਖ ਆਦਿ ਉਪ ਅੰਗ ਦੇ ਆਕਾਰ, ਮਿਠੀ ਬੋਲੀ, ਤਾਨੇ (ਇਸ਼ਾਰੇ) ਅਤੇ ਸੁੰਦਰ ਸ਼ਰੀਰ ਨੂੰ, ਉਸ ਦੀ ਸੁੰਦਰ ਅੱਖਾਂ ਨੂੰ ਨਾਂ ਵੇਖੇ। ਕਿਉਂਕਿ ਇਹ ਸਭ ਵਿਸ਼ੇ ਭੋਗ ਵਿਲਾਸ਼ ਵਿੱਚ ਵਾਧਾ ਕਰਨ ਵਾਲੇ ਹਨ। ॥੫੮॥

ਜਿੰਨੇ ਦੇਰ ਭਗਵਾਨ ਦੇ ਆਖੇ ਅਨੁਸਾਰ ਸ਼ਬਦ ਆਦਿ ਪਰਿਣਾਮ (ਬਦਲਾਓ) ਰੂਪ ਵਿੱਚ ਬਦਲਦੇ ਪੁਦਗਲ ਦੇ ਪਰਿਣਾਮ ਨੂੰ ਅਨਿੱਤ ਜਾਨ ਕੇ ਮਨ ਨੂੰ ਚੰਗੇ ਲਗਨ ਵਾਲੇ ਵਿਸ਼ੇ ਪ੍ਰਤਿ ਰਾਗ ਨਾਂ ਕਰੇ। ਚੰਗੇ ਨਾ ਲਗਣ ਵਾਲੇ ਵਿਸ਼ੇਆ ਪ੍ਰਤਿ ਦਵੇਸ਼ ਨਾਂ ਕਰੇ ਕਿਉਂਕਿ ਸੁੰਦਰ ਪੁਦਗਲ ਪ੍ਰਗਟ ਹੋਣ ਤੇ ਅਸੁੰਦਰ, ਸੁੰਦਰ ਪੁਦਗਲ ਕਾਰਣ ਅਸੁੰਦਰ ਹੋ ਜਾਂਦੇ ਹਨ ਇਸ ਲਈ ਪੁਦਗਲ ਪਰਿਨਾਮਾਂ ਪ੍ਰਤਿ ਰਾਗ ਦਵੇਸ ਨਾਂ ਕਰੇ। ॥੫੯॥

ਆਤਮਾ ਦਾ ਭਲਾ ਚਾਹੁਣ ਵਾਲਾ ਮੁਨੀ ਪੁਦਗਲਾ ਦੀ ਸ਼ੁਭ ਅਸ਼ੁਭ ਪਰਿਨਮਨ ਕ੍ਰਿਆ ਨੂੰ ਵੇਖ ਕੇ, ਉਸ ਦੀ ਵਰਤੋਂ ਪ੍ਰਤਿ ਪਿਆਸ ਰਹਿਤ ਹੋ ਕੇ ਅਤੇ ਕਰੋਧ ਆਦਿ ਅਗਨੀ ਦੇ ਨਾਂ ਹੋਣ ਕਾਰਣ ਠੰਡਾ ਹੋ ਕੇ ਵਿਚਰੇ। ॥੬੦॥

ਉੱਤਮ ਚਰਿੱਤਰ (ਸਾਧੂ ਜੀਵਨ) ਗ੍ਰਹਿਣ ਕਰਦੇ ਸਮੇਂ ਜੋ ਸ਼ਰਧਾ ਸੀ, ਜੋ ਭਾਵ ਮਨ, ਉਸੇ ਸ਼ਰਧਾ ਨੂੰ ਪਹਿਲਾਂ ਦੀ ਤਰ੍ਹਾਂ ਅਖੰਡ ਰੱਖਕੇ ਚਰਿੱਤਰ ਦਾ ਪਾਲਨ ਕਰੇ। ਅਚਾਰਿਆ ਰਾਜ ਤੀਰਥੰਕਰ ਪ੍ਰਮਾਤਮਾ ਆਦਿ ਦੱਸੇ ਮੂਲ ਗੁਣਾਂ ਨੂੰ ਅਪ੍ਰਤਿਪਾਤੀ ਸ਼ਰਧਾ ਪ੍ਰਗਟ ਚੜ੍ਹਦੇ ਵੇਖ ਕੇ ਪਾਲਨ ਕਰੇ। ॥੬੧॥

੧੨ ਪ੍ਰਕਾਰ ਦੇ ਤਪ, ਛੇ ਕਾਇਆ ਦੇ ਜੀਵਾਂ ਦਾ ਰੱਖਿਅਕ ਰੂਪ ਸੰਜਮ, ਯੋਗ, ਸਵਾਧਿਆਏ, ਬਚਨ ਆਦਿ ਰੂਪ ਸੰਜਮ ਵਿਉਪਾਰ ਵਿਚ ਲਗਾਤਾਰ ਸਥਿਤ ਮੁਨੀ, ਆਪਣੀ ਅਤੇ ਦੂਸਰੇ ਦੀ ਰੱਖਿਆ ਕਰਨ ਵਿੱਚ ਉਸੇ ਪ੍ਰਕਾਰ ਸਮਰੱਥ ਹੈ ਜਿਸ ਪ੍ਰਕਾਰ ਦੁਸ਼ਮਣ ਦੀ ਫੋਜ ਵਿੱਚ ਹਥਿਆਰਾਂ ਤੇ ਸੈਨਿਕਾਂ ਨਾਲ ਘਿਰੀਆਂ ਬਹਾਦਰ ਸੈਨਿਕ ਫੋਜਾਂ। ॥੬੨॥ (ਭਾਵ ਤਪ, ਸੰਜਮ ਸਵਾਧਿਆਏ ਰੂਪੀ ਸ਼ਸਤਰ ਵਾਲਾ ਸਾਧ ਆਪਣੇ ਤੇ ਦੂਸਰੇ ਦੀ ਮੋਹਰੂਪੀ ਸੇਨਾ ਤੋਂ ਮੁਕਤ ਕਰਾਉਣ ਵਿੱਚ ਸਮਰੱਥ ਹੈ।

ਸਵਾਧਿਆਏ ਰੂਪ ਸ਼ੁਭ ਧਿਆਨ ਵਿੱਚ ਲੱਗਿਆ, ਆਪਣੇ ਤੇ ਪਰਾਏ ਦਾ ਰੱਖਿਅਕ, ਸ਼ੁੱਧ ਭਾਵਾਂ ਵਾਲਾ, ਤਪਸਿਆ ਵਾਲਾ, ਮੁਨੀ ਪਹਿਲਾ ਕੀਤੇ ਪਾਪਾਂ ਤੋਂ ਸ਼ੁੱਧ ਹੁੰਦਾ ਹੈ ਜਿਵੇਂ ਅੱਗ ਤਪਾਉਨਾ ਤੇ ਚਾਂਦੀ ਦਾ ਮੇਲ ਸ਼ੁੱਧ ਹੁੰਦਾ ਹੈ ਭਾਵ ਕਰਮ ਨਿਰਜਲਾ ਹੁੰਦੀ ਹੈ। ॥੬੩॥

ਉਪਰ ਆਖੇ ਗੁਣਾਂ ਵਾਲਾ ਅਤੇ ਦੁੱਖ ਸਹਿਨ ਕਰਨ ਵਾਲਾ ਪਰਿਸ਼ੈ ਸਹਿਨ ਵਾਲਾ, ਇੰਦਰੀਆਂ ਦਾ ਜੇਤੂ, ਸੁਰੁਤ ਗਿਆਨ ਵਾਲਾ, ਮਮਤਾ ਰਹਿਤ, ਪਰਿਗ੍ਰਹਿ ਰਹਿਤ ਸਾਧੂ ਸੰਸਾਰ ਵਿੱਚ ਉਸੇ ਪ੍ਰਕਾਰ ਸੋਭਾ ਪਾਉਂਦਾ ਹੈ ਜਿਵੇਂ ਬਦਲ ਰਹਿਤ ਅਸਮਾਨ ਵਿੱਚ ਚੰਦਰਮਾ ਸ਼ੋਭਾ ਪਾਉਂਦਾ ਹੈ ।

ਸਾਧੂ ਦੇ ਆਚਾਰ ਪ੍ਰਨਿਧਿ ਅਧਿਐਨ ਵਿੱਚ ਆਖੇ ਆਚਰਨ ਅਨੁਸਾਰ ਜੀਵਨ ਗੁਜਾਰਨ ਨਾਲ ਕਰਮ ਰੂਪੀ ਬਦਲਾ ਉੜ ਜਾਂਦੇ ਹਨ ਸਾਧੂ ਕੇਵਲ ਗਿਆਨ ਰੂਪੀ ਪ੍ਰਕਾਸ਼ ਦੀ ਜੋਤ ਨਾਲ ਸੋਭਾਏ ਮਾਨ ਹੁੰਦਾ ਹੈ। ॥੬੪॥

ਇਸ ਪ੍ਰਕਾਰ ਮੈਂ ਆਖਦਾ ਹਾਂ ।

# ਨੌਵਾ ਵਿਨੈ ਸਮਾਧੀ ਨਾਮ ਅਧਿਐਨ ਪਹਿਲਾ ਉਦੇਸ਼ਕ

ਜੋ ਮੁਨੀ ਹੰਕਾਰ, ਕਰੋਧ, ਕਾਇਆ ਪ੍ਰਮਾਦ ਦੇ ਕਾਰਣ ਸੱਚੇ ਗੁਰੂ ਤੋਂ ਵਿਨੈ ਧਰਮ ਦੀ ਸਿੱਖਿਆ ਗ੍ਰਹਿਣ ਨਹੀਂ ਕਰਦਾ ਹੈ। ਉਸ ਲਈ ਉਸ ਦੇ ਅਵਿਨੈ ਆਦਿ ਅਵਗੁਣ ਵਿਨਾਸ਼ ਦਾ ਕਾਰਨ ਬਣਦੇ ਹਨ। ਜਿਵੇਂ ਬਾਂਸ ਦਾ ਫਲ ਬਾਂਸ ਦੇ ਵਿਨਾਸ਼ ਦਾ ਕਾਰਨ ਬਣ ਜਾਂਦਾ ਹੈ ਉਸੇ ਪ੍ਰਕਾਰ ਅਵਿਨੈ ਰੂਪੀ ਫਲ ਦੀ ਪ੍ਰਾਪਤੀ ਨਾਲ ਭਾਵ ਪ੍ਰਾਣੀ ਦਾ ਨਾਸ਼ ਹੋ ਜਾਂਦਾ ਹੈ। ॥੧॥

ਜੋ ਮੁਨੀ ਸਦਗੁਰੂ ਨੂੰ ਇਹ ਆਖਦਾ ਹੈ ਇਹ ਘਟ ਬੁੱਧੀ ਵਾਲੇ ਹਨ, ਘਟ ਉਮਰ ਵਾਲੇ ਹਨ, ਘਟ ਗਿਆਨ ਵਾਲੇ ਹਨ "ਅਜਿਹਾ ਮਨ ਕੇ ਗੁਰੂ ਦਾ ਅਪਮਾਨ ਕਰਦਾ ਹੈ। ਉਹ ਮੁਨੀ ਸਿੱਥਿਆ ਨੂੰ ਪ੍ਰਾਪਤ ਕਰਦਾ ਹੋਇਆ ਗੁਰੂਆਂ ਦੀ ਆਸ਼ਾਤਨਾ ਕਰਨ ਵਾਲਾ ਹੁੰਦਾ ਹੈ। ॥੨॥

ਬਜ਼ੁਰਗ ਆਚਾਰਿਆ ਕਦੇ ਗੁਣ ਪੱਖੋਂ ਘੱਟ ਗਿਆਨੀ ਵੀ ਹੁੰਦੇ ਹਨ। ਕਈ ਘਟ ਉਮਰ ਵਾਲੇ ਹੁੰਦੇ ਹਨ, ਪਰ ਗਿਆਨ ਤੇ ਬੁੱਧੀ ਵਿੱਚ ਵੀ ਜਿਆਦਾ ਗਿਆਨ ਵਾਲੇ ਹੁੰਦੇ ਹਨ।

ਆਚਾਰ ਤੇ ਗੁਣਾਂ ਦਾ ਧਨੀ ਘੱਟ ਉਮਰ ਵਾਲੇ ਤੇ ਘੱਟ ਗਿਆਨ ਵਾਲੇ ਆਚਾਰਿਆ ਦੇ ਹੁਕਮ ਦੀ ਉਲੰਘਣਾ ਨਾਂ ਕਰੇ। ਗੁਰੂ ਦਾ ਹੁਕਮ ਨਾਂ ਮੰਨਣ ਤੇ ਗੁਣਾ ਦਾ ਨਾਸ਼ ਹੋ ਸਕਦਾ ਹੈ ਜਿਵੇਂ ਅੱਗ ਵਿੱਚ ਸਭ ਪਦਾਰਥ ਭਸ਼ਮ ਹੋ ਜਾਂਦੇ ਹਨ ਉਸੇ ਪ੍ਰਕਾਰ ਸਦਗੁਰੂ ਦੀ ਆਗਿਆ ਨਾਂ ਮੰਨਣ ਨਾਲਾ ਸਭ ਗੁਣ ਨਸ਼ਟ ਹੋ ਜਾਂਦੇ ਹਨ। ॥੩॥

ਜਿਵੇਂ ਕੋਈ ਅਗਿਆਨੀ ਮੂਰਖਆਤਮਾ ਸੱਪ ਨੂੰ ਛੋਟਾ ਸਮਝ ਕੇ ਉਸ ਨੂੰ ਛੇੜਦਾ ਹੈ, ਤਾਂ ਉਹ ਸੱਪ ਉਸਦੇ ਦਰਵ ਪ੍ਰਾਣ (ਸ਼ਰੀਰ) ਦੇ ਨਾਸ਼ ਦਾ ਕਾਰਨ ਬਨਦਾ

ਹ। ਉਸੇ ਪ੍ਰਕਾਰ ਕਿਸੇ ਕਾਰਨ ਤੋਂ ਉਮਰ ਵਿੱਚ ਛੋਟੇ, ਘਟ ਸ਼ਾਸਤਰਾਂ ਦੇ ਜਾਨਕਾਰ ਨੂੰ ਵੀ ਆਚਾਰਿਆ ਪਦ ਦੇ ਦਿੱਤਾ ਗਿਆ ਹੋਵੇ ਤਾਂ ਵੀ ਉਨ੍ਹਾਂ ਦੀ ਇਜਾਜ਼ਤ ਨਾਂ ਮੰਨਣ ਵਾਲਾ, ਲੰਬੇ ਸਮੇਂ ਤੱਕ ਜਨਮ ਮਰਨ ਪ੍ਰਾਪਤ ਕਰਦਾ ਹੈ, ਜ਼ਿਆਦਾ ਸਮਾਂ ਸੰਸਾਰ ਵਿੱਚ ਘੁੰਮਦਾ ਰਹਿੰਦਾ ਹੈ। ॥੪॥

ਆਸ਼ੀਵਿਸ਼ ਸੱਪ ਜ਼ਿਆਦਾ ਕਰੋਧੀ ਹੋਣ ਤੇ ਜੀਵ ਦੇ ਪ੍ਰਾਣਾਂ ਦਾ ਨਾਸ਼ ਤੋਂ ਜ਼ਿਆਦਾ ਨੁਕਸਾਨ ਨਹੀਂ ਪਹੁੰਚਾ ਸਕਦੇ। ਪਰ ਸਦਗੁਰੂ ਆਚਾਰਿਆ ਦੀ ਆਗਿਆ ਨਾਂ ਮੰਨਣ ਨਾਲ, ਨਾਂ ਖੁਸ਼ ਹੋਣ ਤੇ ਚੈਲੇ ਲਈ ਅਹਿੱਤਕਾਰੀ ਹੁੰਦੀ ਹੈ। ਇਸ ਕਾਰਣ ਅਬੋਧੀ (ਅਗਿਆਨਤਾ) ਤੇ ਅਸ਼ਾਤਨਾ ਕਰਨ ਵਾਲਿਆਂ ਨੂੰ ਮੋਕਸ਼ ਪ੍ਰਾਪਤ ਨਹੀਂ ਹੁੰਦਾ ਹੈ। ॥੫॥

ਜਿਸ ਤਰ੍ਹਾਂ ਕੋਈ ਵਿਅਕਤੀ ਜਿਉਣ ਲਈ ਬਲਦੀ ਅੱਗ ਵਿੱਚ ਖੜਾ ਰਹਿੰਦਾ ਹੈ ਜਾਂ ਆਸ਼ੀਵਿਸ਼ ਸੱਪ ਨੂੰ ਗੁੱਸੇ ਕਰਦਾ ਹੈ ਜਾਂ ਜ਼ਹਿਰ ਪੀਂਦਾ ਹੈ ਤਾਂ ਉਹ ਜਿਉਂਦਾ ਨਹੀਂ ਰਹਿ ਸਕਦਾ ਇਹ ਉਪਮਾਵਾਂ ਧਰਮ ਆਚਰਨ ਲਈ ਗੁਰੂ ਦੀ ਇਜਾਜ਼ਤ ਨਾਂ ਮੰਨਣ ਵਾਲੇ ਲਈ ਹਨ।

ਅੱਗ, ਸਪ ਤੇ ਜ਼ਹਿਰ ਜੀਵ ਤੇ ਮਰਨ ਦਾ ਕਾਰਣ ਹਨ। ਉਸੇ ਪ੍ਰਕਾਰ ਸਦ ਗੁਰੂ ਦੀ ਅਸ਼ਾਤਨਾ ਨਾਲ ਕੀਤੀ ਮੋਕਸ਼ ਸਾਧਕ ਸੰਸਾਰ ਵਿੱਚ ਵਾਧੇ ਦਾ ਕਾਰਣ ਹੈ ਮੋਕਸ਼ ਦਾ ਨਹੀਂ ॥੬॥

ਹੋ ਸਕਦਾ ਹੈ ਅੱਗ ਨਾਂ ਜਲਾਵੇ, ਆਸ਼ੀਵਿਸ਼ ਸੱਪ ਡੰਗ ਨਾ ਮਾਰੇ, ਜ਼ਹਿਰ ਅਸਰ ਨਾ ਕਰੇ ਪਰ ਸਤਿਗੁਰੂ ਪ੍ਰਤਿ ਲਾਪਰਵਾਹੀ ਵਾਲੇ ਨੂੰ ਮੁਕਤੀ ਪ੍ਰਾਪਤ ਨਹੀਂ ਹੁੰਦੀ। ॥੭॥

ਕੋਈ ਮਨੁੱਖ ਮੱਥੇ ਨਾਲ ਪਰਬਤ ਤੋੜਨਾ ਚਾਹੇ ਜਾਂ ਸੁੱਤੇ ਸ਼ੇਰ ਨੂੰ ਜਗਾਵੇ ਜਾਂ ਸ਼ਕਤੀ ਨਾਮਕ ਹਥਿਆਰ ਨਾ ਮਾਰੇ, ਪਰ ਸਤਿਗੁਰੂ ਪ੍ਰਤਿ ਲਾਪਰਵਾਹੀ ਕਰਨ ਵਾਲਾ ਕਦੀ ਮੋਕਸ਼ ਪ੍ਰਾਪਤ ਨਹੀ ਕਰਦਾ। ॥੮॥

ਹੋ ਸਕਦਾ ਹੈ ਕਿ ਪ੍ਰਭਾਵੀ ਸ਼ਕਤੀ ਨਾਲ ਮੱਥੇ ਰਾਹੀਂ ਪਰਬਤ ਟੁੱਟ ਜਾਵੇ, ਮੰਤਰ ਸ਼ਕਤੀ ਵਸ ਸ਼ੇਰ ਭੋਜਨ ਨਾ ਕਰੇ, ਸ਼ਕਤੀ ਨਾਮਕ ਹਥਿਆਰ ਨਾਲ ਵੀ ਕੋਈ ਚੋਟ ਨਾ ਲੱਗੇ ਪਰ ਗੁਰੂ ਪ੍ਰਤਿ ਲਾਪਰਵਾਹੀ ਵਾਲੇ ਨੂੰ ਮੋਕਸ਼ ਪ੍ਰਾਪਤ ਨਹੀ ਹੋ ਸਕਦਾ। ॥੯॥

ਸਤਿਗੁਰੂ ਦੀ ਨਰਾਜ਼ਗੀ ਮਿੱਥਿਆਤਵ ਦਾ ਕਾਰਣ, ਸਤਿਗੁਰੂ ਪ੍ਰਤਿ ਲਾਪਰਵਾਹੀ ਮੋਕਸ਼ ਦੀ ਅਣਹੋਂਦ ਹੈ ਜੇਕਰ ਅਜਿਹਾ ਹੈ ਤਾਂ ਅਨਾਵਾਧ, ਪਰਿਪੂਰਨ, ਸ਼ਾਸਵਤ ਸੁਖ ਦਾ ਇੱਛੁਕ ਮੁਨੀ, (ਨਾ ਖਤਮ ਹੋਣ ਵਾਲੇ) ਜਿਸ ਪ੍ਰਕਾਰ ਹੋਵੇ ਗੁਰੂ ਨੂੰ ਖੁਸ਼ ਕਰਕੇ, ਕ੍ਰਿਪਾ ਹਾਸਲ ਕਰੇ। ਆਗਿਆ ਅਨੁਸਾਰ ਚਲੇ। ॥੧੦॥

ਜਿਸ ਪ੍ਰਕਾਰ ਅਗਨੀਹੋਤਰ ਬ੍ਰਾਹਮਣ ਹਵਨ ਰਾਹੀਂ ਮੰਤਰ ਦਵਾਰਾਂ ਘੀ ਸ਼ਹਿਦ ਦੀ ਅਹੁਤਿਆਂ ਰਾਹੀਂ ਅੱਗ ਨੂੰ ਨਮਸਕਾਰ ਕਰਦਾ ਹੈ ਉਸੇ ਪ੍ਰਕਾਰ ਚੱਲੇ। ਅਨੰਤ ਗਿਆਨ ਵਾਨ ਹੁੰਦਾ ਹੋਇਆ ਵੀ, ਸੱਚੇ ਗੁਰੂ ਆਚਾਰਿਆ ਭਗਵਾਨ ਦੀ ਵਿਨੈ ਪੂਰਵਕ ਸੇਵਾ ਕਰੇ। ਗਿਆਨੀ ਚੇਲੇ ਲਈ ਇਹ ਨਿਅਮ ਹੈ ਤਾਂ ਆਮ ਚੇਲੇ ਲਈ ਤਾਂ ਆਖਣ ਦੀ ਕੀ ਲੋੜ ਹੈ ? ॥੧੧॥

ਜਿਸ ਸਦਗੁਰੂ ਪਾਸੋਂ ਚੇਲਾ ਧਰਮ ਪਦਾਂ ਦੀ ਸਿੱਖਿਆ ਲੈ ਰਿਹਾ ਹੈ ਉਸ ਦੇ ਕੋਲ ਵਿਨੈ ਧਰਮ ਦਾ ਪਾਲਨ ਕਰੇ। ਉਨ੍ਹਾਂ ਦਾ ਸਤਿਕਾਰ ਕਰਨਾ, ਪੰਜਾ ਅੰਗਾਂ ਰਾਹੀਂ ਨਮਸਕਾਰ ਕਰਨਾ, ਹੱਥ ਜੋੜ ਕੇ ਬੰਦਨਾ ਆਖਨਾ, ਮਨ, ਬਚਨ, ਤੇ ਸ਼ਰੀਰ ਰਾਹੀਂ ਹਰ ਰੋਜ਼ ਸਤਿਕਾਰ ਸਨਮਾਨ ਕਰਨਾ, ਚੇਲੇ ਦਾ ਕਰਤੱਵ ਹੈ। ॥੧੨॥

ਸ਼ਰਮ, ਦਿਆ, ਸੰਜਮ ਤੇ ਬ੍ਰਹਮਚਰਜ ਇਹ ਚਾਰੋਂ ਮੋਕਸ਼ ਦੇ ਇਛੁਕ ਲਈ ਵਿਸ਼ੁਧੀ ਸਥਾਨ ਹਨ ਜੋ ਸਤਿਗੁਰ ਮੈਨੂੰ ਇਨ੍ਹਾਂ ਚਾਰ ਮਾਰਗਾਂ ਦੇ ਲਈ ਲਗਾਤਾਰ ਭਲੇ ਦੀ ਸਿੱਖਿਆ ਦਿੰਦਾ ਹੈ ਮੈਂ ਉਸ ਸਤਿਗੁਰੂ ਦੀ ਹਰ ਰੋਜ਼ ਪੂਜਾ ਕਰਦਾ ਹਾਂ। ਇਸ ਪ੍ਰਕਾਰ ਚੇਲੇ ਨੂੰ ਲਗਾਤਾਰ ਵਿਚਾਰ, ਚਿੰਤਨ ਕਰਨਾ ਚਾਹੀਦਾ ਹੈ। ਹਰ ਗੁਰੂ ਆਗਿਆ ਦਾ ਪਾਲਨ ਕਰਨਾ ਹੀ ਸਤਿਗੁਰੂ ਦੀ ਸੱਚੀ ਪੂਜਾ ਹੈ। ॥੧੩॥

ਜਿਸ ਪ੍ਰਕਾਰ ਰਾਤ ਬੀਤ ਜਾਨ ਤੇ ਦਿਨ ਹੋਇਆ ਪੈਦਾ ਕਰਦਾ ਸੂਰਜ ਸਾਰੇ ਭਰਤ ਖੇਤਰ ਨੂੰ ਰੋਸ਼ਨੀ ਦਿੰਦਾ ਹੈ ਉਸ ਪ੍ਰਕਾਰ ਅਚਾਰਿਆ ਵੀ ਸ਼ੁੱਧ ਸਰੁਤ ਸੂਤਰ ਗਿਆਨ, ਸ਼ੀਲ, ਬੁੱਧੀ ਵਾਲੇ ਉਪਦੇਸ਼, ਸਤਿਗੁਰੂ ਆਚਾਰਿਆ ਤੋਂ ਜੀਵ ਆਦਿ ਪਦਾਰਥਾਂ ਦੇ ਸੰਪੂਰਨ ਸਵਰੂਪ ਨੂੰ ਪ੍ਰਕਾਸ਼ਮਾਨ ਕਰਦੇ ਹਨ। ਜਿਵੇਂ ਦੇਵਤਿਆਂ ਵਿੱਚ ਇੰਦਰ ਸੋਭਾਏ (ਮਾਨ) ਹੈ ਉਸੇ ਪ੍ਰਕਾਰ ਆਚਾਰਿਆ ਭਗਵਾਨ, ਮੁਨੀ ਮੰਡਲ ਵਿੱਚ ਸੁਭਾਏਮਾਨ ਹੁੰਦੇ ਹਨ। ॥੧੪॥

ਜਿਸ ਪ੍ਰਕਾਰ ਕੱਤਕ ਪੂਰਣਮਾਸ਼ੀ ਦੇ ਦਿਨ ਬੱਦਲਾਂ ਤੋਂ ਰਹਿਤ ਨਿਰਮਲ ਅਕਾਸ਼ ਵਿੱਚ ਨਛੱਤਰ ਤੇ ਤਾਰਾ ਸਮੂਹ ਨਾਲ ਘਿਰਿਆ ਚੰਦਰਮਾ ਸ਼ੋਭਾ ਪਾਉਂਦਾ ਹੈ ਉਸੇ ਪ੍ਰਕਾਰ ਸਾਧੂਆਂ ਵਿੱਚ ਸਤਿਗੁਰੂ ਆਚਾਰਿਆ ਸ਼ੋਭਾ ਪਾਉਂਦੇ ਹਨ। ॥੧੫॥

ਅੰਨਤ ਗਿਆਨ ਆਦਿ ਭਾਵ ਰਤਨਾ ਦੀ ਖਾਨ ਦੀ ਤਰ੍ਹਾਂ ਸਮਾਧੀ, ਯੋਗ, ਸਰੁਤ, ਸ਼ੀਲ ਅਤੇ ਬੁੱਧੀ ਦੇ ਮਹਾਨ ਧਨੀ ਮਹਾਂਰਿਸ਼ੀ ਆਚਾਰਿਆ ਭਗਵਾਨ ਤੋਂ ਉੱਚ ਗਿਆਨ ਆਦਿ ਦੀ ਪ੍ਰਾਪਤੀ ਦੇ ਲਈ ਚੇਲੇ ਨੂੰ ਵਿਨੈ ਰਾਹੀਂ ਅਰਾਧਨਾ ਕਰਨੀ ਚਾਹੀਦੀ ਹੈ ਇਕ ਵਾਰ ਹੀ ਨਹੀਂ, ਕਰਮ ਨਿਰਜਰਾ ਲਈ ਵਾਰ-ਵਾਰ ਵਿਨੈ ਕਰਨ ਨਾਲ ਆਚਾਰਿਆ ਭਗਵਾਨ ਪ੍ਰਸ਼ਨ ਹੁੰਦੇ ਹਨ। ॥੧੬॥

ਇਨ੍ਹਾਂ ਸੁੰਦਰ ਬਚਨਾ ਨੂੰ ਸੁਣ ਕੇ ਸਮਝਦਾਰ ਮੁਨੀ ਸਤਿਗੁਰੂ ਆਚਾਰਿਆ ਭਗਵਾਨ ਦੀ ਲਗਾਤਾਰ, ਨਿਰੰਤਰ, ਪ੍ਰਮਾਦ ਰਹਿਤ ਹੋ ਕੇ ਸੇਵਾ ਕਰੇ। ਇਸ ਪ੍ਰਕਾਰ ਉਪਰੋਕਤ ਗੁਣ ਵਾਲਾ, ਸਤਿਗੁਰੂ ਆਚਾਰਿਆ ਦੀ ਸੇਵਾ ਕਰਨ ਵਾਲਾ ਮੁਨੀ ਕਈ ਪ੍ਰਕਾਰ ਦੇ ਗਿਆਨ ਗੁਣ ਦੀ ਅਰਾਧਨਾ ਕਰਦਾ ਹੋਇਆ ਮੋਕਸ਼ ਚਲਾ ਜਾਂਦਾ ਹੈ। ॥੧੭॥

ਇਸ ਪ੍ਰਕਾਰ ਮੈਂ ਆਖਦਾ ਹਾਂ ।

# ਦੂਸਰਾ ਉਦੇਸ਼ਕ

ਦਰੱਖਤ ਤੇ ਮੂਲ ਤੋਂ ਸੰਕਧ ਪੈਦਾ ਹੁੰਦਾ ਹੈ ਸਕੰਧ ਤੋਂ ਸ਼ਾਖਾਂ ਪੈਦਾ ਹੁੰਦੀ ਹੈ, ਸ਼ਾਖਾਂ ਤੋਂ ਛੋਟੀ ਸ਼ਾਖਾ ਉਪਸ਼ਾਖਾਵਾਂ ਨਿਕਲਦੀਆਂ ਹਨ ਫੇਰ ਪੱਤੇ, ਫੁਲ, ਫਲ ਤੇ ਰਸ ਦੀ ਉਤਪੰਨ ਹੁੰਦੀ ਹੈ। ॥੧॥

ਇਸ ਪ੍ਰਕਾਰ ਧਰਮ ਰੂਪੀ ਦਰਖਤ ਦਾ ਮੂਲ ਵਿਨੈ ਹੈ ਅਤੇ ਪਰਮ ਫਲ ਮੋਕਸ਼ ਦਰਖਤ ਦੀ ਤਰ੍ਹਾਂ ਮੋਕਸ਼ ਦੀ ਪ੍ਰਾਪਤੀ ਇਹ ਉੱਤਮ ਫਲ ਦਾ ਰਸ ਜਾਨਣਾ ਚਾਹੀਦਾ ਹੈ ਇਸ ਲਈ ਵਿਨੈ ਅਚਾਰ ਦਾ ਪਾਲਨ ਕਰਨਾ ਸਭ ਲਈ ਜ਼ਰੂਰੀ ਹੈ ਵਿਨੈਧਾਰੀ ਮੁਨੀ ਨੂੰ ਕੀਰਤੀ, ਸਰੁਤ, ਗਿਆਨ ਅਤੇ ਪ੍ਰਸੰਸਾ ਯੋਗ ਪਦਾਰਥਾਂ ਦੀ ਪ੍ਰਾਪਤੀ ਹੁੰਦੀ ਹੈ। ॥੨॥

ਜੋ ਕਰੋਧੀ, ਅਗਿਆਨੀ, ਆਕੜਵਾਜ, ਕੌੜਾ ਬੋਲਣ ਵਾਲਾ, ਧੋਖੇਬਾਜ ਅਤੇ ਅਸੰਜਮੀ ਹੈ ਉਹ ਅਵਿਨੈਵਾਨ ਆਤਮਾ, ਉਸੇ ਤਰ੍ਹਾਂ ਸੰਸਾਰ ਸਮੁੰਦਰ ਵਿੱਚ ਵਹਿ ਜਾਂਦਾ ਹੈ ਜਿਸ ਤਰ੍ਹਾਂ ਨਦੀ ਵਿੱਚ ਲੱਕੜ ਵਹਿ ਜਾਂਦੀ ਹੈ। ॥੩॥

ਵਿਨੈ ਧਰਮ ਦਾ ਪਾਲਨ ਕਰਨ ਵਿੱਚ ਲੱਗੇ ਸਤਿਗੁਰੂ ਰਾਹੀਂ ਕੋਸ਼ਿਸ਼ ਨਾਲ ਮਿੱਠੇ ਬਚਨਾ ਨਾਲ ਪ੍ਰੇਰਿਤ ਕਰਨ ਤੇ, ਉਨ੍ਹਾਂ ਪ੍ਰਤਿਗੁੱਸਾ ਵਿਖਾਉਣ ਵਾਲਾ, ਆਪਣੇ ਘਰ ਆਉਣ ਵਾਲੀ ਗਿਆਨ ਰੂਪੀ-ਲੱਛਮੀ ਦੇ ਡੰਡਾ ਮਾਰ ਕੇ ਉਸ ਨੂੰ ਬਾਹਰ ਕਰਦਾ ਹੈ ਉਸ ਨੂੰ ਧੱਕਾ ਦਿੰਦਾ ਹੈ, ਰੋਕਦਾ ਹੈ ਘਰੋਂ ਕੱਢਦਾ ਹੈ। ॥੪॥

ਰਾਜਾ, ਸੇਨਾਪਤਿ ਪ੍ਰਧਾਨ ਆਦਿ ਦੀ ਸਵਾਰੀ ਦੇ ਕੰਮ ਆਉਣ ਵਾਲੇ ਹਾਥੀ ਘੋੜੇ, ਜੋ-ਜੋ ਅਵਿਨਿਤ ਹੁੰਦੇ ਹਨ ਅੜਿਅਲ ਹੁੰਦੇ ਹਨ ਉਹ ਭਾਰ ਕਾਰਣ ਕਸ਼ਟ ਤੇ ਦੁੱਖ ਪਾਉਂਦੇ ਵਿਖਾਈ ਦਿੰਦੇ ਹਨ। ॥੫॥

ਰਾਜਾ ਆਦਿ ਦੀ ਸਵਾਰੀ ਦੇ ਕੰਮ ਆਉਣ ਵਾਲੇ ਜੋ ਹਾਥੀ ਜਾਂ ਘੋੜੇ ਵਿਨੇਵਾਨ ਹੁੰਦੇ ਹਨ। ਉਹ ਗਹਿਨਿਆਂ ਨਾਲ ਸ਼ਿੰਗਾਰੇ ਜਾਂਦੇ ਹਨ ਚੰਗੇ ਰਹਿਣ ਵਾਲੀ

ਥਾਂ ਪ੍ਰਾਪਤ ਕਰਦੇ ਹਨ ਉੱਤਮ ਭੋਜਨ ਨੂੰ ਪ੍ਰਾਪਤ ਕਰਕੇ ਖੁਦ ਸਦ ਗੁਣਾਂ ਦੇ ਜਸ, ਮਸਹੂਰੀ ਨੂੰ ਪ੍ਰਾਪਤ ਕਰਕੇ ਸੁਖਾਂ ਦਾ ਅਨੁਭਵ ਕਰਦੇ ਹਨ। ॥੬॥

ਪਸ਼ੂਆਂ ਦੀ ਤਰ੍ਹਾਂ ਨਰ-ਨਾਰੀ ਹਨ ਜੋ ਸੰਸਾਰ ਵਿੱਚ ਅਨੇਕਾਂ ਦੁੱਖ ਭੋਗ ਦੇ ਹਏ, ਚਾਵੁਕ ਆਦਿ ਪ੍ਰਹਾਰ ਨਾਲ ਜ਼ਖਮੀ ਹੁੰਦੇ ਹਨ ਪਰ ਇਸਤਰੀਆਂ ਆਦਿ ਪ੍ਰਤਿ ਕੀਤੇ ਦੋਸ਼ਾਂ ਕਾਰਣ ਨੱਕ ਆਦਿ ਇੰਦਰੀਆਂ ਕੱਟੀਆਂ ਵਿਖਾਈ ਦਿੰਦੀਆਂ ਹਨ। ॥੭॥

ਅਵਿਨਿਤ ਨਰ-ਨਾਰੀ ਡੰਡੇ, ਹਥਿਆਰ, ਕਠੋਰ ਬਚਨਾ ਕਾਰਣ ਦੁਰਲਬ ਹੋ ਜਾਨ ਤੇ ਰਹਿਮ ਦੇ ਪਾਤਰ, ਪਰਾਧੀਨ, ਅਤੇ ਭੁੱਖ ਪਿਆਸ ਤੋਂ ਦੁਖੀ ਹੋ ਕੇ ਅਨੇਕਾਂ ਦੁੱਖਾਂ ਦਾ ਅਨੁਭਵ ਕਰਦੇ ਹਨ। ਅਵਿਨੈ ਦੇ ਫਲ ਕਾਰਣ ਇਸ ਜਨਮ ਵਿੱਚ ਅਨੇਕਾਂ ਦੁੱਖ ਭੋਗਦੇ ਹਨ ਅਤੇ ਦੂਸਰੇ ਜਨਮ ਨਰਕ ਨਿਗੋਦ ਆਦਿ ਦੇ ਮਹਾਦੁਖ ਭੋਗਦੇ ਹਨ। ॥੮॥

ਸੰਸਾਰ ਵਿੱਚ ਵਿਨੈ ਗੁਣ ਨਰ-ਨਾਰੀ ਸੁਖ ਅਤੇ ਯੱਸ ਨੂੰ ਪ੍ਰਾਪਤ ਕਰਕੇ ਮਹਾਨ ਸੁਖ ਅਨੁਭਵ ਕਰਦੇ ਵੇਖੇ ਜਾਂਦੇ ਹਨ। ॥੯॥

ਵਿਨੈ ਰਹਿਤ ਆਤਮਾ ਨੂੰ ਜੇ ਕਦੇ ਦੇਵ ਲੋਕ ਵਿਚੱ ਜਨਮ ਵਿੱਚ ਮਿਲ ਜਾਵੇ ਤਾਂ ਵੇਮਾਨਿਕ , ਵਿਅੰਤਰ, ਭਵਨਪਤਿ ਆਦਿ ਦੇਵਤਿਆਂ ਦੀ ਸੇਵਾ, ਅਛੂਤ ਦੀ ਤਰ੍ਹਾਂ ਦੁਖ ਅਨੁਭਵ ਕਰਦੇ ਵੇਖੇ ਜਾਂਦੇ ਹਨ । ਅਜਿਹਾ ਗਿਆਨੀ ਅੱਖਾਂ ਨੇ ਵੇਖਿਆ ਹੈ। ॥੧੦॥

ਉਸੇ ਪ੍ਰਕਾਰ ਵਿਨੈ ਵਾਲਾ ਸਵਰਗ ਪ੍ਰਾਪਤੀ ਕਰਕੇ ਦੇਵ, ਯਕਸ਼ ਅਤੇ ਚੰਗੀ ਰਿਧੀ ਵਾਲੇ ਦੇਵ ਬਨਦੇ ਹਨ। ਭਗਵਾਨ ਤੀਰਥੰਕਰਾ ਦੇ ਕਲਿਆਨਕ (ਸਮਾਰੋਹ) ਵਿੱਚ ਸ਼ਾਮਲ ਹੋ ਕੇ ਪੁਨ ਪ੍ਰਾਪਤ ਕਰਦੇ ਹਨ ਅਤੇ ਮਹਾ ਆਨੰਦ, ਮਹਾਸੁਖ ਦੇ ਭਾਗੀ ਹੁੰਦੇ ਹਨ। ॥੧੧॥

ਜੋ ਮੁਨੀ ਆਚਾਰਿਆ, ਉਪਾਧਿਆ ਦੀ ਵਿਨੈ ਪੂਰਵਕ ਸੇਵਾ ਕਰਦਾ ਹੈ ਆਗਿਆ ਪਾਲਕ ਹੁੰਦਾ ਹੈ ਉਸ ਮੁਨੀ ਪ੍ਰਾਪਤ ਗਿਆਨ (ਸਿੱਖਿਆ) ਉਸੇ ਪ੍ਰਕਾਰ ਵਧਦੀ ਹੈ ਜਿਵੇਂ ਪਾਣੀ ਨਾਲ ਸਿੰਜਿਆ ਦਰਖਤ ਵੱਧਦਾ ਹੈ। ॥੧੨॥

ਜੋ ਗ੍ਰਹਿਸਥ ਆਪਣੇ ਸੁਖ ਦੇ ਲਈ, ਸਿਲਪ ਕਲਾ ਵਿੱਚ ਨਿਪੁੰਨਤਾ, ਪ੍ਰਣਿਨਤਾ ਚਿੱਤਰ ਕਲਾ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਕਲਾ ਆਚਾਰਿਆ ਗੁਰੂ ਰਾਹੀਂ ਦਿੱਤੇ ਔਖੇ ਬੱਧ, ਬੰਧਨ, ਪਰਿਤਾਪ, ਕਸ਼ਟ ਨੂੰ ਸੇਠ ਰਾਜਕੁਮਾਰ ਵੀ ਸਹਿਨ ਕਰਦੇ ਹਨ ਅਤੇ ਕਲਾ ਆਚਾਰਿਆ ਦੀ ਸੇਵਾ ਪੂਜਾ ਕਰਦੇ ਹਨ ਉਨ੍ਹਾਂ ਦੀ ਆਗਿਆ ਦਾ ਪਾਲਨ ਕਰਦੇ ਹਨ (ਸੰਸਾਰਿਕ ਕਲਾਵਾਂ ਦੀ ਪ੍ਰਾਪਤੀ ਲਈ ਕਸ਼ਟ ਸਹਿੰਦੇ ਵੀ ਆਨੰਦ ਨਾਲ ਗੁਰੂ ਦੀ ਸੇਵਾ ਕਰਦੇ ਹਨ ਤਾਂ ਕਲਾ ਪ੍ਰਾਪਤ ਕਰ ਸਕਦੇ ਹਨ )

ਮੁਨੀ ਭਗਵੰਤ ਜੋ ਮੋਕਸ਼ ਸੁੱਖ ਦੀ ਇੱਛਾ ਵਾਲੇ ਤੇ ਸਰੁਤ ਗਿਆਨ ਨੂੰ ਪ੍ਰਾਪਤ ਕਰਨ ਵਿੱਚ ਤੇਜ਼ ਇੱਛਾਵਾਂ ਵਾਲੇ ਹਨ। ਉਨ੍ਹਾਂ ਨੂੰ ਆਚਾਰਿਆ ਆਦਿ ਦੀ ਸੇਵਾ ਪੂਜਾ ਅਤੇ ਉਨ੍ਹਾਂ ਦੀ ਹਰ ਆਗਿਆ ਦਾ ਪਾਲਨ ਕਰਨਾ ਚਾਹੀਦਾ ਹੈ।

ਸੱਚੇ ਗੁਰੂ ਦੀ ਆਗਿਆ ਦਾ ਉਲੰਘਨਾ ਨਹੀ ਕਰਨਾ ਚਾਹੀਦਾ। ॥੧੩-੧੬॥

ਚੇਲੇ ਦਾ ਫਰਜ਼ ਹੈ ਕਿ ਆਸਨ, ਗਤਿ, ਸਥਾਨ ਸੋਣ ਵਾਲਾ ਫੱਟਾ ਗੁਰੂ ਤੋਂ ਨੀਵਾਂ ਰੱਖੇ, ਵਿਨੈ ਪੂਰਵਕ ਹਥ ਜੋੜੇ। ਪੈਰਾਂ ਵਿੱਚ ਮੱਥਾ ਲਗਾ ਕੇ ਬੰਦਨਾ ਕਰੇ। ॥੧੭॥

ਅਨਜਾਨ ਪੁਣੇ ਵਿੱਚ ਆਚਾਰਿਆ ਆਦਿ ਸਤਿਗੁਰੂ ਦੀ ਅਵਿਨੈ ਹੋ ਜਾਵੇ ਤਾਂ ਚੇਲਾ, ਅਚਾਰਿਆ ਮਹਾਰਾਜ ਕੋਲ ਜਾ ਕੇ ਆਪਣੇ ਹੱਥ ਨਾਲ ਜਾਂ ਮੱਥਾ ਗੁਰੂ ਚਰਨਾ ਵਿੱਚ ਝੁਕਾ ਕੇ ਜਾਂ ਜੇ ਕੋਲ ਨਾਲ ਜਾ ਸਕੇ ਤਾਂ ਕੋਈ ਧਾਰਮਿਕ ਇਸ ਹੱਥ ਵਿਚ ਲੈ ਕੇ "ਸਤਿਗੁਰੂ ਜੀ। ਇਹ ਦੋਸ਼ ਮੁਆਫ਼ ਕਰੋ। ਅੱਗੇ ਨੂੰ ਅਜਿਹਾ ਕੰਮ ਨਹੀਂ ਕਰਾਮ। ॥੧੮॥

ਦੁਸ਼ਟ ਬੈਲ, ਚਾਵਕ ਦੇ ਇਸ਼ਾਰੇ ਨਾਲ ਰੱਥ ਨੂੰ ਗ੍ਰਹਿਣ ਕਰਦਾ ਹੈ। ਉਸੇ ਪ੍ਰਕਾਰ ਬੁਰੀ ਬੁੱਧੀ ਵਾਲਾ ਚੇਲਾ ਵਾਰ-ਵਾਰ ਪ੍ਰੇਰਣਾ ਕਰਨ ਤੇ ਵੀ ਸਤਿਗੁਰੂ ਦਾ ਕੰਮ ਕਰਦਾ ਹੈ। ॥੧੯॥

ਸਤਿਗੁਰੂ, ਚੇਲੇ ਨੂੰ ਇਕ ਵਾਰ ਜਾਂ ਵਾਰ-ਵਾਰ ਬੁਲਾਵੇ ਤਾਂ ਚੇਲਾ ਆਸਨ ਤੇ ਬੈਠਾ ਉਤਰ ਨਾਂ ਦੇਵੇ ਸਗੋਂ ਅਪਣਾ ਆਸਨ ਡਡ ਕੇ, ਸਤਿਗੁਰੂ ਦੇ ਕੋਲ ਜਾ ਕੇ ਹੱਥ ਜੋੜ ਕੇ ਉਤਰ ਦੇਵੇ, ਚੇਲਾ ਕਾਲ, ਹਰ ਇੱਛਾ, ਸੇਵਾ ਦੇ ਭੇਦ ਉਪਭੇਦ ਨੂੰ ਸਮਝਕੇ, ਉਨ੍ਹਾਂ ਚੀਜ਼ਾਂ ਪਦਾਰਥਾਂ ਨੂੰ ਗ੍ਰਹਿਣ ਕਰੇ। ਸਤਿਗੁਰੂ ਦੀ ਇੱਛਾ ਅਨੁਸਾਰ ਹਰ ਕੰਮ ਕਰੇ। ॥੨੦॥

ਚੇਲੇ ਦਾ ਫਰਜ਼ ਹੈ ਕਿ ਭਿੰਨ-ਭਿੰਨ ਢੰਗਾਂ ਨਾਲ ਦਰਵ, ਖੇਤਰ, ਕਾਲ, ਭਾਵ ਨਾਲ ਅਤੇ ਗੁਰੂ ਦੇ ਮਨ ਅੰਦਰਲੇ ਭਾਵ ਨੂੰ ਸੇਵਾ ਅਰਾਧਨਾ ਕਰਕੇ ਸਾਰੇ ਸਾਧਨਾ ਅਤੇ ਵਿਧਿਆ ਨੂੰ ਭਲੀ ਪ੍ਰਕਾਰ ਜਾਨ ਕੇ ਉਨ੍ਹਾਂ ਉਪਾਅ ਨਾਲ ਉਨ੍ਹਾਂ ਦੀ ਸੇਵਾ ਕਰੇ। ॥੨੧॥

ਅਵਿਨਿਤ ਚੈਲੇ ਦੇ ਗਿਆਨ ਆਦਿ ਗੁਣਾਂ ਦਾ ਨਾਸ਼ ਹੁੰਦਾ ਹੈ ਅਤੇ ਵਿਨਿਤ ਨੂੰ ਗਿਆਨ ਆਦਿ ਦੀ ਪ੍ਰਾਪਤੀ ਹੁੰਦੀ ਹੈ ਜਿਸ ਨੇ ਇਨ੍ਹਾਂ ਦੋਹਾਂ ਭੇਦ ਜਾਨ ਲਏ ਹਨ ਉੱਥੇ ਮੁਨੀ ਗ੍ਰਹਿਣ, ਅਸੇਵਨ ਦੋਹੇ ਪ੍ਰਕਾਰ ਦੀ ਸਿੱਖਿਆ ਪ੍ਰਾਪਤ ਕਰਦੇ ਹਨ। ॥੨੨॥

ਜੋ ਮਹਾਨ ਆਤਮਾ ਚਰਿੱਤਰ (ਸਾਧੂ) ਜੀਵਨ ਗ੍ਰਹਿਣ ਲੈ ਕੇ ਵੀ ਚੰਡ ਪ੍ਰਕ੍ਰਿਤੀ (ਗੁੱਸੇ ਵਾਲਾ) ਹੈ ਬੁੱਧੀ ਤੇ ਰਿਧੀ (ਹੰਕਾਰ) ਵਾਲਾ ਹੈ ਪਿੱਠ ਪਿੱਛੇ ਨਿੰਦਾ ਕਰਦਾ ਹੈ ਬੁਰੇ ਕੰਮ ਕਰਨ ਵਿੱਚ ਹੋਂਸਲੇ ਵਾਲਾ ਹੈ, ਗੁਰੂ ਦੀ ਆਗਿਆ ਦਾ ਠੀਕ ਸਮੇਂ ਪਾਲਨ ਨਾਂ ਕਰਨ ਵਾਲਾ ਹੈ ਸੁਰੁਤ ਗਿਆਨ ਤੋਂ ਅਨਜਾਕ ਹੈ ਵਿਨੈ ਧਰਮ ਪਾਲਨ ਵਿੱਚ ਅਨਜਾਨ ਹੈ, ਅਸੰਭਿਵਾਗੀ (ਵੰਡ ਕੇ ਨਾਂ ਖਾਣ ਵਾਲਾ) ਹੈ ਅਤੇ ਇਕੱਲਾ ਹੀ ਸਭ ਹਜ਼ਮ ਕਰਨ ਵਾਲਾ ਅਜਿਹਾ ਪ੍ਰਾਣੀ ਕਦੇ ਮੋਕਸ਼ ਪ੍ਰਾਪਤ ਨਹੀਂ ਕਰਦਾ। ॥੨੩॥

ਜੋ ਮੁਨੀ (ਚੇਲਾ) ਲਗਾਤਾਰ ਗੁਰੂ ਦੀ ਆਗਿਆ ਮੰਨਦਾ ਹੈ, ਗੀਤਾ ਅਰਥ (ਸ਼ਾਸਤਰ ਗਿਆਨ ਦਾ ਧਾਰਕ) ਹੈ, ਵਿਨੈ ਧਰਮ ਦਾ ਪਾਲਨ ਕਰਨ ਵਿੱਚ ਨਿਪੁੰਨ ਹੈ। ਉਹ ਚੇਲਾ ਇਸ ਔਖੇ ਸੰਸਾਰ ਸਮੁੰਦਰ ਨੂੰ ਪਾਰ ਕਰਦਾ ਹੈ ਸਾਰੇ ਕਰਮਾਂ ਦਾ ਖਾਤਮਾ ਕਰਕੇ ਉੱਤਮ ਨਿਸ ਗਤਿ ਨੂੰ ਪ੍ਰਾਪਤ ਕਰਦਾ ਹੈ। ॥੨੪॥

ਅਜਿਹਾ ਮੈਂ ਆਖਦਾ ਹਾਂ ।

# ਤੀਸਰਾ ਉਦੇਸ਼ਕ

ਜਿਵੇਂ ਅਗਨੀ ਹੋਤਰ ਬ੍ਰਾਹਮਣ ਅਗਨੀ ਨੂੰ ਦੇਵਤਾ ਮਨ ਕੇ, ਉਸ ਦੀ ਸੇਵਾ ਜਾਗਰੁਕ ਹੋ ਕੇ ਕਰਦਾ ਹੈ, ਉਸੇ ਪ੍ਰਕਾਰ ਮੁਨੀ, ਸਤਿਗੁਰੂ ਆਚਾਰਿਆ ਆਦਿ ਦੇ ਜੋ ਜੋ ਕੰਮ ਹੋਣ, ਉਨ੍ਹਾਂ ਕੰਮਾਂ ਨੂੰ ਕਰਦਾ ਹੋਈਆ ਸੇਵਾ ਕਰੇ।

ਇਸ਼ਾਰੇ ਨੂੰ ਸਮਝ ਕੇ, ਉਸੇ ਅਨੁਸਾਰ ਅੱਗੇ ਹੋਰ ਕੰਮ ਕਰਨ ਵਾਲਾ ਚੇਲਾ ਖੁਦ ਵੀ ਪੂਜਾ ਪ੍ਰਾਪਤ ਕਰਦਾ ਹੈ। ਉਹ ਕਲਿਆਨ ਦਾ ਭਾਗੀ ਹੁੰਦਾ ਹੈ। ॥੧॥

ਜੋ ਵਿਨੈ ਕਰਦਾ ਹੈ ਆਚਾਰਿਆ ਸਤਿਗੁਰੂ ਦੀ ਇਜਾਜ਼ਤ ਸੁਨਣ ਦੀ ਇੱਛਾ ਰੱਖਣ ਵਾਲਾ ਹੈ ਉਸ ਉਨ੍ਹਾਂ ਦਾ ਹੁਕਮ ਸੁਣ ਕੇ, ਉਨ੍ਹਾਂ ਦੇ ਕਥਨ ਅਨੁਸਾਰ ਕੰਮ ਕਰਨ ਦੀ ਇੱਛਾ ਵਾਲਾ ਹੈ ।

ਬਚਨ ਅਨੁਸਾਰ ਕੰਮ ਕਰਕੇ ਵਿਨੈ ਧਰਮ ਦਾ ਪਾਲਨ ਕਰਨ ਕਰਦਾ ਹੈ ਉਨ੍ਹਾਂ ਦੇ ਕਥਨ ਤੋਂ ਉਲਟ ਨਾਂ ਚਲਨ ਵਾਲਾ ਹੈ ਕਥਨ ਤੋਂ ਉਲਟ ਨਾਂ ਚੱਲਨ ਵਾਲਾ ਮੁਨੀ ਪੁਜਨੀਆਂ ਹੈ। ॥੨॥

ਜੋ ਮੁਨੀ ਉਮਰ ਵਿੱਚ ਛੋਟੇ ਅਤੇ ਗਿਆਨ ਵਰਤ ਪੱਖੋਂ ਬੜੇ ਹਨ ਜੋ ਉਨ੍ਹਾਂ ਦੀ ਵਿਨੈ ਕਰਦਾ ਹੈ ਆਪਣੇ ਤੋਂ ਜ਼ਿਆਦਾ ਗੁਣਵਾਨ ਪ੍ਰਤਿ ਨਿਮਰਤਾ ਵਰਤਦਾ ਹੈ, ਜੋ ਸੱਚ ਬੋਲਦਾ ਹੈ ਸਤਿਗੁਰੂ ਨੂੰ ਬੰਦਨਾ ਕਰਨ ਵਾਲਾ ਹੈ, ਆਚਾਰਿਆ ਭਗਵਾਨ ਦੇ ਕਰੀਬ ਰਹਿਣ ਵਾਲਾ ਤੇ ਉਨ੍ਹਾਂ ਦੇ ਹੁਕਮ ਅਨੁਸਾਰ ਚਲਨ ਵਾਲਾ ਹੈ, ਉੱਚ ਮੁਨੀ ਪੂਜਾ ਨੂੰ ਪ੍ਰਾਪਤ ਕਰਦਾ ਹੈ। ॥੩॥

ਜੋ ਮੁਨੀ ਅਨਜਾਨ ਘਰਾਂ ਤੋਂ ਸ਼ੁੱਧ ਭੋਜਨ ਪਾਣੀ ਗ੍ਰਹਿਣ ਕਰਕੇ, ਸ਼ੁੱਧ ਸੰਜਮ ਦੇ ਭਾਰ ਨੂੰ ਸਹਿਨ ਕਰਨ ਅਤੇ ਸ਼ਰੀਰ ਦੀ ਰਾਖੀ ਲਈ ਭੋਜਨ ਕਰਦਾ ਹੈ ਭੋਜਨ ਨਾ ਮਿਲਨ ਤੇ ਦੁਖੀ ਨਹੀਂ ਹੁੰਦਾ। ਭੋਜਨ ਜਾਂ ਦਾਨੀ ਪ੍ਰਤਿ ਨਿੰਦਾ ਪ੍ਰਸੰਸਾ ਨਹੀਂ ਕਰਦਾ, ਉਹ ਮੁਨੀ ਪੂਜਨਿਕ ਹੈ। ॥੪॥

ਜੋ ਸਾਧੂ ਫਟਾਂ ਆਦਿ ਆਸਨ, ਭੋਜਨ, ਪਾਣੀ ਸ਼ਰੀਰ ਨੂੰ ਚਲਾਉਣ ਲਈ ਤੇ ਸੰਜਮ ਪਾਲਨ ਲਈ ਉਪਕਰਨ ਜੋ ਮਿਲ ਰਹੇ ਹਨ ਉਨ੍ਹਾਂ ਤੇ ਹੀ ਸੰਤੋਖ ਵਿਖਾ ਕੇ ਪ੍ਰਾਪਤ ਆਸਨ ਤੇ ਖੁਸ਼ ਹੁੰਦਾ ਹੈ, ਉਹ ਮੁਨੀ ਪੂਜਨੀਆ ਹੈ। ॥੫॥

ਕੋਈ ਪੁਰਸ਼ ਧਨ ਦੀ ਇੱਛਾ ਲਾਲਚ ਲਈ ਲੋਹੇ ਦੇ ਕੰਡਿਆਂ ਨੂੰ ਉਤਸ਼ਾਹ ਨਾਲ ਸਹਿਨ ਕਰਦਾ ਹੈ, ਪਰ ਆਤਮਾ ਸੁੱਖ ਚਾਹੁਨ ਵਾਲਾ ਮੁਨੀ, ਕਿਸੇ ਪ੍ਰਕਾਰ ਦੀ ਆਸ ਤੋਂ ਬਿਨਾਂ ਕੰਨ ਵਿੱਚ ਸੁਣਾਈ ਦੇਣ ਵਾਲੇ ਕਾਂਟੇ ਵਰਗੇ ਬਚਨਾ ਨੂੰ ਨਾਲ ਉਤਸ਼ਾਹ ਨਾਲ ਸਹਿਨ ਕਰਦਾ ਹੈ, ਉਹ ਜਗਤ ਵਿਚ ਪੂਜਨਿਆ ਹੈ। ॥੬॥

ਲੋਹੇ ਦਾ ਕੰਡਾ ਤਾਂ ਕੁੱਝ ਮਹੂਰਤ ਹੀ ਦੁੱਖ ਹੁੰਦੇ ਹਨ ਅਤੇ ਫੇਰ ਸ਼ਰੀਰ ਵਿਚ ਸਹਿਜ ਜੀ ਬਾਹਰ ਕੀਤਾ ਜਾ ਸਕਦਾ ਹੈ, ਪਰ ਕੋੜੇ ਵਾਕ ਦੇ ਕੰਡੇ ਸਹਿਜ ਬਾਹਰ ਨਹੀਂ ਕੀਤੇ ਜਾ ਸਕਦੇ। ਇਸ ਨਾਲ ਵੈਰ ਕਰਮ ਵਿੱਚ ਵਾਧਾ ਹੁੰਦਾ ਹੈ ਵੈਰ ਵਧਦਾ ਹੈ। ਖਤਰਨਾਕ, ਕੁਗਤਿ ਭੋਜਨ ਵਿੱਚ ਇਹ ਮਹਾਨ ਸਹਾਇਕ ਹਨ। ॥੭॥

ਸਾਹਮਣੇ ਵਾਲੇ ਮਨੁੱਖ ਰਾਹੀਂ ਆਖੇ ਕਠੋਰ ਬਚਨ ਰੂਪੀ ਪ੍ਰਹਾਰ ਕੰਨਾ ਵਿੱਚ ਲਗਨ ਤੇ ਮਨ ਵਿੱਚ ਦੁਸ਼ਟ ਵਿਚਾਰ ਉਤਪਨ ਹੁੰਦੇ ਹਨ। ਜੋ ਮਹਾਨ ਇੰਦਰੀਆਂ ਦਾ ਜੇਤੂ ਮੁਨੀ ਅਜਿਹੇ ਬਚਨਾ ਦੇ ਬਾਣ ਸਹਿਨ ਕਰਨ ਵਿੱਚ ਧਰਮ ਮੰਨਦਾ ਹੈ ਉਹ ਪੂਜਨੀਆ ਹੈ। ॥੮॥

ਜੋ ਦੂਸਰੇ ਦੀ ਪਿਠ ਪਿੱਛੇ ਨਿੰਦਾ ਨਹੀਂ ਕਰਦਾ ਭੈੜੇ ਵਾਕ ਨਹੀਂ ਬੋਲਦਾ, ਨਿਸ਼ਚੈ ਅਤੇ ਬੁਰੀ ਭਾਸ਼ਾ ਨਹੀਂ ਬੋਲਦਾ ਉਹ ਪੂਜੀਆ ਮੁਨੀ ਹੈ। ॥੯॥

ਜੋ ਰਸ ਵਿੱਚ ਨਹੀਂ ਉਲਝਦਾ, ਜੋ ਇੰਦਰ ਜਾਲ (ਧੋਖਾ) ਨਹੀਂ ਕਰਦਾ ਧੋਖਾ, ਕੁਟਿਲਤਾ ਰਹਿਤ ਹੈ ਚੁਗਲੀ ਨਹੀਂ ਕਰਦਾ। ਨਿਮਰ ਰਹਿੰਦਾ ਹੈ, ਨਾ ਆ। ਕਿਸੇ ਪ੍ਰਤਿ ਅਸ਼ੁਭ ਵਿਚਾਰਾਂ ਦਾ ਕਾਰਣ ਬਨਦਾ ਹੈ ਨਾਂ ਖੁਦ ਆਪਣੀ ਪ੍ਰਸੰਸਾ ਹੋਰ ਤੇ ਕਰਵਾਉਂਦਾ ਹੈ ਕੋਤੁਕ, ਸੋਰ ਸ਼ਰਾਬੇ ਤੇ ਦੂਰ ਰਹਿੰਦਾ ਹੈ ਉਹ ਮੁਨੀ ਪੂਜਨੀਆ ਹੈ। ॥੧੦॥

ਗੁਣਾਂ ਦੇ ਕਾਰਣ ਸਾਧੂ ਹੁੰਦਾ ਹੈ ਅਵਗੁਣਾਂ ਕਾਰਣ ਅਸਾਧੂ ਹੁੰਦਾ ਹੈ ਇਸ ਲਈ ਸਾਧੂ ਦੇ ਗੁਣਾਂ ਨੂੰ ਗ੍ਰਹਿਣ ਕਰਕੇ ਅਸਾਧੂ ਪਣਾ ਛੱਡ ਦੇਵੇ। ਇਸ ਪ੍ਰਕਾਰ ਜੋ ਮੁਨੀ ਆਪਣੀ ਆਤਮਾ ਨੂੰ ਸਮਝਾਉਂਦਾ ਹੈ ਅਤੇ ਰਾਗ ਦੇ ਵਸ ਕੇ ਮੌਕੇ ਤੇ ਮਮਤਾ ਰੱਖਦਾ ਹੈ ਉਹ ਮੁਨੀ ਪੂਜੀਕ ਹੈ। ॥੧੧॥

ਜੋ ਮੁਨੀ ਛੋਟੇ ਜਾਂ ਬੁੱਢੇ, ਇਸਤਰੀ, ਪੁਰਸ਼ ਦੀ ਦੀਖਿਅਤ ਜਾਂ ਗ੍ਰਹਿਸਥ ਦੀ ਬੇਇਜ਼ਤੀ (ਖਾਸ) ਨਿੰਦਾ ਨਹੀਂ ਕਰਦਾ ਅਤੇ ਇਸ ਕਾਰਣ ਮਾਨ ਤੇ ਕਰੋਧ ਦਾ ਵੀ ਤਿਆਗ ਉਹ ਮੁਨੀ ਪੂਜਨੀਕ ਹੁੰਦਾ ਹੈ। ॥੧੨॥

ਜੋ ਗੁਰੂ ਚੈਲੇ ਰਾਹੀਂ ਸਨਮਾਨ ਦਿੱਤੇ ਜਾਨ ਤੇ ਵੀ ਚੈਲੇ ਦੇ ਸਨਮਾਨ ਕਰਦੇ ਹਨ ਸਰੁਤ ਗਿਆਨ ਰਾਹੀਂ ਉਪਦੇਸ਼ ਰਾਹੀਂ ਪ੍ਰੇਰਿਤ ਕਰਦੇ ਹਨ ਜਿਵੇਂ ਮਾਤਾ-ਪਿਤਾ ਲੜਕੀ ਨੂੰ ਚੰਗੇ ਪਤਿ ਦੀ ਪ੍ਰਾਪਤੀ ਲਈ ਚੰਗੇ ਕੁਲ ਵਿੱਚ ਭੇਜਦੇ ਹਨ, ਉਸੇ ਪ੍ਰਕਾਰ ਆਚਾਰਿਆ ਯੋਗ ਚੇਲੇ ਨੂੰ ਯੋਗ ਮਾਰਗ ਦੇ ਸਥਾਪਿਤ ਕਰਦੇ ਹਨ, ਯੋਗਤਾ ਅਨੁਸਾਰ ਪਦਵੀ ਦਿੰਦੇ ਹਨ ਅਜਿਹੇ ਪੂਜਨੀਕ, ਤਪਸਵੀ, ਇੰਦਰੀਆਂ ਰਾਹੀਂ ਸੋਚੇ ਆਚਾਰਿਆ ਨੂੰ ਜੋ ਸਨਮਾਨ ਦਿੰਦਾ ਹੈ ਉਹ ਮੁਨੀ ਪੂਜਨੀਆ ਹੈ। ॥੧੩॥

ਜੋ ਬੁੱਧੀ ਨਿਧਾਨ ਮੁਨੀ ਗੁਣੀ ਸਾਗਰ ਗੁਰੂਆਂ ਦੇ ਸ਼ਾਸਤਰ ਦੇ ਵਚਨ ਸੁਣ ਕੇ ਪੰਜ ਮਹਾਵਰਤਾ ਤਿੰਨ ਗੁਪਤੀ ਦਾ ਧਾਰਨ ਕਰਦਾ ਹੈ। ਚਾਰੇ ਕਸ਼ਾਏ ਨੂੰ ਦੂਰ ਰਹਿੰਦਾ ਹੈ ਉਹ ਮੁਨੀ ਪੂਜਨੀਕ ਹੈ। ॥੧੪॥

ਜਿਨੇਦੰਰ ਪ੍ਰਮਾਤਮਾ ਦੇ ਧਰਮ ਵਿੱਚ ਨਿਪੁੰਣ ਬਾਹਰ ਆਏ ਮੁਨੀ ਦੀ ਸੇਵਾ ਕੁਸ਼ਲ ਸਾਧੂ ਲਗਾਤਾਰ, ਆਚਾਰਿਆ ਗੁਰੂ ਦੀ ਸੇਵਾ ਕਰਕੇ ਕਰਮਾ ਦੀ ਮੈਲ ਦੂਰ ਕਰਕੇ ਗਿਆਨ ਤੇਜ ਨਾਲ ਸਰਵ ਉਤੱਮ ਗਤਿ (ਮੋਕਸ਼) ਨੂੰ ਪ੍ਰਾਪਤ ਕਰਦੇ ਹਨ। ॥੧੫॥

ਅਜਿਹਾ ਮੈਂ ਆਖਦਾ ਹਾਂ ।

# ਚੋਥਾ ਉਦੇਸ਼ਕ

ਸੂਤਰ – ੧

ਸ਼੍ਰੀ ਸੁਧਰਮਾ ਸਵਾਮੀ (ਪੰਜਵੇ ਗਨਧਰ) ਆਪਣੇ ਚੈਲੇ ਅੰਤਿਮ ਕੇਵਲ ਗਿਆਨੀ ਜੰਬੂ ਸਵਾਮੀ ਜੀ ਨੂੰ ਫਰਮਾਉਂਦੇ ਹਨ "ਹੇ ਆਯੁਸ਼ਮਾਨ ! (ਚੈਲੇ) ਮੈਂ ਉਸ (ਮੁਕਤੀ ਪ੍ਰਾਪਤ) ਭਗਵਾਨ ਮਹਾਂਵੀਰ ਦੇ ਮੁੱਖ ਤੋਂ ਇਸ ਪ੍ਰਕਾਰ ਸੁਣਿਆ ਹੈ।

ਸੂਤਰ – ੨

ਭਗਵਾਨ ਮਹਾਵੀਰ ਨੇ ਸਮਾਧੀ ਦੇ ਚਾਰ ਸਥਾਨ ਆਖੇ ਹਨ ਸ਼੍ਰੀ ਜੰਬੂ ਪੁਛੱਦੇ ਹਨ "ਗੁਰਦੇਵ ! ਉਹ ਚਾਰ ਸਥਾਨ ਕਿਹੜੇ ਹਨ ?

ਸੂਤਰ – ੩

ਆਪਣੇ ਚੈਲੇ ਦੇ ਪ੍ਰਸ਼ਨ ਦੇ ਉਤਰ ਵਿੱਚ ਆਰਿਆ ਸੁਧਰਮਾ ਵਿਨੈ ਸਮਾਧੀ ਦੇ ਚਾਰ ਸਥਾਨ ਫਰਮਾਉਂਦੇ ਹਨ। ॥੧॥

(੧) ਵਿਨੈ ਸਮਾਧੀ (੨) ਸਰੁਤ ਸਮਾਧੀ (੩) ਤਪ ਸਮਾਧੀ (੪) ਆਚਾਰ ਸਮਾਧੀ।

ਜੋ ਸਾਧੂ ਆਪਣੀ ਆਤਮਾ ਨੂੰ ਵਿਨੈ ਸਰੁਤ (ਸ਼ਾਸਤਰ ਗਿਆਨ) ਤਪ ਅਤੇ ਆਚਾਰ ਵਿਚ ਰੱਖਦੇ ਹਨ ਇੰਦਰੀ ਦੇ ਜੇਤੂ ਹਨ ਉਹ ਮੁਨੀ ਹਰ ਸਮੇਂ ਸਾਧੂ ਜੀਵਨ ਦਾ ਪਾਲਨ ਕਰਨ ਵਾਲੇ ਪੰਡਿਤ (ਗਿਆਨੀ) ਹਨ।

ਸੂਤਰ – ੪

ਵਿਨੈ ਸਮਾਧੀ:–

ਵਿਨੈ ਸਮਾਧੀ ਚਾਰ ਪ੍ਰਕਾਰ ਦੀ ਹੈ ਜੋ ਇਸ ਪ੍ਰਕਾਰ ਹੈ —

(੧) ਗੁਰੂ ਰਾਹੀ ਅਨੁਸ਼ਾਸਨ ਬਚਨ ਸੁਨਣ ਦੀ ਇੱਛਾ (੨) ਗੁਰੂ ਆਗਿਆ ਨੂੰ ਠੀਕ ਤਰ੍ਹਾਂ ਨਾਲ ਸਵੀਕਾਰ ਕਰਨਾ (੩) ਗੁਰੂ ਦੇ ਹੁਕਮ ਅਨੁਸਾਰ ਕੰਮ ਕਰਕੇ ਸ਼ਾਸਤਰ ਗਿਆਨ ਨੂੰ ਸਫਲ ਕਰੇ (੪) ਆਪਣੀ ਸ਼ੁੱਧ ਪ੍ਰਵਿਰਤੀ ਦਾ ਹੰਕਾਰ ਨਾ ਕਰੇ। ॥੨॥

ਇਸ ਸਲੋਕ ਦਵਾਰ ਸਪਸ਼ਟ ਕੀਤਾ ਜਾਂਦਾ ਹੈ :

ਆਤਮਹਿਤ ਚਾਹੁਣ ਵਾਲਾ ਬ੍ਰਹਮਣ ਹਿਤ ਸਿੱਖਿਆ ਦੀ ਅਭਿਲਾਸ਼ਾ ਰੱਖਦਾ ਹੈ ਉਸ ਅਨੁਸਾਰ ਸਾਧੂ ਜੀਵ ਚਲਾਉਂਦਾ ਅਤੇ ਪਾਲਨ ਕਰਦੇ ਸਮੇਂ ਮੈਂ ਵਿਨੈ ਵਾਨ ਸਾਧੂ ਤੇ ਅਜਿਹਾ ਹੰਕਾਰ ਨਹੀਂ ਕਰਦਾ।

ਸੂਤਰ – ੫

ਸਰੁਤ ਸਮਾਧੀ:

ਸਰੁਤ ਸਮਾਧੀ ਚਾਰ ਪ੍ਰਕਾਰ ਦੀ ਹੈ ਜੋ ਇਸ ਪ੍ਰਕਾਰ ਹੈ

(੧) ਮੈਨੂੰ ਸ਼ਰੁਤ (ਸ਼ਾਸਤਰ) ਗਿਆਨ ਪ੍ਰਾਪਤ ਹੋਵੇਗਾ ਇਸ ਲਈ ਪੜ੍ਹਨਾ ਚਾਹੀਦਾ ਹੈ।

(੨) ਇਕ ਚਿਤਵਾਲਾ ਬਨਾਂਗਾ ਇਸ ਲਈ ਅਧਿਐਨ ਕਰਨਾ ਚਾਹੀਦਾ ਹੈ ।

(੩) ਆਤਮਾ ਨੂੰ ਸ਼ੁੱਧ ਧਰਮ ਵਿੱਚ ਸਥਾਪਿਤ ਕਰਾਂਗਾ ਇਸ ਲਈ ਪੜ੍ਹਨਾ ਚਾਹੀਦਾ ਹੈ।

(੪) ਸ਼ੁੱਧ ਧਰਮ ਵਿੱਚ ਸਥਾਪਿਤ ਕਰਕੇ ਦੂਸਰੇ ਨੂੰ ਸ਼ੁੱਧ ਧਰਮ ਵਿੱਚ ਸਥਾਪਿਤ ਕਰਾਂਗਾ ਇਸ ਲਈ ਅਧਿਐਨ ਕਰਨਾ ਚਾਹੀਦਾ ਹੈ ।

ਇਸ ਗੱਲ ਨੂੰ ਇਕ ਸੁਲੋਕ ਰਾਹੀਂ ਸ਼ਪਸ਼ਟ ਕੀਤਾ ਗਿਆ ਹੈ ।

ਅਧਿਐਨ ਵਿੱਚ ਲਗਾਤਾਰ ਲੱਗੇ ਰਹਿਣ ਵਾਲਾ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਚਿੱਤ ਵਿੱਚ ਸਥਿਰਤਾ ਆਉਂਦੀ ਹੈ ਆਪਣੇ ਆਪ ਵਿੱਚ ਸਥਿਰ ਆਤਮਾ ਦੂਸਰਿਆਂ ਨੂੰ ਸਥਿਤ ਕਰਦਾ ਹੈ ਅਤੇ ਅਨੇਕ ਪ੍ਰਕਾਰ ਦੇ ਸਿਧਾਂਤਾਂ ਦੇ ਪਰਦੇ ਨੂੰ ਜਾਣ ਕੇ ਸ਼ਰੁਤ ਸਮਾਧੀ ਵਿੱਚ ਲੱਗਾ ਰਹਿੰਦਾ ਹੈ। ॥੩॥

ਸੂਤਰ - ੬

ਤਪ ਸਮਾਧੀ:

ਤਪ ਸਮਾਧੀ ਚਾਰ ਪ੍ਰਕਾਰ ਦੀ ਹੈ ਜੋ ਇਸ ਪ੍ਰਕਾਰ ਹੈ:-

(੧) ਸਾਧੂ ਇਸ ਲੋਕ ਵਿੱਚ ਲੱਬਧੀ (ਚਮਤਕਾਰ) ਲਈ ਤੱਪ ਨਾਂ ਕਰੇ।

(੨) ਸਾਧੂ ਪਰਲੋਕ ਵਿੱਚ ਦੇਵਤਾ ਬਨਣ ਦੀ ਇੱਛਾ ਨਾਲ ਤੱਪ ਨਾ ਕਰੇ।

(੩) ਸਾਧੂ (ਪ੍ਰਸੰਸਾ) ਕੀਰਤੀ, ਵਰਨ, ਸ਼ਬਦ, ਸਲੋਕ ਲਈ ਤੱਪ ਨਾ ਕਰੇ।

(੪) ਕਿਸੇ ਵੀ ਪ੍ਰਕਾਰ ਦੀ ਇੱਛਾ ਬਿਨਾਂ ਇਕੱਲੀ ਨਿਰਜਰਾਂ (ਕਰਮਾ ਦਾ ਖਾਤਮਾ ਕਰਨ ਦੀ ਪ੍ਰਕਿਰੀਆ ਨਾਲ) ਲਈ ਤੱਪ ਕਰੇ।

ਜੋ ਸਾਧੂ ਭਿੰਨ-ਭਿੰਨ ਪ੍ਰਕਾਰ ਦੇ ਗੁਣਾਂ ਤੱਪ ਕਰਮਾ ਵਿੱਚ ਲਗਾਤਾਰ ਲੱਗਾ ਰਹਿੰਦਾ ਹੈ ਇਸ ਲੋਕ ਦੀ ਪ੍ਰਸੰਸਾ ਰਹਿਤ ਅਤੇ ਕੇਵਲ ਇਕ ਕਰਮ ਨਿਰਜਰਾ ਲਈ ਤਪ ਦਾ ਆਚਰਨ ਕਰਦਾ ਹੈ ਉਸ ਤਪ ਧਰਮ ਦੇ ਰਾਹੀ ਪਿਛਲੇ ਇਕੱਠੇ ਕਰਮ ਦਾ ਨਾਸ਼ ਕਰਦਾ ਹੈ ਅਜਿਹਾ ਸਾਧੂ ਹਮੇਸ਼ਾ ਤਪ ਸਮਾਧੀ ਵਾਲਾ ਹੈ ਇਸ ਲਈ ਨਵੇਂ ਕਰਮਾਂ ਦਾ ਬੰਧਨ ਨਹੀਂ ਕਰਦਾ। ॥੪॥

ਸੂਤਰ - ੭

<u>ਆਚਾਰ ਸਮਾਧੀ:</u>

ਮੂਲ (ਅਹਿੰਸਾ ਆਦਿ ਪੰਜ ਮਹਾਵਰਤ) ਉਤੱਰ ਗੁਣ ਰੂਪ ਸਮਾਧੀ ਚਾਰ ਪ੍ਰਕਾਰ ਦੀ ਹੈ ਉਹ ਇਸ ਪ੍ਰਕਾਰ ਦੀ ਹੈ

(੧) ਇਸ ਲੋਕ ਦੇ ਸੁਖ ਲਈ ਧਰਮ ਦਾ ਪਾਲਨ ਨਾ ਕਰਨਾ (੨) ਪਰਲੋਕ ਦੇ ਸੁਖ ਲਈ ਧਰਮ ਦਾ ਪਾਲਨ ਨਾਂ ਕਰਨਾ (੩) ਕੀਰਤੀ ਵਰਨ, ਸ਼ਬਦ ਤੇ ਸਲੋਕ ਲਈ ਆਚਾਰ ਦਾ ਪਾਲਨ ਨਾ ਕਰਨਾ (੪) ਇਕੱਲੇ ਜਿਨੇਦਰ ਪ੍ਰਮਾਤਮਾ ਰਾਹੀ ਆਖੇ ਪਾਪ

ਰਹਿਤ ਮੋਕਸ ਪ੍ਰਾਪਤੀ ਲਈ ਆਚਾਰ ਦਾ ਪਾਲਨ ਕਰਨਾ ਇਹ ਚੋਥਾ ਪਦ ਹੈ ਇਸ ਦੇ ਅਰਥ ਨੂੰ ਸਪੱਸ਼ਟ ਕਰਨ ਵਾਲਾ ਇਕ ਪਦ ਹੈ ।

ਜਿਨ (ਤੀਰਥੰਕਰ ਵਚਨ ਤੇ ਦਰਿੜ ਸ਼ਰਦਾ ਰੱਖਣ ਵਾਲਾ ਉਤੇਜਨਾ ਪੂਰਵਕ ਭਾਸ਼ਨ ਨਾ ਕਰਨ ਵਾਲਾ ਸ਼ਾਸਤਰਾਂ ਦੇ ਗੂੜ ਭੇਦਾਂ ਦਾ ਜਾਨਕਾਰ, ਮੋਕਸ ਦਾ ਚਾਹਣ ਵਾਲਾ ਆਚਾਰ ਸਮਾਧੀ ਨਾਲ ਆਸਰਵ ਦੇ ਬਹਾਵ ਨੂੰ ਰੋਕਨ ਵਾਲਾ, ਚੰਚਲ ਇੰਦਰੀਆ ਤੇ ਮਨ ਨੂੰ ਵਸ ਵਿਚ ਕਰਨ ਵਾਲਾ ਮੁਨੀ ਅਪਣੀ ਆਤਮਾ ਨੂੰ ਮੁਕਤੀ ਦੇ ਕਰੀਬ ਲੈ ਜਾਂਦਾ ਹੈ।

ਆਚਾਰ ਧਰਮ ਵਿੱਚ ਸਮਾਧੀ ਰੱਖਣ ਵਾਲਾ, ਆਸ਼ਰਵ ਦਰਵਾਜ਼ੇ ਰੋਕਨ ਨਾਲ, ਜੋ ਕਿ ਗ੍ਰੰਥਾ ਰਹਿਤ, ਸ਼ਾਤਾ ਤੇ ਸੂਤਰ ਆਦਿ ਗੁਣਾਂ ਭਰਪੂਰ, ਚੰਗੇ ਮੋਕਸ ਦਾ ਚੰਚਲ ਇੰਦਰੀਆਂ ਤੇ ਮਨ ਦਾ ਦਮਨ ਕਰਨ ਵਾਲਾ ਬਨਕੇ ਆਤਮਾ ਮੋਕਸ ਦੇ ਦਰਵਾਜ਼ੇ ਦੇ ਕਰੀਬ ਪਹੁੰਚਦੀ ਹੈ। ॥੫॥

ਚਾਰ ਪ੍ਰਕਾਰ ਦੀ ਸਮਾਧੀ ਦੇ ਸਵਰੂਪ ਨੂੰ ਪੂਰਨ ਰੂਪ ਵਿੱਚ ਜਾਨ ਕੇ ਤਿੰਨ ਯੋਗ ਰਾਹੀਂ ਸ਼ੁੱਧ, ੧੭ ਪ੍ਰਕਾਰ ਦੇ ਸੰਜਮ ਪਾਲਨ ਵਿੱਚ ਲਗਾ ਸ੍ਰਮਣ ਆਪਣੇ ਲਈ ਹਿੱਤਕਾਰ ਤੇ ਸੁਖ ਦਾ ਆਪਣਾ ਸਥਾਨ (ਮੋਕਸ਼ ਪਦਵੀ ਪ੍ਰਾਪਤ ਕਰਦਾ ਹੈ) ॥੬॥

ਇਨ੍ਹਾਂ ਸਮਾਧੀਆਂ ਵਿੱਚ ਲੱਗਾ ਸ੍ਰਮਣ ਜਨਮ ਮਰਨ ਤੋਂ ਮੁਕਤ ਹੁੰਦਾ ਹੈ, ਨਰਕ ਆਦਿ ਅਵਸਥਾ ਹਮੇਸ਼ਾ ਛੱਡ ਦਿੰਦਾ ਹੈ। ਸ਼ਾਸਵਤ ਸਿੱਧ ਹੁੰਦੀ ਹੈ ਜਾਂ ਘੱਟ ਵਿਕਾਰ ਵਾਲਾ ਮਹਾਨ ਰਿਧੀ ਵਾਲਾ ਦੇਵਤਾ ਬਨਦਾ ਹੈ। ॥੭॥

ਅਜਿਹਾ ਮੈਂ ਆਖਦਾ ਹਾਂ ।

# ਦਸਵਾਂ ਸਭਿਕਸ਼ੂ ਨਾਮਕ ਅਧਿਐਨ

ਤੀਰਥੰਕਰ ਦੇ ਉਪਦੇਸ਼ ਨੂੰ ਸੁਣ ਕੇ, ਗ੍ਰਹਿਸਥ ਜੀਵਨ ਛੱਡ ਕੇ ਨਿਰਗ੍ਰੰਥ ਪ੍ਰਵਚਨ ਪ੍ਰਤਿ ਹਮੇਸ਼ਾ ਖੁਸ਼ੀ ਨਾਲ ਚਿਤ ਨੂੰ ਸਮਾਧੀ ਵਾਲਾ ਬਨਾਉਣਾ ਚਾਹੀਦਾ ਹੈ। ਚਿਤ ਸਮਾਧੀ ਵਾਲਾ ਹੋਣ ਤੇ ਮੁਨੀ, ਸਾਰੇ ਗਲਤ ਕੰਮ ਦੇ ਬੀਜ਼ ਰੂਪ ਇਸਤਰੀ ਦੇ ਵਸ ਨਾਂ ਪਵੇ ਭਾਵ ਕਾਮ ਭੋਗਾਂ ਦੀ ਅਧੀਨਤਾ ਸਵਿਕਾਰ ਨਾਂ ਕਰੇ, ਛਡੇ ਭੋਗਾਂ ਨੂੰ ਭੋਗਨ ਦੀ ਇੱਛਾ ਨਾਂ ਕਰੇ। ਉਹ ਹੀ ਸਹੀ ਭਿਕਸ਼ੂ ਹੈ। ॥੧॥

ਪ੍ਰਿਥਵੀ ਕਾਇਆ ਦੀ ਖੁਦਾਈ ਨਾਂ ਖੁਦ ਕਰੇ, ਨਾਂ ਕਰਾਵੇ, ਸਚਿਤ ਪਾਣੀ ਨਾਂ ਆਪ ਪੀਵੇ ਨਾਂ ਪਿਲਾਵੇ, ਤਿੱਖੇ ਹਥਿਆਰ ਦੀ ਤਰ੍ਹਾਂ ਛੇ ਜੀਵ ਨਿਕਾਏ ਘਾਤਕ ਅੱਗ ਨਾ ਆਪ ਜਲਾਏ, ਨਾਂ ਕਿੰਸੇ ਤੋਂ ਆਪਣੇ ਲਈ ਜਲਾਵੇ ਕਿਉਂਕਿ ਪ੍ਰਿਥਵੀ ਕਾਇਆ ਦੀ ਵਿਰਾਧਨਾ ਨਾਂ ਕਰਨ ਵਾਲਾ ਹੀ ਭਿਕਸ਼ੂ ਹੈ। ॥੨॥

ਜੋ ਪੱਖੇ ਆਦਿ ਨਾਲ ਆਪ ਹਵਾ ਨਹੀਂ ਕਰਦਾ ਹੈ ਨਾ ਕਿਸੇ ਤੋਂ ਕਰਵਾਉਂਦਾ ਹੈ, ਜੋ ਹਰੀ ਬਨਸਪਤੂ ਕਾਇਆ ਦਾ ਨਾਂ ਆਪ ਛੇਦਨ ਕਰਦਾ ਹੈ, ਨਾ ਦੂਸਰੇ ਤੋਂ ਕਰਵਾਉਂਦਾ ਹੈ, ਜੋ ਬੀਜ ਆਦਿ ਦਾ ਸੁਪਰਸ਼ ਨਹੀਂ ਕਰਦਾ ਅਤੇ ਸਚਿਤ ਭੋਜਨ ਨਹੀਂ ਕਰਦਾ ਉਹ ਹੀ ਸੱਚਾ ਭਿਖਸ਼ੂ ਹੈ। ॥੩॥

ਪ੍ਰਿਥਵੀ ਘਾਹ ਅਤੇ ਕਾਠ ਵਿੱਚ ਰਹੇ ਤਰਸ ਤੇ ਸਥਾਵਰ ਜੀਵਾਂ ਦੇ ਯੁੱਧ ਦਾ ਕਾਰਣ ਸਾਧੂ ਲਈ ਬਨੇ ਉਦੇਸ਼ਿਕ ਭੋਜਨ ਨੂੰ ਜੋ ਸਾਧੂ ਨਹੀਂ ਖਾਂਦਾ ਹੈ ਜੋ ਭੋਜਨ ਨਾਂ ਆਪ ਪਕਾਉਂਦਾ ਹੈ ਨਾਂ ਆਪਣੇ ਲਈ ਕਿਸੇ ਨੂੰ ਪਕਾਉਣ ਲਈ ਆਖਦਾ ਹੈ ਉਹ ਹੀ ਸੱਚਾ ਭਿਖਸ਼ੂ ਹੈ। ॥੪॥

ਗਿਆਤਾ ਪੁਤਰ ਭਗਵਾਨ ਮਹਾਵੀਰ ਸਵਾਮੀ ਦੇ ਬਚਨਾ ਤੇ ਰੁਚੀ ਧਾਰਨ ਕਰਕੇ, ਸ਼ਰਧਾ ਨਾਲ ਜੋ ਮੁਨੀ ਛੇ ਜੀਵ ਨਿਕਾਏ ਨੂੰ ਆਪਣੀ ਆਤਮਾ ਦੀ ਤਰ੍ਹਾਂ

ਜਾਨਦਾ ਹੈ ਪੰਜ ਮਹਾਵਰਤਾ ਦਾ ਪਾਲਨ ਕਰਦਾ ਹੈ ਅਤੇ ਪੰਜ ਆਸ਼ਰਵ (ਹਿੰਸਾ, ਚੋਰੀ, ਝੂਠ, ਮੈਥੁਨ, ਪਰਿਗ੍ਰਹਿ) ਨੂੰ ਰੋਕਦਾ ਹੈ ਉਹ ਹੀ ਭਿਕਸ਼ੂ ਹੈ। ॥੫॥

ਜੋ ਮੁਨੀ ਆਰਾਮ ਵਚਨਾ ਦੇ ਰਾਹੀਂ ਚਾਰ ਕਸ਼ਾਏ (ਕਰੋਧ, ਮਾਨ ਮਾਇਆ ਲੋਭ ਦਾ ਤਿਆਗ ਕਰਦਾ ਹੋਈਆ ਮਨ, ਬਚਨ, ਕਾਇਆ ਦੇ ਯੋਗਾਂ ਨੂੰ ਸਥਿਰ ਰੱਖਦਾ ਹੈ ਪਸ਼ੂ, ਸੋਨੇ, ਚਾਂਦੀ ਦਾ ਤਿਆਗ ਕਰਦਾ ਹੈ ਗ੍ਰਹਿਸਥ ਨਾਲ ਜਾਣਕਾਰੀ ਨਹੀਂ ਵਧਾਉਂਦਾ ਹੈ ਉਹ ਹੀ ਸੱਚਾ ਸਾਧੂ ਹੈ। ॥੬॥

ਜੋ ਸਮਿਅਕ ਦ੍ਰਿਸ਼ਟੀ ਅਤੇ ਅਮੁੜ (ਚਿੱਤ ਦੀ ਚੰਚਲਤਾ ਤੇ ਰਹਿਤ) ਹੈ। ਉਹ ਮੁਨੀ ਅਜਿਹਾ ਮੰਨਦਾ ਹੈ ਕਿ "ਛਡਨ ਤੇ ਗ੍ਰਹਿਣ ਕਰਨ ਯੋਗ ਗਿਆਨ ਹੈ ਕਰਮ ਮੈਲ ਧੋਨ ਦੇ ਲਈ ਪਾਣੀ ਦੀ ਤਰ੍ਹਾਂ ਤੱਪ ਹੈ, ਆਉਂਦੇ ਕਰਮਾਂ ਨੂੰ ਰੋਕਣ ਲਈ ਸੰਜਮ ਹੈ "ਅਜਿਹਾ ਦ੍ਰਿੜ ਭਾਵ ਰਾਹੀਂ ਪਹਿਲ ਕੀਤੇ ਕਰਮਾਂ ਦਾ ਨਾਸ਼ ਕਰਦਾ ਹੈ ਮਨ-ਬਚਨ ਕਾਇਆ ਦਾ ਸੰਬਰ ਕਰਨ ਵਾਲਾ ਹੈ ਭਾਵ ਜੋ ਤਿੰਨ ਗੁਪਤੀਆਂ ਤੇ ਪੰਜ ਸਮਿਤੀਆਂ ਵਾਲਾ ਹੈ ਉਹ ਸੱਚਾ ਭਿਖਸ਼ੂ ਹੈ। ॥੭॥

ਭਿੰਨ-ਭਿੰਨ ਪ੍ਰਕਾਰ ਦੇ ਅਸਨ, ਪਾਨ, ਖਾਦਯ ਨਿਰਦੋਸ਼ ਭੋਜਨ ਨੂੰ ਪ੍ਰਾਪਤ ਕਰਕੇ, ਇਹ ਕੱਲ, ਪਰਸੋਂ ਕੰਮ ਆਵੇਗਾ ਅਜਿਹਾ ਮੁਨੀ ਕਿਸੇ ਪ੍ਰਕਾਰ ਦਾ ਵਾਸੀ (ਗ੍ਰਹਿਸਥੀ) ਭੋਜਨ ਨਾਂ ਰੱਖੇ, ਨਾਂ ਰਖਾਵੇ। ਉਹ ਹੀ ਸੱਚਾ ਭਿਖਸ਼ੂ ਹੈ। ॥੮॥

ਭਿੰਨ-ਭਿੰਨ ਪ੍ਰਕਾਰ ਦੇ ਭੋਜਨ ਪ੍ਰਾਪਤ ਕਰਦੇ ਜੋ ਆਪਣੇ ਸਾਥੀ ਮੁਨੀ ਨੂੰ ਭੋਜਨ ਲਈ ਪਹਿਲਾ ਬੁਲਾਵਾ ਦੇ ਕੇ ਭੋਜਨ ਕਰਦਾ ਹੈ ਅਤੇ ਭੋਜਨ ਕਰਨ ਤੋਂ ਬਾਅਦ ਦਾ ਸਵਾਧਿਐ ਕਰਦਾ ਹੈ ਉਹ ਸੱਚਾ ਭਿਕਸ਼ੂ ਹੈ। ॥੯॥

ਜੋ ਮੁਨੀ ਝਗੜਾ ਕਰਨ ਵਾਲੀ ਕਥਾ ਨਹੀਂ ਆਖਦਾ ਠੀਕ ਕਥਾ ਤੇ ਕਿਸੇ ਦਾ ਗੁੱਸਾ ਨਹੀਂ ਕਰਦਾ। ਇੰਦਰੀਆਂ ਸਾਂਤ ਰੱਖਦਾ ਹੈ , ਗੁਣਾ ਆਦਿ ਤੋਂ ਰਹਿਤ, ਵਿਸ਼ੇਸ਼ ਪ੍ਰਕਾਰ ਨਾਲ ਸਾਂਤ ਰਹਿੰਦਾ ਹੈ, ਸੰਜਮ ਦੇ ਤਿੰਨ ਯੋਗ ਵਿੱਚ ਲੱਗਾ ਰਹਿੰਦਾ

ਹੈ, ਸਥਿਰ ਰਹਿੰਦਾ ਹੈ, ਸਾਂਤ ਰਹਿੰਦਾ ਹੈ, ਚੰਗੇ ਕੰਮ ਦੀ ਬੇਇੱਜ਼ਤੀ ਨਹੀਂ ਕਰਦਾ ਉਹ ਸੱਚਾ ਭਿਖਸ਼ੂ ਹੈ। ॥੧੦॥

ਜੋ ਮੁਨੀ ਇੰਦਰੀਆਂ ਦੇ ਦੁੱਖ ਦਾ ਕਾਰਣ ਹੋਣ ਵਾਲੇ ਲੋਹੇ ਦੇ ਕੰਡੇ ਦੀ ਤਰ੍ਹਾਂ ਗੁੱਸੇ, ਵਾਲੇ ਵਚਨ ਮਾਰ, ਝਿੜਕ, ਤਾੜ ਨੂੰ ਸਹਿਨ ਕਰਦਾ ਹੈ ਅਤਿ ਰੋਦਰ, ਭਿਆਨਕ, ਹਾਸੇ ਦੇ ਸ਼ਬਦਾਂ ਨੂੰ ਦੇਵਤੇ ਰਾਹੀਂ ਦਿੱਤੀ ਕਸ਼ਟਾਂ (ਸੁੱਖ-ਦੁੱਖ) ਨੂੰ ਸਮਭਾਵ ਨਾਲ ਸਹਿਨ ਕਰਦਾ ਹੈ, ਉਹ ਸੱਚਾ ਭਿਖਸ਼ੂ ਹੈ। ॥੧੧॥

ਜੋ ਮੁਨੀ ਸ਼ਮਸਾਨ ਵਿੱਚ ਪ੍ਰਤਿਮਾ (ਧਿਆਨ ਮੁਦਰਾ) ਸਵਿਕਾਰ ਕਰਕੇ, ਡਰ ਭੈ ਦਾ ਕਾਰਣ ਭੂਤ ਵੈਤਾਲ ਆਦਿ ਦੇ ਸ਼ਬਦ, ਰੂਪ ਆਦਿ ਨੂੰ ਵੇਖ ਕੇ ਨਹੀਂ ਡਰਦਾ ਅਤੇ ਭਿੰਨ-ਭਿੰਨ ਪ੍ਰਕਾਰ ਦੇ ਮੂਲ ਗੁਣ ਅਤੇ ਅਨਸ਼ਨ ਆਦਿ ਤਪ ਵਿੱਚ ਲਗ ਕੇ ਸ਼ਰੀਰ ਦੀ ਮਮਤਾ ਨਹੀਂ ਰੱਖਦਾ ਉਹ ਹੀ ਸੱਚਾ ਭਿਖਸ਼ੂ ਹੈ। ॥੧੨॥

ਜੋ ਮੁਨੀ ਰਾਗ ਦਵੇਸ਼ ਰਹਿਤ, ਗਹਿਣੇ, ਸ਼ਿੰਗਾਰ ਰਹਿਤ ਲਗਾਤਾਰ ਦੇਹ ਦਾ ਤਿਆਗ ਕਰਦਾ ਹੈ ਬਚਨ ਰਾਹੀਂ ਗੁੱਸੇ ਕਾਰਣ ਡੰਡੇ ਆਦਿ ਨਾਲ ਕੁਟੇ, ਤਲਵਾਰ ਆਦਿ ਨਾਲ ਕਟੇ ਤਾਂ ਵੀ ਭੂਮੀ ਦੀ ਤਰ੍ਹਾਂ ਸਾਰੇ ਕਸ਼ਟ ਸਹਿਨ ਕਰਦਾ ਹੈ ਸੰਜਮ ਦੇ ਫਲ ਪ੍ਰਤਿ ਜੋ ਨਿਦਾਨ ਰਹਿਤ, ਸ਼ੰਕਾ ਰਹਿਤ ਹੈ ਤੇ ਉਹ ਹੀ ਸੱਚਾ ਸਾਧੂ (ਭਿਕਸ਼ੂ) ਹੈ। ॥੧੩॥

ਜੋ ਅਪਣੇ ਸ਼ਰੀਰ ਨੂੰ ਪਰੀਸੈ ਰਾਹੀਂ ਜਿੱਤ ਕੇ ਆਤਮਾ ਨੂੰ ਸੰਸਾਰ ਮਾਰਗ ਤੋਂ ਦੂਰ ਕਰਦਾ ਹੈ ਅਤੇ ਜਨਮ ਮਰਨ ਨੂੰ ਮਹਾਂ ਡਰ ਸਮਝਕੇ ਸਾਧੂ ਜੀਵਨ ਗ੍ਰਹਿਨ ਕਰਦਾ ਹੈ ਉਹ ਹੀ ਸੱਚਾ ਭਿਖਸ਼ੂ ਹੈ। ॥੧੪॥

ਜੋ ਸਾਧੂ ਹੱਥ ਨਾਲ, ਪੈਰਾਂ ਨਾਲ, ਬਚਨ ਨਾਲ, ਇੰਦਰੀਆਂ ਤੇ ਕਾਬੂ ਰੱਖਦਾ ਹੈ ਅਧਿਆਤਮ ਭਾਵ ਵਿੱਚ ਲੱਗਾ ਰਹਿੰਦਾ ਹੈ ਧਿਆਨ ਕਾਰਣ ਆਤਮਾ ਨੂੰ ਸਮਾਧੀ ਗੁਣਾਂ ਵਿੱਚ ਸਥਿੱਤ ਰੱਖਦਾ ਹੈ । ਉਹ ਹੀ ਸੁਤਰ ਅਰਥ ਨੂੰ ਜਾਣਦਾ ਹੈ ਉਹ ਹੀ ਸੱਚਾ ਭਿਕਸ਼ੂ ਹੈ। ॥੧੫॥

ਜੋ ਸਾਧੂ (ਉਪਧਿ) ਵਸਤਰ, ਪਾਤਰ, ਫੱਟੇ ਪ੍ਰਤਿ ਲਗਾਵ ਰਹਿਤ ਹੈ, ਅਨਜਾਣ ਘਰਾਂ ਤੋਂ ਸ਼ੁੱਧ ਤੇ ਜ਼ਰੂਰੀ ਥੋੜਾ ਕਪੱੜਾ ਲੈਂਦਾ ਹੈ ਸੰਜਮ ਨੂੰ ਬੇਕਾਰ ਕਰਨ ਵਾਲੇ ਦੋਸ਼ਾਂ ਤੋਂ ਰਹਿਤ ਹੈ ਲੈਣ ਦੇਣ ਅਤੇ ਸੰਗ੍ਰਹਿ ਤੋਂ ਰਹਿਤ ਹੈ, ਦਰਵ ਤੇ ਭਾਵ ਪੱਖੋਂ ਨਾਲ ਸੰਗਸਾਥ ਦਾ ਤਿਆਗੀ ਹੈ ਉਹ ਹੀ ਸੱਚਾ ਭਿਖਸ਼ੂ ਹੈ। ॥੧੬॥

ਜੋ ਸਾਧੂ ਰਸ ਲੋਲੁਪ ਨਹੀਂ ਹੈ ਰਸ ਵਿੱਚ ਚਿੰਮੜਿਆ ਨਹੀਂ ਹੈ, ਅਨਜਾਨ ਘਰਾਂ ਤੋਂ ਭੋਜਨ ਪ੍ਰਾਪਤ ਕਰਨ ਵਾਲਾ ਹੈ ਅਸੰਜਮੀ ਜੀਵਨ ਦੀ ਇੱਛਾ ਨਹੀਂ ਰੱਖਦਾ। ਚਮਤਕਾਰੀ ਰਿਸ਼ੀ-ਸਿਧੀ ਦੀ ਪੂਜਾ, ਸਤਿਕਾਰ ਦੀ ਇੱਛਾ ਤੋਂ ਰਹਿਤ ਹੈ ਉਹ ਹੀ ਸੱਚਾ ਭਿਕਸ਼ੂ ਹੈ ॥੧੭॥

ਹਰ ਆਤਮਾ ਵਿੱਚ ਪੁੰਨ-ਪਾਪ ਦਾ ਪ੍ਰਗਟ ਅੱਡ-ਅੱਡ ਤਰ੍ਹਾਂ ਨਾਲ ਹੁੰਦਾ ਹੈ” ਅਜਿਹਾ ਜਾਨਕੇ ਕਿਸੇ ਨੂੰ “ਕੁਸ਼ੀਲ, ਦੁਰਾਚਾਰੀਆਂ ਨਾਂ ਆਖੇ। ਜਿਹੜੇ ਬੋਲਾ ਨਾਲ ਦੂਸਰੇ ਨੂੰ ਕਰੋਧ ਉਤਪੰਨ ਹੋਵੇ ਅਜਿਹੇ ਬੋਲ ਨਾਂ ਬੋਲੇ। ਆਪਣੇ ਵਿੱਚ ਭਾਵੇਂ ਕਿਨੇ ਹੀ ਗੁਣ ਹੋਣ, ਤਾਂ ਹੰਕਾਰ ਕਰੇ ਉਹ ਹੀ ਸੱਚਾ ਭਿਕਸ਼ੂ ਹੈ। ॥੧੮॥

ਜੋ ਸਾਧੂ ਜਾਤ ਦਾ, ਰੂਪ ਦਾ, ਲਾਭ ਦਾ, ਸ਼ਰੁਤ (ਸ਼ਾਸਤਰ) ਗਿਆਨ ਦੀ ਹੰਕਾਰ ਨਹੀਂ ਕਰਦਾ ਅਤੇ ਹੰਕਾਰ ਤਿਆਗ ਕਰਕੇ ਧਰਮ ਵਿੱਚ ਲੱਗਾ ਰਹਿੰਦਾ ਹੈ ਉਹ ਸੱਚਾ ਭਿਕਸ਼ੂ ਹੈ। ॥੧੯॥

ਜੋ ਮਹਾਮੁਨੀ ਪਰ ਉਪਕਾਰ ਰਹਿਤ ਆਰਿਆ ਸ਼ੁੱਧ ਧਰਮ ਦਾ ਉਪਦੇਸ਼ ਦਿੰਦੇ ਹਨ ਅਤੇ ਗ੍ਰਹਿਸੰਥ ਆਸ਼ਰਮ ਛੱਡ ਕੇ ਆਰੰਭ ਛੋਟੀ ਹਿੰਸਾ ਆਦਿ ਕੁਸ਼ੀਲਤਾ ਦੀ ਕੋਸ਼ਿਸ, ਹਾਸਾ ਮਜ਼ਾਕ ਨਹੀਂ ਕਰਦਾ, ਉਹ ਹੀ ਸੱਚਾ ਭਿਕਸ਼ੂ ਹੈ। ॥੨੦॥

ਮੋਕਸ਼ ਦੇ ਸਾਧਨ ਭੂਤ, ਸਮਿਅਕ ਦਰਸ਼ਨ ਵਿੱਚ ਸਥਿਤ ਸਾਧੂ, ਗੰਦਗੀ ਨਾਲ ਭਰੇ ਹੋਏ, ਨਾ ਰਹਿਣ ਵਾਲੇ ਸ਼ਰੀਰ ਦਾ ਤਿਆਗ ਕਰਕੇ, ਜਨਮ ਮਰਨ ਦੇ ਬੰਧਨ ਤੋੜ ਕੇ, ਪੁਨਰ ਜਨਮ ਰਹਿਤ ਗਤੀ (ਮੋਕਸ਼) ਨੂੰ ਪ੍ਰਾਪਤ ਕਰਦਾ ਹੈ ਅਜਿਹਾ ਮੈਂ ਆਖਦਾ ਹਾਂ। ॥੨੧॥

# ਦੂਸਰੀ ਚਲਿਕਾ ਵਿਵੱਕਤ ਚਰਿਯ

(ਪਹਿਲੀ ਚੁਲਿਕਾ ਵਿਚ ਸੰਜਮ ਛਡਨ ਦਾ ਵਿਚਾਰ ਤਿਆਗਨ ਦਾ ਉਪਦੇਸ਼ ਦਿੱਤਾ ਗਿਆ ਹੈ ਨਾਲ ਹੀ ਸੰਜਮ ਛੱਡਨ ਦੇ ਕਾਰਣ ਦੱਸੇ ਗਏ ਹਨ ਸੰਜਮ ਛਡਨ ਨਾਲ ਸਾਧੂ ਦਾ ਕਿੰਨਾ ਨੁਕਸਾਨ ਹੁੰਦਾ ਹੈ ? ਦੂਸਰੀ ਚੁਲਿਕਾ ਵਿਚ ਰੋਜਾਨਾ ਦਿਨ ਭਰ ਦੀ ਮੁਨੀ ਜੀਵਨ ਦਾ ਵਰਨਣ ਹੈ)

ਮੈਂ ਉਸ ਚੁਲਿਕਾ ਦਾ ਉਪਦੇਸ਼ ਕਰਦਾ ਜੋ ਚੁਲਿਕਾ ਸ਼ਰੁਤ ਗਿਆਨ ਹੈ ਕੇਵਲ ਗਿਆਨੀ ਪ੍ਰਮਾਤਮਾ ਨੇ ਆਖੀ ਹੈ ਜਿਸ ਨੂੰ ਸੁਣ ਕੇ ਪੁੰਨਵਾਨ ਆਤਮਾ ਦੇ ਮਨ ਵਿੱਚ ਚਰਿੱਤਰ ਧਰਮ ਪ੍ਰਤਿ ਸ਼ਰਧਾ ਉਤਪੰਨ ਹੁੰਦੀ ਹੈ। ॥੧॥

ਭਰੀ ਨਦੀ ਵਿਚ ਤਿਰਦੇ ਕਾਠ ਦੀ ਤਰ੍ਹਾਂ, ਕੁਮਾਰਗ ਦਰਵ, ਕ੍ਰਿਆ ਦੇ ਉਲਟ ਕੰਮ ਕਰਨ ਵਾਲੇ, ਅਨੇਕਾਂ ਲੋਕ ਸੰਸਾਰ ਸਮੁੰਦਰ ਵਿਚ ਘੁੰਮ ਰਹੇ ਹਨ ਪਰ ਜੋ ਮੁਕਤ ਹੋਣ ਦੀ ਇੱਛਾ ਵਾਲੇ ਹਨ, ਜਿਨ੍ਹਾਂ ਪ੍ਰਤਿ ਸਰੋਤ (ਬਹਾਓ) ਵਿਸ਼ੇਸ ਪੂਰਨ ਹੈ ਉਲਟ ਵਾਲੇ ਗਤਿ ਕਰਨ ਵਾਲਾ ਮੰਜਿਲ ਨੂੰ ਪ੍ਰਾਪਤ ਹੋ ਗਿਆ ਹੈ ਜੇ ਵਿਸ਼ੇ ਭੋਗਾਂ ਤੋਂ ਵੱਖ ਹੋ ਕੇ ਸੰਜਮ ਦੀ ਸਾਧਨਾ ਕਰਨਾ ਚਾਹੁੰਦਾ ਹੈ ਉਸ ਨੂੰ ਆਪਣੀ ਆਤਮਾ ਦੇ ਵਿਸ਼ੇ, ਪ੍ਰਵਾਹ ਤੋਂ ਉਲਟ, ਸੰਜਮ ਮਾਰਗ ਨੂੰ ਨਿਸ਼ਾਨਾ ਰੱਖ ਕੇ ਸਾਧਨਾ ਕਰਨੀ ਚਾਹੀਦੀ ਹੈ। ॥੨॥

ਇਹ ਸੰਸਾਰ ਰੂਪੀ ਨਦੀ ਦੇ ਬਹਾਓ ਦੇ ਨਾਲ ਚਲਨ ਦੀ ਤਰ੍ਹਾਂ ਅਤੇ ਸਾਧੂ ਜੀਵ ਦੇ ਬਹਾਓ ਤੋਂ ਉਲਟ ਚਲਨਾ ਹੈ।

ਬਹੁਤ ਕਰਮਾਂ ਵਾਲੇ ਆਮ ਲੋਕਾਂ ਦੀ ਸਧਾਰਣ ਵਿਸ਼ੇ ਭੋਗ ਵੱਲ ਮੁੜਨ ਦੀ ਇੱਛਾ ਸੁਖਕਾਰੀ ਹੈ ਪਰ ਨਦੀ ਪ੍ਰਵਾਹ ਦੇ ਸਾਹਮਣੇ ਤੇਰਨ ਤੋਂ ਉਲਟ ਬਿਲਕੁਲ ਜਿਵੇਂ ਕਾਮ ਭੋਗੀ ਲੋਕਾਂ ਨੂੰ ਇੰਦਰੀਆਂ ਦੇ ਵਿਸ਼ੇ ਤੇ ਕਾਬੂ ਪਾਕੇ ਸਾਧੂ ਜੀਵਨ ਤੇ ਉਲਟ ਚੱਲਨਾ ਕਠਿਨ ਹੈ ਵਿਸ਼ੇ ਵਿੱਚ ਲੱਗੇ ਰਹਿਣ ਨਾਲ ਸੰਸਾਰ ਸਮੁੰਦਰ ਵਿੱਚ ਵਾਧਾ ਹੁੰਦਾ

ਹੈ। ਉਸ ਦਾ ਤਿਆਗ ਕਰ ਪ੍ਰਤਿਸਰੋਤ (ਠੀਕ ਵਹਾ) ਵਲ ਵਧਨ ਕਰਕੇ, ਸੰਸਾਰ ਤੋਂ ਪਾਰ ਪਾਇਆ ਜਾਂਦਾ ਹੈ। ॥੩॥

ਇਸ ਕਾਰਣ ਗਿਆਨ ਆਚਾਰ ਦਾ ਰੂਪ ਵਿੱਚ ਆਚਾਰ ਵਿਚ ਕੋਸ਼ਿਸ਼ ਕਰਨ ਵਾਲਾ ਅਤੇ ਇੰਦਰੀਆਂ ਆਦਿ ਵਿਸ਼ੇ ਤੇ ਸੰਬਰ ਕਰਨ ਵਾਲੇ ਸਭ ਪ੍ਰਕਾਰ ਦੀ ਤੇਜ਼ੀ ਹੋ ਰਹਿਤ ਮੁਨੀ ਨੂੰ ਇਕ ਥਾਂ ਤੇ ਨਾ ਰਹਿਣ ਰੂਪੀ ਨਿਅਮ, ਮੂਲ ਗੁਣ, ਉਤਰ ਗੁਣ, ਰੂਪ ਗੁਣ ਅਤੇ ਪਿੰਡ ਵਿਸੂਧੀ (ਭੋਜਨ ਪਾਣੀ ਦੇ ਨਿਯਮਾਂ ਦੀ ਸੁਪਤਾਂ) ਨਾਲ ਪਾਲਨ ਕਰਨ ਵਿਚ ਸਹਾਇਕ ਕਾਰਣ ਤੇ ਨਜ਼ਰ ਕਰਨੀ ਚਾਹੀਦੀ ਹੈ ਭਾਵ ਇਨ੍ਹਾਂ ਨਿਯਮਾਂ ਨੂੰ ਸਮਝਨਾ ਚਾਹੀਦਾ ਹੈ। ॥੪॥

ਇੱਕ ਥਾਂ ਤੇ ਨਹੀਂ ਰਹਿਨਾ ਜਾਂ ਗ੍ਰਹਿਸਤ ਦੇ ਘਰ ਨਹੀਂ ਰਹਿਨਾ ਅਨੇਕਾਂ ਥਾਵਾਂ ਤੇ ਮੰਗ ਕੇ ਭੋਜਨ ਗ੍ਰਹਿਣ ਕਰਨਾ, ਅਨਜਾਨ ਕੁਲਾਂ ਤੋਂ ਭੋਜਨ ਕਰਨਾ, ਏਕਾਂਤ ਥਾਂ ਤੇ ਰਹਿਣਾ, ਦੋਸ਼ ਰਹਿਤ ਉਪਕਰਨ ਲੈਣਾ, ਥੋੜਾ ਸਮਾਨ ਰੱਖਕੇ, ਕਲੇਸ ਦਾ ਤਿਆਗ ਕਰਨਾ। ਇਸ ਪ੍ਰਕਾਰ ਵੀ ਮੁਨੀਆਂ ਦੀ ਬਿਹਾਰ ਚਰਿਆ ਪ੍ਰਸੰਸਾ ਯੋਗ ਹੈ। ਉਸ ਸਥਿਰਤਾ ਨਾਲ ਆਗਿਆ ਪਾਲਨ ਕਰਦਾ ਹੋਇਆ ਭਾਵ ਚਰਿੱਤਰ ਦੀ ਸਾਧਨਾਂ ਕਾਰਣ ਪਵਿੱਤਰ ਹੁੰਦਾ ਹੈ। ॥੫॥

ਮੁਨੀ ਭੀੜ ਵਾਲੀ ਥਾਂ (ਆਕੀਰਣ) ਅਤੇ ਇੱਥੇ ਭੀੜ ਕਾਰਣ ਭੋਜਨ ਘੱਟ ਹੋਵੇ ਉਨ੍ਹਾ ਸਥਾਨ ਤੇ ਆਦਿ ਵਿਚ ਭੋਜਨ ਪਾਣੀ ਮੰਗਨ ਨਾ ਜਾਵੇ, ਜਿੱਥੇ ਜਾਨ ਨਾਲ ਆਪਣਾਂ ਵੀ ਅਪਮਾਨ ਨਾਂ ਹੋਵੇ ਅਤੇ ਦੂਸਰੇ ਦਾ ਅਪਮਾਨ ਹੋਵੇ। ਸਾਹਮਣੇ ਨਜ਼ਰ ਪੈਦਾ ਭੋਜਨ ਲਵੇ। ਅਚਿਤ ਭੋਜਨ ਆਦਿ ਨਾਲ ਲਿਬੜੇ ਬਰਤਨ, ਕੜਚੀ, ਹਥ ਰਾਹੀਂ ਭੋਜਨ ਲਵੇ ਉਹ ਵੀ ਆਪਣੀ ਜਾਤ ਵਾਲੇ ਭੋਜਨ ਨਾਲ ਲਿਬੜੇ ਬਰਤਨ, ਕੜਛੀ ਹਥ ਆਦਿ ਵਿੱਚੋਂ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰੇ। ॥੬॥

ਮੁਨੀ ਸਦਾ ਲਈ ਸ਼ਰਾਬ, ਮਾਸ ਦਾ ਭੋਜਨ ਤੋਂ ਦੂਰ ਰਹੇ, ਮੱਛੀ ਨਾਂ ਖਾਵੇ, ਵਾਰ-ਵਾਰ ਦੁੱਧ ਆਦਿ ਚਿਕਨੇ ਤੇ ਰਸਦਾਰ ਪਦਾਰਥ ਦਾ ਤਿਆਗ ਕਰੇ, ਵਾਰ-

ਵਾਰ ਕਾਯੋਤਸ਼ਰਗ ਕਰੇ ਅਤੇ ਵਾਚਨਾ ਆਦਿ ਸਵਾਧਿਆਏ ਵਿਚ ਸੇਵਾ ਵਿਚ ਅਤੇ ਸਾਧੂ ਨੂੰ ਆਯੰਵਿਲ ਤਪ ਧਰਮ ਵਿਚ ਵਿਸ਼ੇਸ਼ ਸਾਧਣਾ ਕਰਨੀ ਚਾਹੀਦੀ ਹੈ। ॥੭॥

ਸਫਰ ਕਰਦੇ ਸਮੇਂ ਇਹ ਪ੍ਰਤਿਗੀਆ ਨਾ ਕਰਵਾਵੇ ਕਿ ਸ਼ਾਇਨ (ਸਥਾਨ) ਸੋਯਾ (ਫੱਟਾ) ਨਿਸ਼ਥਾ (ਵਸਤੀ) ਸਵਾਧਿਆਏ ਕਰਨ ਦੀ ਭੂਮੀ ਤੇ ਭੋਜਨ, ਪਾਣੀ ਜਦ ਅਸੀਂ ਦੂਸਰੀ ਵਾਰ ਆਵਾਗੇਂ ਤਾਂ ਸਾਨੂੰ ਦੇਣਾ, ਇਸ ਪ੍ਰਕਾਰ ਦੀ ਪ੍ਰਤਿਗਿਆ ਸਾਧੂ ਨਾ ਕਰਵਾਵੇ। ਸਾਧੂ ਗ੍ਰਾਮ ਨਗਰ, ਕੁਲ, ਦੇਸ਼ ਆਦਿ ਦੀ ਮਮਤਾ ਨਾ ਰੱਖੇ। ਦੁੱਖ ਦਾ ਕਾਰਣ ਮਮਤਾ ਭਾਵ ਹੈ। ॥੮॥

ਸਾਧੂ ਗ੍ਰਹਿਸਥ ਦੀ ਸੇਵਾ ਨਾ ਕਰੇ, ਬਚਨ ਤੋਂ ਨਮਸਕਾਰ ਸ਼ਰੀਰ ਤੇ ਬੰਦਨ, ਪ੍ਰਣਾਮ ਨਾ ਕਰੇ। ਅਜਿਹਾ ਕਰਨ ਨਾਲ ਗ੍ਰਹਿਸਥ ਵਿਚ ਜਾਣਕਾਰੀ ਵਧ ਜਾਣ ਨਾਲ ਸੰਜਮ ਮਾਰਗ ਤੋਂ ਮੁਨੀ ਭ੍ਰਿਸ਼ਟ ਹੋ ਜਾਂਦਾ ਹੈ। ਦੋਹਾਂ ਦਾ ਇਸ ਨਾਲ ਭਲਾ ਨਹੀਂ ਹੁੰਦਾ। ਇਨ੍ਹਾਂ ਕਰਕੇ ਚਰਿੱਤਰ ਦੀ ਹਾਨੀ ਨਾਂ ਹੋਵੇ ਅਜਿਹੇ ਬੁਰੇ, ਕਲੇਸ਼ ਦੇ ਵਿਚਾਰ ਤੋਂ ਸਾਧੂ ਨੂੰ ਦੂਰ ਹੀ ਰਹਿਣਾ ਚਾਹੀਦਾ ਹੈ। ॥੯॥

ਅਪਣੇ ਤੋਂ ਗਿਆਨ ਆਦਿ ਗੁਣਾਂ ਵਿਚ ਜ਼ਿਆਦਾ ਜਾਂ ਆਪਣੇ ਗੁਣਾਂ ਦੀ ਤਰ੍ਹਾਂ ਮੁਨੀ ਨਾਲ ਜਾਂ ਗੁਣਹੀਣ ਹੋਣ ਤੇ ਵੀ ਸੋਨੇ ਤੇ ਚਾਂਦੀ ਦੀ ਤਰ੍ਹਾਂ ਵਿਨੇਵਾਨ ਨਿਪੁੰਨ ਸਹਾਇਕ ਸਾਧੂ ਨਾਂ ਮਿਲੇ ਸ਼ਰੀਰ ਠੀਕ ਹੋਵੇ, ਤਾਂ ਪਾਪ ਦੇ ਕਾਰਣਾਂ ਦਾ ਤਿਆਗ ਕਰਕੇ ਕਾਮ ਭੋਗ ਪ੍ਰਤੀ ਲਗਾਵ ਛੱਡ ਕੇ ਇਕੱਲਾ ਹੀ ਘੁੰਮੇ। ਪਰ ਪਾਖੰਡੀ ਅਤੇ (ਭਰਿਸ਼ਟ) ਮਿੱਤਰਾਂ (ਮੁਨੀਆਂ) ਨਾਲ ਘੁੰਮੇ। ॥੧੦॥

ਮੁਨੀ ਨੇ ਜਿਸ ਥਾਂ ਚਤੁਰਮਾਸ ਕੀਤਾ ਹੈ ਅਤੇ ਬਾਕੀਆਂ ਜਿੱਥੇ ਇਕ ਮਹੀਨੇ ਰਿਹਾ ਹੈ ਉਥੇ ਦੂਸਰਾ ਚਤੁਰਮਾਸ ਅਤੇ ਦੂਸਰਾ ਮਹੀਨਾ ਨਾ ਗੁਜਾਰੇ। ਦੂਸਰਾ, ਤੀਸਰਾ ਚਤੁਰਮਾਸ ਜਾਂ ਮਹੀਨੇ ਦੇ ਨਿਵਾਸ ਤੋਂ ਬਾਅਦ ਉਥੇ ਰਿਹਾ ਜਾ ਸਕਦਾ ਹੈ, ਭਿਖਸ਼ੂ ਉਪਰੋਕਤ ਸੂਤਰਾਂ ਅਨੁਸਾਰ ਘੁੰਮੇ। ਕਿਸੇ ਕਾਰਣ ਮਿਥੀ ਸੀਮਾ ਤੋਂ ਬਾਹਰ

ਰਹਿਣਾ ਪਵੇ ਤਾਂ ਵੀ ਗੁਰੂ ਦੀ ਆਗਿਆ ਦਾ ਪਾਲਨ ਕਰੇ। ਕਮਰੇ ਦਾ ਕੋਨਾ ਬਦਲ ਕੇ ਵੀ ਆਗਿਆ ਦਾ ਪਾਲਨ ਕਰੇ। ॥੧੧॥

ਸਾਧੂ ਰਾਤ ਦੇ ਪਹਿਲੇ ਪਹਿਰ ਅਤੇ ਆਖਰੀ ਪਹਿਰ ਵਿਚ ਆਪਣੀ ਆਤਮਾ ਰਾਹੀਂ ਆਤਮਾ ਦੀ ਆਲੋਚਨਾ ਕਰੇ, "ਵਿਚਾਰ ਕਰੇ ਮੈਂ ਕਿ ਕੀਤਾ ਹੈ? ਮੇਰੇ ਕਰਨ ਯੋਗ ਕੰਮ ਕਿਹੜੇ ਪ੍ਰਮਾਦ ਕਾਰਣ ਨਹੀਂ ਹੋ ਸਕਿਆ? ਇਸ ਪ੍ਰਕਾਰ ਗਹਿਰਾਈ ਨਾਲ ਸੋਚੇ ਵਿਚਾਰੇ। ਉਸ ਅਨੁਸਾਰ ਸ਼ਕਤੀ ਨੂੰ ਨਾ ਛਿਪਾਏ ਬਿਨਾ, ਧਰਮ ਪਾਲਨ ਕਰੇ। ॥੧੨-੧੩॥

ਕਿ ਮੇਰੇ ਰਾਹੀਂ ਹੋ ਰਹੀ ਕ੍ਰਿਆ ਦੀ ਸਖਲਨਾ (ਉਲੰਘਨ) ਨੂੰ ਸਵਪੱਖੀ (ਸਾਧੂ) ਗ੍ਰਹਿਸਥੀ ਵੇਖਦੇ ਹਨ ?

ਜਾਂ ਚਰਿੱਤਰ ਦੀ ਸੰਖਲਨਾ ਨੂੰ ਮੈਂ ਖੁਦ ਵੇਖਦਾ ਹਾਂ ? (ਮੈਂ ਭਲਾ ਕਿਉਂ ਵੇਖਦਾ ਹਾਂ ਚਰਿੱਤਰ ਦੀ ਸੰਖਲਨਾ ਨੂੰ ਵੇਖਦੇ ਹੋਏ ਜਾਨਦੇ ਹੋਏ ਸੰਖਲਨਾ ਦਾ ਤਿਆਗ ਨਾ ਕਰੇ? ਇਸ ਪ੍ਰਕਾਰ ਜੋ ਸਾਧੂ ਭਲੀ ਪ੍ਰਕਾਰ ਵਿਚਾਰ ਕਰਦਾ ਹੈ ਉਹ ਸਾਧੂ ਭਵਿੱਖ ਵਿਚ ਅਸੰਜਮ ਦਾ ਪਾਲਨ ਨਹੀਂ ਕਰਦਾ। ॥੧੪॥

ਇੰਦਰੀ ਜੇਤੂ, ਸੰਜਮ ਵਿਚ ਲਗਾ ਸਤਿ ਪੁਰਸ਼ ਅਜਿਹੇ ਸਾਧੂਆਂ ਦੇ ਭਲਾ ਸੋਚ ਕੇ, ਵੇਖਣ ਵਿਚ ਲੱਗੇ ਹਨ ਮਨ ਬਚਨ ਤੇ ਕਾਇਆ ਦੇ ਯੋਗ ਵਿਚ ਲਗਾਤਾਰ ਲੱਗਾ ਰਹਿੰਦਾ ਹੈ। ਅਜਿਹੇ ਮੁਨੀ ਭਗਵਾਨ ਨੂੰ ਸੰਸਾਰ ਵਿਚ ਪ੍ਰਤਿਬੁੱਧ ਜੀਵੀ ਆਖਿਆ ਜਾਂਦਾ ਹੈ ਅਜਿਹੇ ਗੁਣਾਂ ਵਾਲਾ ਸਾਧੂ ਵਿਚਾਰਣ ਹੋਣ ਕਾਰਣ ਸੰਜਮੀ ਵੀ ਹੁੰਦਾ ਹੈ। ॥੧੫॥

ਜਦ-ਜਦ ਕਦੇ ਵੀ ਮਨ ਬਚਨ ਤੇ ਕਾਇਆ ਦੀ ਦੁਸ਼ ਪ੍ਰਵਿਰਤੀ ਵਿਖਾਈ ਦੇਵੇ, ਉਥੇ ਸਮਝਦਾਰ ਸਾਧੂ ਸੰਭਲ ਜਾਵੇ, ਜਾਗ ਕੇ ਭੁੱਲ ਦਾ ਸੁਧਾਰ ਕਰੇ । ਜਿਵੇਂ ਚੰਗੀ ਨਸਲ ਦਾ ਘੋੜ ਲਗਾਮ ਨੂੰ ਖਿੱਚਣ ਤੇ ਆਵੇ ਠੀਕ ਰਾਹ ਤੇ ਆ ਜਾਂਦਾ ਹੈ,

ਸੰਭਲ ਜਾਂਦਾ ਹੈ । ਸਾਧੂ ਦੁਸ਼ਨ ਵਰਿਤੀ ਨੂੰ ਛੱਡ ਕੇ ਠੀਕ ਮੁਨੀ ਧਰਮ ਦਾ ਪਾਲਨ ਕਰੇ।

(ਸੂਤਰ ਕਾਰ ਆਖਦੇ ਹਨ ਸਾਰੇ ਇੰਦਰੀਆਂ ਕੇ ਵਿਸ਼ੈ ਵਿਉਪਾਰ ਤੋਂ ਛੁਟਕਾਰ ਪਾ ਕੇ ਪਰਲੋਕ ਦੇ ਬੁਰੇ ਕਸ਼ਟਾਂ ਨੂੰ ਵਿਚਾਰ ਕੇ ਆਪਣੀ ਆਤਮਾ ਦੀ ਰੱਖਿਆ ਕਰਨੀ ਚਾਹੀਦੀ ਹੈ। ਜੇ ਤੁਸੀਂ ਇੰਦਰੀਆਂ ਦੇ ਵਿਸ਼ੇ ਵਿਕਾਰਾਂ ਦੇ ਵਿਸ਼ੇ ਪ੍ਰਤਿ ਆਤਮਾ ਦੀ ਰੱਖਿਆ ਨਹੀਂ ਕਰੋਗੇ ਤਾਂ ਭਿੰਨ-ਭਿੰਨ ਜੂਨਾ ਵਿਚ ਜਨਮ ਮਰਨ ਵਿੱਚ ਸੰਸਾਰ ਵਿਚ ਘੁੰਮੋਗੇ। ਜੋ ਅਪ੍ਰਮਾਦ (ਪ੍ਰਮਾਦ ਰਹਿਤ) ਹੋ ਕੇ ਆਤਮਾ ਦੀ ਰੱਖਿਆ ਕਰੋਗੇ ਤਾਂ ਸਰੀਰਕ ਮਾਨਸਿਕ ਸਭ ਦੁਖਾ ਤੋਂ, ਦੁਖ ਨਾ ਤੋਂ ਮੁਕਤ ਹੋ ਜਾਵੋਗੇ)

ਅਜਿਹਾ ਮੈਂ ਆਖਦਾ ਹਾਂ। ॥੧੬॥